@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 1 June 2026

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 1 ਜੂਨ 2026, 18 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 207, qpatrika@gmail.com ਫੋਨ : 9971359517 www.qaumipatrika.org

## ਰੁਕੀ ਨਹੀਂ ਭਾਰਤ-ਪਾਕਿ ਜੰਗ ! ਸਿਰਫ ਜੰਗਬੰਦੀ ਹੋਈ, ਫੌਜ ਮੁਖੀ ਬੋਲੇ-ਅਲਰਟ ’ਤੇ ਹਨ ਤਿੰਨੇ ਫੌਜਾਂ

ਨੈਸ਼ਨਲ ਡੈਸਕ 31 ਮਈ। ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਭਾਰਤੀ ਹਥਿਆਰਬੰਦ ਬਲ ‘ਆਪ੍ਰੇਸ਼ਨ ਸਿੰਦੂਰ 2.0’ ਲਈ ਪੂਰੀ ਤਰ੍ਹਾਂ ਤਿਆਰ ਹਨ। ਰਾਸ਼ਟਰੀ ਰੱਖਿਆ ਅਕੈਡਮੀ (©41) ਦੇ 150ਵੇਂ ਕੋਰਸ ਦੀ ਪਾਸਿੰਗ ਆਊਟ ਪਰੇਡ ਦੇ ਮੌਕੇ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਤਿੰਨੋਂ ਸੈਨਾਵਾਂ ਆਧੁਨਿਕ ਬਹੁ-ਪੱਖੀ ਜੰਗ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਪਣੇ ਆਪਸੀ ਤਾਲਮੇਲ ਨੂੰ ਮਜ਼ਬੂਤ ਕਰ ਰਹੀਆਂ ਹਨ। ਜਨਰਲ ਦਿਵੇਦੀ ਨੇ ਦੱਸਿਆ ਕਿ ਫਿਲਹਾਲ ਦੁਸ਼ਮਣੀ ਵਿੱਚ ਇੱਕ ਅਸਥਾਈ ਰੋਕ ਹੈ ਪਰ ਜੇਕਰ ਅਗਲਾ ਪੜਾਅ ਸ਼ੁਰੂ ਹੁੰਦਾ ਹੈ, ਤਾਂ ਤਿੰਨੋਂ ਸੈਨਾਵਾਂ ਉਸ ਨਾਲ ਨਜਿੱਠਣ ਲਈ ਪੂਰੀ ਤਿਆਰੀ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਭਾਰਤ ਨੇ ਅਪ੍ਰੈਲ 2025 ਵਿੱਚ ਹੋਏ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਮਈ 2025 ਵਿੱਚ ਪਾਕਿਸਤਾਨ ਸਥਿਤ ਅੱਤਵਾਦੀ ਢਾਂਚੇ ਨੂੰ ਨਸ਼ਟ ਕਰਨ ਲਈ ‘ਆਪ੍ਰੇਸ਼ਨ ਸਿੰਦੂਰ’ ਸ਼ੁਰੂ ਕੀਤਾ ਸੀ। ਸੈਨਾ ਮੁਖੀ ਅਨੁਸਾਰ, ਭਵਿੱਖ ਦੀਆਂ ਜੰਗਾਂ ਵਿੱਚ ਹੁਣ ਸਿਰਫ਼ ਥਲ, ਜਲ ਅਤੇ ਵਾਯੂ ਹੀ ਨਹੀਂ, ਸਗੋਂ ਪੁਲਾੜ, ਸਾਈਬਰ ਅਤੇ ਬੌਧਿਕ ਯੁੱਧ ਵਰਗੇ ਉਭਰਦੇ ਖੇਤਰਾਂ ਦਾ ਪ੍ਰਭਾਵ ਵਧੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਜੰਗੀ ਮੈਦਾਨ ਬਹੁਤ ਪਾਰਦਰਸ਼ੀ ਹੋ ਚੁੱਕਾ ਹੈ ਅਤੇ ਹਰ ਗਤੀਵਿਧੀ ’ਤੇ 24 ਘੰਟੇ ਨਿਗਰਾਨੀ ਰੱਖੀ ਜਾ ਸਕਦੀ ਹੈ। ਇਸ ਸਥਿਤੀ ਵਿੱਚ ਸੈਨਿਕਾਂ ਦੀ ਤਾਇਨਾਤੀ ਅਤੇ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਫੌਜੀ ਯੋਜਨਾਕਾਰਾਂ ਨੂੰ ਬਹੁਤ ਸਾਵਧਾਨ ਰਹਿਣਾ ਹੋਵੇਗਾ।

# ‘ਮਨ ਕੀ ਬਾਤ’ ਪ੍ਰੋਗਰਾਮ ’ਚ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਦੇਸ਼ ਦੇ ਸਭ ਤੋਂ ਤੇਜ਼ ਦੌੜਾਕ ਗੁਰਿੰਦਰਵੀਰ ਸਿੰਘ ਦੀ ਸ਼ਲਾਘਾ

ਕੌਮੀ ਪਤ੍ਰਿਕਾ
**ਸਿਮੀ ਕੌਰ ਬੱਬਰ**

ਨਵੀਂ ਦਿੱਲੀ 31 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਦੇ 134ਵੇਂ ਐਪੀਸੋਡ ਰਾਹੀਂ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਪੀ.ਐੱਮ. ਮੋਦੀ ਨੇ ਖੇਡ ਜਗਤ ’ਚ ਭਾਰਤੀ ਅਥਲੀਟਾਂ ਦੀਆਂ ਤਾਜ਼ਾ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਰਾਂਚੀ ’ਚ ਹੋਈ ‘29ਵੀਂ ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਕੰਪੀਟੀਸ਼ਨ 2026’ ਦੌਰਾਨ ਦੋ ਦਿਨਾਂ ’ਚ ਤਿੰਨ ਵਾਰ 100 ਮੀਟਰ ਦੌੜ ਦਾ ਰਾਸ਼ਟਰੀ ਰਿਕਾਰਡ ਟੁੱਟਿਆ ਹੈ। ਪ੍ਰਧਾਨ ਮੰਤਰੀ ਨੇ ਭਾਰਤੀ ਜਲ ਸੈਨਾ ’ਚ ਤਾਇਨਾਤ ਅਥਲੀਟ ਗੁਰਿੰਦਰਵੀਰ ਸਿੰਘ ਨਾਲ ਗੱਲਬਾਤ ਕੀਤੀ, ਜਿਸ ਨੇ 100 ਮੀਟਰ ਦੀ ਦੌੜ ਮਹਿਜ਼ 10.09 ਸੈਕਿੰਡ ’ਚ ਪੂਰੀ ਕਰਕੇ ਨਵਾਂ ਰਾਸ਼ਟਰੀ ਰਿਕਾਰਡ ਕਾਇਮ ਕੀਤਾ ਹੈ। ਗੁਰਿੰਦਰਵੀਰ ਅਜਿਹਾ ਪਹਿਲਾ ਭਾਰਤੀ ਬਣ ਗਿਆ ਹੈ ਜਿਸ ਨੇ 10.10 ਸੈਕਿੰਡ ਦੇ ਬੈਰੀਅਰ ਨੂੰ ਪਾਰ ਕੀਤਾ ਹੈ। ਪੀ.ਐੱਮ. ਮੋਦੀ ਨੇ ਗੁਰਿੰਦਰਵੀਰ ਅਤੇ ਅਨੀਮੇਸ਼ ਕੁਜੂਰ ਵਿਚਕਾਰ ਸਿਹਤਮੰਦ ਮੁਕਾਬਲੇ ਅਤੇ ਦੋਸਤੀ ਦੀ ਵੀ ਸ਼ਲਾਘਾ ਕੀਤੀ। ਗੁਰਿੰਦਰਵੀਰ ਨੇ ਪ੍ਰਧਾਨ ਮੰਤਰੀ ਨਾਲ ਆਪਣੀ ਨਿੱਜੀ ਜ਼ਿੰਦਗੀ ਦੇ ਪਲ ਸਾਂਝੇ ਕਰਦਿਆਂ ਦੱਸਿਆ ਕਿ ਬਚਪਨ ’ਚ ਜਦੋਂ ਉਸ ਦੀ ਮਾਂ ਉਸ ਨੂੰ ਟੀਵੀ ਦੇਖਣ ਤੋਂ ਰੋਕਦੀ ਸੀ ਅਤੇ ਪੜ੍ਹਾਈ ’ਤੇ ਧਿਆਨ ਦੇਣ ਲਈ ਕਹਿੰਦੀ ਸੀ, ਤਾਂ ਉਹ ਕਹਿੰਦਾ ਹੁੰਦਾ ਸੀ ਕਿ ਇਕ ਦਿਨ ਤੁਸੀਂ ਮੈਨੂੰ ਖੁਦ ਟੀਵੀ ’ਤੇ ਦੇਖੋਗੇ। ਅਥਲੀਟ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਜਦੋਂ ਉਸ ਦੇ ਮਾਪੇ ਉਸ ਨੂੰ ਟੀਵੀ ’ਤੇ ਦੇਖਦੇ ਹਨ ਤਾਂ ਉਸ ਨੂੰ ਬਹੁਤ ਖੁਸ਼ੀ ਮਿਲਦੀ ਹੈ। ਪ੍ਰਧਾਨ ਮੰਤਰੀ ਦੇ ਇਸ 134ਵੇਂ ਸੰਬੋਧਨ ਨੂੰ ਸੁਣਨ ਲਈ ਦੇਸ਼ ਭਰ ਦੇ ਮੁੱਖ ਮੰਤਰੀਆਂ ਅਤੇ ਕੇਂਦਰੀ ਮੰਤਰੀਆਂ ’ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਦਿੱਲੀ ’ਚ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਭਾਜਪਾ ਪ੍ਰਧਾਨ ਹਰਸ਼ ਮਲਹੋਤਰਾ ਨੇ ਪ੍ਰੋਗਰਾਮ ਸੁਣਿਆ, ਜਦਕਿ ਉਤਰਾਖੰਡ ਦੇ ਸੀ.ਐੱਮ. ਪੁਸ਼ਕਰ ਸਿੰਘ ਧਾਮੀ, ਬਿਹਾਰ ਦੇ ਮੰਤਰੀ ਵਿਜੇ ਸਿਨਹਾ ਅਤੇ ਤਾਮਿਲਨਾਡੂ ਤੋਂ ਕੇਂਦਰੀ ਮੰਤਰੀ ਐੱਲ. ਮੁਰੂਗਨ ਸਮੇਤ ਕਈ ਵੱਡੇ ਆਗੂਆਂ ਨੇ ਇਸ ਪ੍ਰਸਾਰਣ ਰਾਹੀਂ ਪੀ.ਐੱਮ. ਦੇ ਸੰਦੇਸ਼ ਨੂੰ ਸੁਣਿਆ।



## ਕੇਰਲਮ ਵਿਧਾਨ ਸਭਾ ’ਚ ਪ੍ਰੋਟੋਕੋਲ ਦੀ ਉਲੰਘਣਾ ! ‘ਵੰਦੇ ਮਾਤਰਮ’ ਨਾ ਚੱਲਣ ’ਤੇ ਰਾਜਪਾਲ ਨਾਰਾਜ਼

ਤਿਰੂਵਨੰਤਪੁਰਮ 31 ਮਈ। ਕੇਰਲਮ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ (ਯੂ. ਡੀ. ਐੱਫ.) ਦੀ ਸਰਕਾਰ ਦੇ ਨੀਤੀਗਤ ਭਾਸ਼ਣ ਲਈ ਸ਼ੁੱਕਰਵਾਰ ਵਿਧਾਨ ਸਭਾ ’ਚ ਆਪਣੇ ਮੌਜੂਦ ਹੋਣ ਦੌਰਾਨ ‘ਵੰਦੇ ਮਾਤਰਮ’ ਦਾ ਪੂਰਾ ਗਾਇਨ ਨਾ ਹੋਣ ’ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਰਾਜਪਾਲ ਅਜਿਹੇ ਸਮਾਗਮਾਂ ’ਚ ਸ਼ਾਮਲ ਹੁੰਦੇ ਹਨ ਤਾਂ ਢੁੱਕਵੇਂ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਕੇਰਲਮ ਵਿਧਾਨ ਸਭਾ ’ਚ ਰਾਜਪਾਲ ਦੇ ਨੀਤੀਗਤ ਭਾਸ਼ਣ ਤੋਂ ਪਹਿਲਾਂ ਤੇ ਬਾਅਦ ’ਚ ਇਕ ਬੈਂਡ ਨੇ ‘ਵੰਦੇ ਮਾਤਰਮ’ ਦਾ ਸ਼ੁਰੂਆਤੀ ‘ਅੰਤਰਾ’ ਪੇਸ਼ ਕੀਤਾ। ਵਿਧਾਨ ਸਭਾ ’ਚੋਂ ਵਾਪਸ ਆਉਣ ਪਿੱਛੋਂ ‘ਲੋਕ ਭਵਨ’ ’ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਨੇ ਕਿਹਾ ਕਿ ਇਹ ਪਹਿਲਾਂ ਹੀ ਫੈਸਲਾ ਕੀਤਾ ਜਾ ਚੁੱਕਾ ਹੈ ਕਿ ਜਦੋਂ ਵੀ ਰਾਜਪਾਲ ਹਾਊਸ ’ਚ ਮੌਜੂਦ ਹੋਣ ਤਾਂ ‘ਵੰਦੇ ਮਾਤਰਮ’ ਦਾ ਪੂਰਾ ਗਾਇਨ ਕੀਤਾ ਜਾਣਾ ਚਾਹੀਦਾ ਹੈ। ਇਸ ਵਾਰ ਇਹ ਗੀਤ ਵਿਧਾਨ ਸਭਾ ’ਚ ਸਿਰਫ ਵਜਾਇਆ ਗਿਆ, ਗਾਇਆ ਨਹੀਂ ਗਿਆ। ਅਰਲੇਕਰ ਨੇ ਕਿਹਾ ਕਿ ਉਨ੍ਹਾਂ ਇਸ ਮੁੱਦੇ ਬਾਰੇ ਵਿਧਾਨ ਸਭਾ ਦੇ ਸਪੀਕਰ ਤਿਰੂਵਨਚੂਰ ਰਾਧਾਕ੍ਰਿਸ਼ਨਨ ਨਾਲ ਗੱਲ ਕੀਤੀ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਦਾ ਹੱਲ ਹੋ ਜਾਵੇਗਾ। ਹਾਲਾਂਕਿ ਕੇਰਲਮ ਦੇ ਮੁੱਖ ਮੰਤਰੀ ਵੀ. ਡੀ. ਸਤੀਸਨ ਨੇ ਕਿਹਾ ਹੈ ਕਿ ਪੂਰਾ ਰਾਸ਼ਟਰੀ ਗੀਤ ‘ਵੰਦੇ ਮਾਤਰਮ’ ਗਾਉਣਾ ਲਾਜ਼ਮੀ ਨਹੀਂ ਹੈ, ਕਿਉਂਕਿ ਸੰਸਦ ਨੇ ਇਸ ਸਬੰਧੀ ਕੋਈ ਕਾਨੂੰਨ ਪਾਸ ਨਹੀਂ ਕੀਤਾ। ਸੰਸਦ ਵੱਲੋਂ ਸਿਰਫ਼ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

## ਸੜਕਾਂ ’ਤੇ ਨਮਾਜ਼ ਗਲਤ ਹੈ ਤਾਂ ਸਾਰੇ ਧਰਮਾਂ ਦੇ ਪ੍ਰੋਗਰਾਮ ਵੀ ਹੋਣ ਬੰਦ: ਓਵੈਸੀ



ਹੈਦਰਾਬਾਦ 31 ਮਈ। ਆਲ ਇੰਡੀਆ ਮਜਲਿਸ-ਏ-ਇੱਤੇਹਾਦੁਲ ਮੁਸਲਮੀਨ ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਧਾਰਮਿਕ ਆਯੋਜਨਾਂ ਅਤੇ ਜਨਤਕ ਸਥਾਨਾਂ ਦੀ ਵਰਤੋਂ ਨੂੰ ਲੈ ਕੇ ਇੱਕ ਵਿਵਾਦਤ ਬਿਆਨ ਦਿੱਤਾ ਹੈ। ਹੈਦਰਾਬਾਦ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਗੱਲਬਾਤ ਕਰਦਿਆਂ ਓਵੈਸੀ ਨੇ ਕਿਹਾ ਕਿ ਜੇਕਰ ਸੜਕਾਂ ’ਤੇ ਨਮਾਜ਼ ਅਦਾ ਕਰਨਾ ਨਾਮਨਜ਼ੂਰ ਹੈ, ਤਾਂ ਸੜਕਾਂ ’ਤੇ ਹੋਣ ਵਾਲੇ ਹਰ ਧਰਮ ਨਾਲ ਜੁੜੇ ਆਯੋਜਨਾਂ ਲਈ ਵੀ ਇਹੀ ਮਾਪਦੰਡ ਅਪਣਾਇਆ ਜਾਣਾ ਚਾਹੀਦਾ ਹੈ। ਓਵੈਸੀ ਨੇ ਦੋਸ਼ ਲਾਇਆ ਕਿ ਦੇਸ਼ ਵਿੱਚ ਮੁਸਲਮਾਨਾਂ ਨੂੰ ਹਾਸ਼ੀਏ ’ਤੇ ਧੱਕਣ ਅਤੇ ਉਨ੍ਹਾਂ ਨੂੰ ‘ਦੂਜੇ ਦਰਜੇ ਦਾ ਨਾਗਰਿਕ’ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ ਕਿਸੇ ਤਿਉਹਾਰ ਮੌਕੇ ਮੀਟ ਦੀਆਂ ਦੁਕਾਨਾਂ ਬੰਦ ਕਰਵਾਈਆਂ ਜਾ ਸਕਦੀਆਂ ਹਨ, ਤਾਂ ਰਮਜ਼ਾਨ ਦੇ ਪੂਰੇ 30 ਦਿਨਾਂ ਦੌਰਾਨ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਕਿਉਂ ਨਹੀਂ ਬੰਦ ਕੀਤੀਆਂ ਜਾਂਦੀਆਂ? ਉਨ੍ਹਾਂ ਦਾਅਵਾ ਕੀਤਾ ਕਿ ਸੜਕਾਂ ’ਤੇ ਨਮਾਜ਼ ਅਦਾ ਕਰਨ ਵਿੱਚ ਬਹੁਤ ਘੱਟ ਸਮਾਂ ਲੱਗਦਾ ਹੈ ਅਤੇ ਭਾਰਤ ’ਤੇ ਮੁਸਲਮਾਨਾਂ ਦਾ ਵੀ ਬਰਾਬਰ ਦਾ ਹੱਕ ਹੈ। ਗਲੋਬਲ ਹਾਲਾਤਾਂ ’ਤੇ ਟਿੱਪਣੀ ਕਰਦਿਆਂ ਓਵੈਸੀ ਨੇ ਕਿਹਾ ਕਿ ਹਰਮੁਜ਼ ਜਲਡਮਰੂ ਵਿੱਚ ਆ ਰਹੀਆਂ ਰੁਕਾਵਟਾਂ ਕਾਰਨ ਤੇਲ ਦੀਆਂ ਕੀਮਤਾਂ ਪ੍ਰਭਾਵਿਤ ਹੋ ਰਹੀਆਂ ਹਨ। ਉਨ੍ਹਾਂ ਨੇ ਰੂਸ ਤੋਂ ਸਸਤੇ ਤੇਲ ਦੇ ਆਯਾਤ ਦੌਰਾਨ ਭਾਰਤੀ ਕੰਪਨੀਆਂ ਨੂੰ ਹੋਏ ਮੁਨਾਫੇ ’ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਮੁਸਲਮਾਨ ਆਪਣੇ ਮੁੱਦਿਆਂ ਲਈ ਲੋਕਤੰਤਰੀ ਤਰੀਕੇ ਨਾਲ ਲੜਾਈ ਜਾਰੀ ਰੱਖਣਗੇ।

## ਪੈਟਰੋਲ-ਦੁੱਧ ਤੋਂ ਬਾਅਦ ਹੁਣ ਮਹਿੰਗੀ ਹੋਈ ਬਿਜਲੀ !

ਨੈਸ਼ਨਲ ਡੈਸਕ 31 ਮਈ। ਉੱਤਰ ਪ੍ਰਦੇਸ਼ ਦੇ ਬਿਜਲੀ ਉਪਭੋਗਤਾਵਾਂ ਲਈ ਇੱਕ ਬੁਰੀ ਖ਼ਬਰ ਹੈ। ਉੱਤਰ ਪ੍ਰਦੇਸ਼ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਬਿਜਲੀ ਬਿੱਲਾਂ ਵਿੱਚ ਫਿਊਲ ਸਰਚਾਰਜ ਵਧਾਉਣ ਦਾ ਫੈਸਲਾ ਕੀਤਾ ਹੈ, ਜਿਸ ਦੇ ਤਹਿਤ ਜੂਨ 2026 ਤੋਂ ਉਪਭੋਗਤਾਵਾਂ ਦੇ ਬਿੱਲਾਂ ਵਿੱਚ ਔਸਤਨ 10 ਫੀਸਦੀ ਦਾ ਵਾਧਾ ਦੇਖਣ ਨੂੰ ਮਿਲੇਗਾ। UPPCL ਦੇ ਚੀਫ ਇੰਜੀਨੀਅਰ ਪੰਕਜ ਸਕਸੈਨਾ ਵੱਲੋਂ ਜਾਰੀ ਪੱਤਰ ਅਨੁਸਾਰ, ਇਹ ਫੈਸਲਾ ‘ਉੱਤਰ ਪ੍ਰਦੇਸ਼ ਬਿਜਲੀ ਰੈਗੂਲੇਟਰੀ ਕਮਿਸ਼ਨ ਨਿਯਮਾਵਲੀ, 2025’ ਦੇ ਤਹਿਤ ਲਿਆ ਗਿਆ ਹੈ। ਵਿਭਾਗ ਦਾ ਕਹਿਣਾ ਹੈ ਕਿ ਬਿਜਲੀ ਉਤਪਾਦਨ ਵਿੱਚ ਵਰਤੇ ਜਾਣ ਵਾਲੇ ਕੋਲੇ ਅਤੇ ਹੋਰ ਸਾਧਨਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਕਾਰਨ ਉਤਪਾਦਨ ਲਾਗਤ ਵਧ ਗਈ ਹੈ, ਜਿਸ ਦੀ ਭਰਪਾਈ ਲਈ ਇਹ ਵਾਧੂ ਚਾਰਜ ਲਗਾਇਆ ਜਾ ਰਿਹਾ ਹੈ। ਇਹ ਵਾਧਾ ਅਜਿਹੇ ਸਮੇਂ ਹੋਇਆ ਹੈ ਜਦੋਂ ਸੂਬੇ ਵਿੱਚ ਪਹਿਲਾਂ ਹੀ ਪੈਟਰੋਲ ਦੀਆਂ ਕੀਮਤਾਂ ਵਿੱਚ ਲਗਭਗ 3.25 ਰੁਪਏ ਪ੍ਰਤੀ ਲੀਟਰ ਅਤੇ ਦੁੱਧ ਦੀਆਂ ਕੀਮਤਾਂ ਵਿੱਚ 2 ਰੁਪਏ ਪ੍ਰਤੀ ਲੀਟਰ ਤੱਕ ਦਾ ਵਾਧਾ ਹੋ ਚੁੱਕਾ ਹੈ। ਬਿਜਲੀ ਦੀਆਂ ਵਧੀਆਂ ਦਰਾਂ ਦਾ ਸਭ ਤੋਂ ਵੱਡਾ ਅਸਰ ਮੱਧ ਵਰਗ, ਛੋਟੇ ਦੁਕਾਨਦਾਰਾਂ ਅਤੇ ਉਦਯੋਗਾਂ ’ਤੇ ਪਵੇਗਾ। ਇੱਕ ਪਾਸੇ ਬਿਜਲੀ ਮਹਿੰਗੀ ਕੀਤੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਸੂਬੇ ਦੇ ਕਈ ਹਿੱਸੇ ਭਾਰੀ ਬਿਜਲੀ ਕਟੌਤੀ ਨਾਲ ਜੂਝ ਰਹੇ ਹਨ।

# ਜਨਗਣਨਾ ਡਿਊਟੀ ਤੋਂ ਮਨ੍ਹਾ ਕਰਨ ’ਤੇ 3 ਅਧਿਆਪਕਾਂ ਵਿਰੁੱਧ ਮਾਮਲਾ ਦਰਜ ਦਰਜ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 31 ਮਈ। ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਦੌਂਡ ਤਾਲੁਕਾ ਵਿੱਚ ਰਾਸ਼ਟਰੀ ਜਨਗਣਨਾ 2027 ਦੀ ਡਿਊਟੀ ਕਰਨ ਤੋਂ ਕਥਿਤ ਤੌਰ ’ਤੇ ਇਨਕਾਰ ਕਰਨ ਤੇ ਗੈਰ-ਹਾਜ਼ਰ ਰਹਿਣ ਦੇ ਦੋਸ਼ ਵਿੱਚ ਤਿੰਨ ਅਧਿਆਪਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਮੁਤਾਬਕ ਪ੍ਰਸ਼ਾਸਨ ਨੇ ਇਨ੍ਹਾਂ ਅਧਿਆਪਕਾਂ ਨੂੰ ਵਾਰ-ਵਾਰ ਸੂਚਨਾ ਦਿੱਤੀ ਸੀ, ਪਰ ਫਿਰ ਵੀ ਉਨ੍ਹਾਂ ਨੇ ਸਰਕਾਰੀ ਕੰਮ ਨੂੰ ਅੰਜ਼ਾਮ ਨਹੀਂ ਦਿੱਤਾ। ਮੁਲਜ਼ਮਾਂ ਦੀ ਪਛਾਣ ਰਾਮਦਾਸ ਸਾਹੇਬਰਾਓ ਬਾਰਵਕਰ, ਸੁਵਰਨਾ ਕਾਨੀਫਨਾਥ ਖਲਾਡਕਰ ਅਤੇ ਸੀਮਾ ਸੁਭਾਸ਼ ਸਾਬਲੇ ਵਜੋਂ ਹੋਈ ਹੈ। ਇਹ ਸ਼ਿਕਾਇਤ ਪਰਗਾਂਵ ਦੇ ਸਰਕਲ ਅਧਿਕਾਰੀ ਸ਼੍ਰੀਕ੍ਰਿਸ਼ਨ ਬਾਬਾਸਾਹੇਬ ਸ਼ਿਰਸਾਟ ਵੱਲੋਂ ਯਵਤ ਪੁਲਸ ਸਟੇਸ਼ਨ ਵਿੱਚ ਦਰਜ ਕਰਵਾਈ ਗਈ ਹੈ। ਸ਼ਿਕਾਇਤ ਦੇ ਅਨੁਸਾਰ, ਇਹ ਅਧਿਆਪਕ ਜ਼ਿਲ੍ਹਾ ਪ੍ਰੀਸ਼ਦ ਦੇ ਵੱਖ-ਵੱਖ ਪ੍ਰਾਇਮਰੀ ਸਕੂਲਾਂ ਵਿੱਚ ਤਾਇਨਾਤ ਹਨ ਅਤੇ ਉਨ੍ਹਾਂ ਨੂੰ ਕਾਨੂੰਨੀ ਤੌਰ ’ਤੇ ਗਲਾਡਵਾੜੀ ਖੇਤਰ ਵਿੱਚ ਪ੍ਰਗਣਕ ਵਜੋਂ ਨਿਯੁਕਤ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਵਟਸਐਪ ਸੰਦੇਸ਼ਾਂ ਰਾਹੀਂ ਕਈ ਵਾਰ ਯਾਦ ਦਿਵਾਇਆ ਗਿਆ ਸੀ, ਪਰ ਉਨ੍ਹਾਂ ਨੇ ਜਾਣਬੁੱਝ ਕੇ ਡਿਊਟੀ ’ਤੇ ਰਿਪੋਰਟ ਨਹੀਂ ਕੀਤੀ। ਪ੍ਰਸ਼ਾਸਨ ਨੇ ਇਸ ਨੂੰ ਗੰਭੀਰ ਲਾਪਰਵਾਹੀ ਅਤੇ ਡਿਊਟੀ ਵਿੱਚ ਕੋਤਾਹੀ ਮੰਨਿਆ ਹੈ। ਪੁਲਸ ਨੇ ਇਨ੍ਹਾਂ ਵਿਰੁੱਧ ਬੀਐੱਨਐੱਸ ਦੀ ਧਾਰਾ 223(ਏ) ਅਤੇ ਜਨਗਣਨਾ ਐਕਟ, 1948 ਦੀਆਂ ਧਾਰਾਵਾਂ 11(1) ਅਤੇ 11(2) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇਸੇ ਦੌਰਾਨ ਪੁਣੇ ਵਿੱਚ ਇੱਕ ਹੋਰ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਸਵਾਰਗੇਟ ਖੇਤਰ ਵਿੱਚ ਜਨਗਣਨਾ ਦਾ ਕੰਮ ਕਰ ਰਹੀ ਇੱਕ ਮਹਿਲਾ ਕਰਮਚਾਰੀ ਤੇ ਸਰਵੇਖਣ ਟੀਮ ਨਾਲ ਕਥਿਤ ਤੌਰ ’ਤੇ ਕੁੱਟਮਾਰ ਅਤੇ ਬਦਸਲੂਕੀ ਕੀਤੀ ਗਈ। ਪੁਲਸ ਨੇ ਇਸ ਮਾਮਲੇ ਵਿੱਚ ਪੰਜ ਨਾਮਜ਼ਦ ਵਿਅਕਤੀਆਂ ਅਤੇ ਕੁਝ ਅਣਪਛਾਤੇ ਲੋਕਾਂ ਵਿਰੁੱਧ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ ਅਤੇ ਮਹਿਲਾ ਕਰਮਚਾਰੀ ਦੀ ਮਰਿਆਦਾ ਭੰਗ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




### ਭਾਰੀ ਮੀਂਹ ਕਾਰਨ ਅਸਥਾਈ ਤੌਰ ’ਤੇ ਰੋਕੀ ਗਈ ਬਦਰੀਨਾਥ, ਕੇਦਾਰਨਾਥ ਅਤੇ ਹੇਮਕੁੰਟ ਸਾਹਿਬ ਦੀ ਯਾਤਰਾ

ਦੇਹਰਾਦੂਨ 31 ਮਈ। ਉੱਤਰਾਖੰਡ ਦੇ ਉਪਰਲੇ ਹਿਮਾਲੀਅਨ ਖੇਤਰਾਂ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਬਦਰੀਨਾਥ, ਕੇਦਾਰਨਾਥ ਅਤੇ ਹੇਮਕੁੰਟ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਆਵਾਜਾਈ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਹੈ। ਅਧਿਕਾਰੀਆਂ ਨੇ ਵਾਹਨਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਹੈ ਅਤੇ ਮੌਸਮ ਦੀ ਸਥਿਤੀ ਦੇ ਨਾਲ-ਨਾਲ ਯਾਤਰਾ ਮਾਰਗਾਂ ਦੀ ਸੁਰੱਖਿਆ ਦੀ ਮੁਕੰਮਲ ਸਮੀਖਿਆ ਕੀਤੀ ਜਾ ਰਹੀ ਹੈ। ਸ੍ਰੀਨਗਰ (ਗੜ੍ਹਵਾਲ) ਦੇ ਕਾਰਜਕਾਰੀ ਮੈਜਿਸਟ?ਰੇਟ ਦੀਪਕ ਭੰਡਾਰੀ ਨੇ ਦੱਸਿਆ ਕਿ ਰੁਦਰਪ੍ਰਯਾਗ ਅਤੇ ਚਮੋਲੀ ਵਿੱਚ ਭਾਰੀ ਮੀਂਹ ਕਾਰਨ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਵਾਹਨਾਂ ਨੂੰ ਅੱਗੇ ਜਾਣ ਦੀ ਇਜਾਜ਼ਤ ਤਾਂ ਹੀ ਦਿੱਤੀ ਜਾਵੇਗੀ ਜਦੋਂ ਰੂਟ ਪੂਰੀ ਤਰ੍ਹਾਂ ਸੁਰੱਖਿਅਤ ਪਾਏ ਜਾਣਗੇ। ਪ੍ਰਸ਼ਾਸਨ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਧੀਰਜ ਰੱਖਣ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ।

### ਪੁਣੇ ’ਚ ਜ਼ਹਿਰੀਲੀ ਸ਼ਰਾਬ ਦਾ ਤਾਂਡਵ: ਪੁਲਸ ਤੇ ਆਬਕਾਰੀ ਵਿਭਾਗ ਦੇ 22 ਮੁਲਾਜ਼ਮ ਮੁਅੱਤਲ

ਨੈਸ਼ਨਲ ਡੈਸਕ 31 ਮਈ। ਪੁਣੇ ਅਤੇ ਪਿੰਪਰੀ-ਚਿੰਚਵਾੜ ਪੁਲਸ ਅਤੇ ਮਹਾਰਾਸ਼ਟਰ ਵਿੱਚ ਰਾਜ ਆਬਕਾਰੀ ਵਿਭਾਗ ਦੇ ਕੁੱਲ 22 ਕਰਮਚਾਰੀਆਂ ਨੂੰ ਸ਼ੱਕੀ ਨਕਲੀ ਸ਼ਰਾਬ ਦੀ ਗੈਰ-ਕਾਨੂੰਨੀ ਸਪਲਾਈ ਨੂੰ ਰੋਕਣ ਵਿੱਚ ਅਸਫਲ ਰਹਿਣ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਪਿੰਪਰੀ ਚਿੰਚਵਾੜ ਅਤੇ ਪੁਣੇ ਸ਼ਹਿਰ ਵਿੱਚ ਸ਼ੱਕੀ ਨਕਲੀ ਸ਼ਰਾਬ ਪੀਣ ਤੋਂ ਬਾਅਦ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਅਤੇ ਪੁਲਸ ਨੇ ਇਸ ਘਟਨਾ ਦੇ ਸਬੰਧ ਵਿੱਚ ਇੱਕ ਮੁੱਖ ਤਸਕਰ ਸਮੇਤ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਣੇ ਪੁਲਸ ਕਮਿਸ਼ਨਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਹਡਪਸਰ ਪੁਲਸ ਸਟੇਸ਼ਨ ਨਾਲ ਜੁੜੇ ਸੀਨੀਅਰ ਪੁਲਸ ਇੰਸਪੈਕਟਰ ਸੰਜੇ ਮੋਗਲੇ, ਸਹਾਇਕ ਪੁਲਸ ਇੰਸਪੈਕਟਰ ਹਸੀਨਾ ਸਿਕਲਾਗਰ ਅਤੇ ਸਬ-ਇੰਸਪੈਕਟਰ ਹਸਨ ਮੁਲਾਨੀ ਨੂੰ ਹਡਪਸਰ ਖੇਤਰ ਵਿੱਚ ਨਕਲੀ ਸ਼ਰਾਬ ਦੇ ਕਥਿਤ ਗੈਰ-ਕਾਨੂੰਨੀ ਵਪਾਰ ਅਤੇ ਸਪਲਾਈ ਨੂੰ ਰੋਕਣ ਵਿੱਚ ਅਸਫਲ ਰਹਿਣ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

## ਐਲ.ਪੀ.ਜੀ. ਨੂੰ ਲੈ ਕੇ ਕੇਂਦਰ ਸਰਕਾਰ ਦਾ ਵੱਡਾ ਫੈਸਲਾ, ਗੈਸ ਦੀ ਕਿੱਲਤ ਨੂੰ ਰੋਕਣ ਲਈ ਤੇਲ ਕੰਪਨੀਆਂ ਨੂੰ ਜਾਰੀ ਕੀਤੇ ਆਦੇਸ਼

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 31 ਮਈ। ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਦੇਸ਼ ਦੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਚੁੱਕਿਆ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਸਰਕਾਰੀ ਤੇਲ ਕੰਪਨੀਆਂ ਨੂੰ ਸਖ਼ਤ ਹਦਾਇਤ ਦਿੱਤੀ ਹੈ ਕਿ ਉਹ ਭਵਿੱਖ ਦੀ ਕਿਸੇ ਵੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਘੱਟੋ-ਘੱਟ 30 ਦਿਨਾਂ ਦਾ ਐਲ.ਪੀ.ਜੀ. ਰਿਜ਼ਰਵ ਸਟਾਕ ਯਾਨੀ ਬੈਕਅੱਪ ਤਿਆਰ ਰੱਖਣ। ਸਰਕਾਰ ਦੇ ਇਸ ਫੈਸਲੇ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਹੰਗਾਮੀ ਹਾਲਤ ਵਿੱਚ ਦੇਸ਼ ਅੰਦਰ ਰਸੋਈ ਗੈਸ ਦੀ ਕਿੱਲਤ ਪੈਦਾ ਨਾ ਹੋਵੇ। ਇਸ ਦੇ ਨਾਲ ਹੀ ਸਰਕਾਰ ਕੱਚੇ ਤੇਲ ਦਾ ਵੀ ਵਾਧੂ ਸਟਾਕ ਬਣਾਉਣ ਦੀ ਯੋਜਨਾ ’ਤੇ ਕੰਮ ਕਰ ਰਹੀ ਹੈ। ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਫਰਵਰੀ ਵਿੱਚ ਜੋ ਕੱਚਾ ਤੇਲ ਭਾਰਤ ਨੂੰ 69.01 ਡਾਲਰ ਪ੍ਰਤੀ ਬੈਰਲ ਮਿਲ ਰਿਹਾ ਸੀ, ਉਹ ਮਈ ਵਿੱਚ ਵੱਧ ਕੇ 106.83 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ। ਕੀਮਤਾਂ ਵਿੱਚ ਹੋਏ ਇਸ ਵਾਧੇ ਕਾਰਨ ਭਾਰਤੀ ਤੇਲ ਕੰਪਨੀਆਂ ਨੂੰ ਰੋਜ਼ਾਨਾ ਲਗਭਗ 550 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਸੇ ਦਬਾਅ ਕਾਰਨ ਪਿਛਲੇ 10 ਦਿਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕਰੀਬ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਮੌਜੂਦਾ ਸਮੇਂ ਵਿੱਚ ਭਾਰਤ ਵਿੱਚ ਐਲ.ਪੀ.ਜੀ. ਦੀ ਰੋਜ਼ਾਨਾ ਮੰਗ ਲਗਭਗ 72,000 ਮੀਟ੍ਰਿਕ ਟਨ ਹੈ, ਜਦੋਂ ਕਿ ਘਰੇਲੂ ਰਿਫਾਇਨਰੀਆਂ ਰੋਜ਼ਾਨਾ 52,000 ਮੀਟ੍ਰਿਕ ਟਨ ਦਾ ਉਤਪਾਦਨ ਕਰ ਰਹੀਆਂ ਹਨ। ਬਾਕੀ ਦੀ ਲੋੜ ਨੂੰ ਪੂਰਾ ਕਰਨ ਅਤੇ ਰਿਫਾਇਨਰੀਆਂ ਦੀ ਕਾਰਜਕੁਸ਼ਲਤਾ ਨੂੰ ਸੁਧਾਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸਟ?ਰੇਟ ਆਫ ਹਾਰਮੁਜ਼ ਵਿੱਚ ਵਧਦੇ ਤਣਾਅ ਕਾਰਨ ਭਾਰਤ ਦੇ 13 ਜਹਾਜ਼ ਫਸੇ ਹੋਏ ਹਨ, ਜਿਨ੍ਹਾਂ ਵਿੱਚ 1 ਐਲ.ਪੀ.ਜੀ. ਕੈਰੀਅਰ ਅਤੇ 5 ਕੱਚੇ ਤੇਲ ਦੇ ਜਹਾਜ਼ ਸ਼ਾਮਲ ਹਨ। ਸ਼ਿਪਿੰਗ ਮੰਤਰਾਲਾ ਇਨ੍ਹਾਂ ਜਹਾਜ਼ਾਂ ਦੀ ਸੁਰੱਖਿਅਤ ਵਾਪਸੀ ਲਈ ਸਥਿਤੀ ’ਤੇ ਲਗਾਤਾਰ ਨਜ਼ਰ ਰੱਖ ਰਿਹਾ ਹੈ।



# ਰਾਜਸਥਾਨ ’ਚ ਰੇਤਲਾ ਤੂ.ਫਾਨ ! ਦਿਨ ਵੇਲੇ ਪਸਰਿਆ ਹਨੇਰਾ, ਜਨਜੀਵਨ ਹੋਇਆ ਪ੍ਰਭਾਵਿਤ

ਨੈਸ਼ਨਲ ਡੈਸਕ 31 ਮਈ। ਰਾਜਸਥਾਨ ਦੇ ਮਾਰੂਥਲ ਇਲਾਕਿਆਂ ’ਚ ਕੁਦਰਤ ਦਾ ਇੱਕ ਡਰਾਉਣਾ ਅਤੇ ਹੈਰਾਨੀਜਨਕ ਰੂਪ ਦੇਖਣ ਨੂੰ ਮਿਲਿਆ। ਸ਼੍ਰੀਗੰਗਾਨਗਰ ਅਤੇ ਚੂਰੂ ਜ਼ਿਲ੍ਹਿਆਂ ’ਚ ਦੁਪਹਿਰ ਵੇਲੇ ਅਚਾਨਕ ਮੌਸਮ ਨੇ ਅਜਿਹੀ ਕਰਵਟ ਲਈ ਕਿ ਦੇਖਦੇ ਹੀ ਦੇਖਦੇ ਦਿਨ ਵੇਲੇ ਹੀ ਕਾਲੀ ਰਾਤ ਵਰਗਾ ਨਜ਼ਾਰਾ ਬਣ ਗਿਆ। ਅਸਮਾਨ ’ਚ ਉੱਠੀ ਰੇਤ ਦੀ ਇੱਕ ਵਿਸ਼ਾਲ ਅਤੇ ਉੱਚੀ ਦੀਵਾਰ ਨੇ ਪੂਰੇ ਸ਼ਹਿਰ ਨੂੰ ਆਪਣੀ ਲਪੇਟ ’ਚ ਲੈ ਲਿਆ। ਮੌਸਮ ਵਿਭਾਗ ਅਤੇ ਸਥਾਨਕ ਸੂਤਰਾਂ ਅਨੁਸਾਰ ਇਸ ਰੇਤਲੇ ਚੱਕਰਵਾਤ ਦੌਰਾਨ ਹਵਾਵਾਂ ਦੀ ਰਫ਼ਤਾਰ ਲਗਭਗ 70 ਕਿਲੋਮੀਟਰ ਪ੍ਰਤੀ ਘੰਟਾ ਮਾਪੀ ਗਈ। ਦੁਪਹਿਰ ਦੇ 2 ਵਜੇ ਹੀ ਚਾਰੇ ਪਾਸੇ ਘੋਰ ਹਨੇਰਾ ਛਾ ਜਾਣ ਕਾਰਨ ਸੜਕਾਂ ’ਤੇ ਚੱਲਦੇ ਵਾਹਨਾਂ ਦੇ ਪਹੀਏ ਥੰਮ ਗਏ ਅਤੇ ਵਾਹਨ ਚਾਲਕਾਂ ਨੂੰ ਮਜਬੂਰਨ ਆਪਣੀਆਂ ਹੈੱਡਲਾਈਟਾਂ ਜਗਾਉਣੀਆਂ ਪਈਆਂ ਤਾਂ ਜੋ ਉਹ ਕੁਝ ਮੀਟਰ ਦੀ ਦੂਰੀ ਤੱਕ ਦੇਖ ਸਕਣ। ਇਹ ਰੇਤਲੀ ਦੀਵਾਰ ਲਗਭਗ 30 ਮਿੰਟਾਂ ਤੱਕ ਲਗਾਤਾਰ ਅੱਗੇ ਵਧਦੀ ਰਹੀ, ਜਿਸ ਕਾਰਨ ਲੋਕ ਆਪਣੇ ਘਰਾਂ ਦੇ ਦਰਵਾਜ਼ੇ-ਖਿੜਕੀਆਂ ਬੰਦ ਕਰ ਕੇ ਅੰਦਰ ਰਹਿਣ ਲਈ ਮਜਬੂਰ ਹੋ ਗਏ। ਇਸ ਭਿਆਨਕ ਰੇਤਲੇ ਤੂਫ਼ਾਨ ਤੋਂ ਤੁਰੰਤ ਬਾਅਦ ਕੁਦਰਤ ਦਾ ਇੱਕ ਹੋਰ ਰੂਪ ਦੇਖਣ ਨੂੰ ਮਿਲਿਆ। ਧੂੜ ਸ਼ਾਂਤ ਹੁੰਦੇ ਹੀ ਅਸਮਾਨ ਵਿੱਚ ਸੰਘਣੇ ਬਾਦਲ ਛਾ ਗਏ ਅਤੇ ਕਈ ਇਲਾਕਿਆਂ ’ਚ ਤੇਜ਼ ਬਾਰਿਸ਼ ਸ਼ੁਰੂ ਹੋ ਗਈ। ਇਸ ਬਾਰਿਸ਼ ਕਾਰਨ ਪਿਛਲੇ ਕਈ ਦਿਨਾਂ ਤੋਂ 45 ਡਿਗਰੀ ਦੇ ਪਾਰ ਚੱਲ ਰਹੇ ਪਾਰੇ ਵਿੱਚ ਅਚਾਨਕ 8 ਡਿਗਰੀ ਸੈਲਸੀਅਸ ਤੱਕ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਨਾਲ ਸਥਾਨਕ ਲੋਕਾਂ ਨੂੰ ਅੱਤ ਗਰਮੀ ਅਤੇ ਲੂ ਤੋਂ ਵੱਡੀ ਰਾਹਤ ਮਿਲੀ ਹੈ।

## ਪਹਾੜਾਂ ਦੀ ਸੈਰ ਤੋਂ ਪਹਿਲਾਂ ਦੇਖ ਲਓ ਹਾਲ ! ਮਨਾਲੀ-ਮਸੂਰੀ ਤੋਂ ਜੋਸ਼ੀਮਠ ਤਕ ਲੰਬਾ ਜਾਮ

ਹਿਮਾਚਲ ਪ੍ਰਦੇਸ਼ 31 ਮਈ। ਉਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਿੱਚ ਵੀਕੈਂਡ ਦੇ ਮੌਕੇ ’ਤੇ ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਭਾਰੀ ਭੀੜ ਕਾਰਨ ਪਹਾੜੀ ਰਸਤੇ ਪੂਰੀ ਤਰ੍ਹਾਂ ਜਾਮ ਹੋ ਗਏ ਹਨ। ਮਨਾਲੀ, ਮਸੂਰੀ ਅਤੇ ਨੈਨੀਤਾਲ ਵਰਗੇ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਦੀਆਂ ਸੜਕਾਂ ’ਤੇ ਵਾਹਨਾਂ ਦੀਆਂ ਭਾਰੀ ਕਤਾਰਾਂ ਲੱਗੀਆਂ ਹੋਈਆਂ ਹਨ, ਜਿਸ ਕਾਰਨ ਲੋਕ ਕਈ ਘੰਟਿਆਂ ਤੋਂ ਆਪਣੀਆਂ ਗੱਡੀਆਂ ਵਿੱਚ ਫਸੇ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਸਭ ਤੋਂ ਮਾੜਾ ਹਾਲ ਜੋਸ਼ੀਮਠ ਦਾ ਹੈ, ਜਿੱਥੇ ਚਾਰ ਧਾਮ ਯਾਤਰਾ ਅਤੇ ਵੀਕੈਂਡ ਦੀ ਭੀੜ ਕਾਰਨ ਟ?ਰੈਫਿਕ ਵਿਵਸਥਾ ਪੂਰੀ ਤਰ੍ਹਾਂ ’ਚ ਡਗਮਗਾ ਗਈ ਹੈ। ਜੋਸ਼ੀਮਠ ਵਿੱਚ ਗੱਡੀਆਂ ਦੀਆਂ ਕਤਾਰਾਂ ਲਗਭਗ 25 ਤੋਂ 30 ਕਿਲੋਮੀਟਰ ਤੱਕ ਫੈਲੀਆਂ ਹੋਈਆਂ ਹਨ। ਵਿਸ਼ਨੂੰਪ੍ਰਯਾਗ ਤੋਂ ਲੈ ਕੇ ਮਾਰਵਾੜੀ ਤੱਕ ਦੇ ਇਲਾਕੇ ਵਿੱਚ ਸੜਕਾਂ ਦੇ ਤੰਗ ਹੋਣ ਕਾਰਨ ਆਵਾਜਾਈ ਲਗਭਗ ਠੱਪ ਹੋ ਗਈ ਹੈ। ਸੋਸ਼ਲ ਮੀਡੀਆ ’ਤੇ ਵੀ ਹਿਮਾਲਿਆ ਦੀ ਨਾਜ਼ੁਕ ਸਥਿਤੀ ਬਾਰੇ ਚਿੰਤਾ ਜਤਾਈ ਜਾ ਰਹੀ ਹੈ ਕਿ ਰਿਕਾਰਡ ਤੋੜਨ ਦੇ ਚੱਕਰ ਵਿੱਚ ਪਹਾੜਾਂ ਨੂੰ ਦੁਨੀਆ ਦਾ ਸਭ ਤੋਂ ਵੱਡਾ ‘ਪਾਰਕਿੰਗ ਲੌਟ’ ਬਣਾ ਦਿੱਤਾ ਗਿਆ ਹੈ। ਚਿਲਚਿਲਾਉਂਦੀ ਗਰਮੀ ਦੇ ਵਿਚਕਾਰ ਸੈਲਾਨੀਆਂ, ਸਥਾਨਕ ਨਿਵਾਸੀਆਂ ਅਤੇ ਖਾਸ ਕਰਕੇ ਬੱਚਿਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਜਾਮ ਖੁਲ੍ਹਵਾਉਣ ਲਈ ਸੜਕਾਂ ’ਤੇ ਸਥਾਨਕ ਪੁਲਸ ਅਤੇ ਪ੍ਰਸ਼ਾਸਨ ਤਾਇਨਾਤ ਹੈ, ਪਰ ਯਾਤਰੀਆਂ ਦੀ ਬੇਤਹਾਸ਼ਾ ਗਿਣਤੀ ਕਾਰਨ ਇਹ ਕੋਸ਼ਿਸ਼ਾਂ ਨਾਕਾਮ ਸਾਬਤ ਹੋ ਰਹੀਆਂ ਹਨ। ਵਿਸ਼ਨੂੰਪ੍ਰਯਾਗ ਤੋਂ 15 ਕਿਲੋਮੀਟਰ ਅੱਗੇ ਤੱਕ ਸੈਲਾਨੀ ਘੰਟਿਆਂਬੱਧੀ ਆਪਣੀਆਂ ਕਾਰਾਂ ਵਿੱਚ ਕੈਦ ਰਹਿਣ ਲਈ ਮਜਬੂਰ ਹਨ।

# ‘ਜਿਨ੍ਹਾਂ ਤੋਂ ਪੈਸੇ ਲੈਂਦੇ ਹੋ, ਉਨ੍ਹਾਂ ਨੂੰ ਹੀ ਭਿਖਾਰੀ ਕਹਿੰਦੇ ਹੋ’, ਦਾਜ ’ਤੇ ਸੁਪਰੀਮ ਕੋਰਟ ਦੀ ਸਖਤ ਟਿੱਪਣੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 31 ਮਈ। ਸੁਪਰੀਮ ਕੋਰਟ ਨੇ ਦਹੇਜ ਉਤਪੀੜਨ ਤੇ ਦਹੇਜ ਹੱਤਿਆ ਦੇ ਇੱਕ ਮਾਮਲੇ ਦੀ ਸੁਣਵਾਈ ਕਰਦਿਆਂ ਸਮਾਜ ਨੂੰ ਇੱਕ ਸਖਤ ਸੰਦੇਸ਼ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਵਿਆਹ ਤੋਂ ਬਾਅਦ ਲੜਕੇ ਵਾਲੇ ਲੜਕੀ ਅਤੇ ਉਸਦੇ ਪਰਿਵਾਰ ਦਾ ਅਪਮਾਨ ਨਹੀਂ ਕਰ ਸਕਦੇ। ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਉੱਜਲ ਭੁਈਆਂ ਦੀ ਪੀਠ ਨੇ ਇੱਕ ਮਾਮਲੇ ਵਿੱਚ ਦੋਸ਼ੀ ਪਤੀ ਅਤੇ ਉਸਦੇ ਪਰਿਵਾਰ ਨੂੰ ਕੋਈ ਵੀ ਕਾਨੂੰਨੀ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਨੂੰ ਜੇਲ੍ਹ ਭੇਜਣ ਦਾ ਫੈਸਲਾ ਸੁਣਾਇਆ। ਅਦਾਲਤ ਨੇ ਬੇਹੱਦ ਸਖ਼ਤ ਸ਼ਬਦਾਂ ਵਿੱਚ ਪੁੱਛਿਆ, ਤੁਸੀਂ ਜਿਨ੍ਹਾਂ ਤੋਂ ਪੈਸੇ ਲੈਂਦੇ ਹੋ, ਆਖਿਰ ਉਨ੍ਹਾਂ ਨੂੰ ਹੀ ਭਿਖਾਰੀ ਕਿਵੇਂ ਕਹਿ ਸਕਦੇ ਹੋ?। ਸੁਣਵਾਈ ਦੌਰਾਨ ਜਸਟਿਸ ਨਾਗਰਤਨਾ ਨੇ ਕਿਹਾ ਕਿ ਅੱਜ-ਕੱਲ੍ਹ ਵਿਆਹਾਂ ’ਚ ਲੜਕੀ ਤੇ ਉਸਦੇ ਮਾਪਿਆਂ ਨੂੰ ਪੂਰੀ ਤਰ੍ਹਾਂ ਨਿਚੋੜਨ ਯਾਨੀ ਉਨ੍ਹਾਂ ਤੋਂ ਪੈਸੇ ਐਂਠਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਦਾਲਤ ਨੇ ਕਿਹਾ ਕਿ ਨੂੰਹ ਨੂੰ ਪੈਸਾ ਕੱਢਣ ਵਾਲੀ ਮਸ਼ੀਨ ਨਹੀਂ ਸਮਝਣਾ ਚਾਹੀਦਾ ਅਤੇ ਲੜਕੀ ਦੇ ਮਾਪਿਆਂ ਤੋਂ ਪੈਸੇ ਮੰਗ ਕੇ ਫਿਰ ਉਨ੍ਹਾਂ ਨੂੰ ਹੀ ਨੀਵਾਂ ਦਿਖਾਉਣਾ ਬੇਹੱਦ ਸ਼ਰਮਨਾਕ ਹੈ। ਅਪਮਾਨ ਬਰਦਾਸ਼ਤ ਨਹੀਂ: ਸਮਾਜ ਵਿੱਚ ਇਹ ਸੁਨੇਹਾ ਜਾਣਾ ਚਾਹੀਦਾ ਹੈ ਕਿ ਬਹੂ-ਬੇਟੀਆਂ ਦੀ ਬੇਇੱਜ਼ਤੀ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਆਹ ਕਿਉਂ ਕਰਦੇ ਹੋ?: ਜਦੋਂ ਲੜਕੇ ਨੇ ਲੜਕੀ ਅਤੇ ਉਸਦੇ ਪਰਿਵਾਰ ਦਾ ਅਪਮਾਨ ਹੀ ਕਰਨਾ ਹੁੰਦਾ ਹੈ, ਤਾਂ ਉਹ ਵਿਆਹ ਹੀ ਕਿਉਂ ਕਰਦੇ ਹਨ? ਕਾਨੂੰਨੀ ਸਖ਼ਤੀ: ਜਦੋਂ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਮੁਵੱਕਿਲ ’ਤੇ ਸਿਰਫ਼ ਆਈ.ਪੀ.ਸੀ. ਦੀ ਧਾਰਾ 4981 (ਦਹੇਜ ਉਤਪੀੜਨ) ਲੱਗੀ ਹੈ, ਤਾਂ ਜਸਟਿਸ ਨਾਗਰਤਨਾ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ ਕਿ ਸਿਰਫ਼ 4981 ਲੱਗੀ ਹੈ, ਜਿਸ ’ਚ ਸਿਰਫ਼ ਤਿੰਨ ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਸੁਪਰੀਮ ਕੋਰਟ ਨੇ ਸਾਫ਼ ਕਰ ਦਿੱਤਾ ਹੈ ਕਿ ਦੇਸ਼ ਦਾ ਕਾਨੂੰਨ ਹੁਣ ਧੀਆਂ ਦੇ ਸਤਿਕਾਰ ਦੀ ਰੱਖਿਆ ਲਈ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕਿਸੇ ਵੀ ਪਰਿਵਾਰ ਨੂੰ ਦੂਜੇ ਦੀ ਧੀ ਜਾਂ ਉਸਦੇ ਮਾਪਿਆਂ ਦਾ ਮਾਨਸਿਕ ਤੇ ਆਰਥਿਕ ਸ਼ੋਸ਼ਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



# ਮੋਦੀ ਕੈਬਨਿਟ ’ਚੋਂ ਕਈ ਮੰਤਰੀਆਂ ਦੀ ਛੁੱਟੀ ਤੈਅ, ਵੱਡੇ ਫੇਰਬਦਲ ਦੀ ਤਿਆਰੀ, ਜਲਦ ਹੋ ਸਕਦਾ ਹੈ ਵਿਸਤਾਰ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 31 ਮਈ। ਕੇਂਦਰੀ ਮੰਤਰੀ ਮੰਡਲ ਵਿੱਚ ਅਗਲੇ ਮਹੀਨੇ ਵੱਡਾ ਫੇਰਬਦਲ ਹੋਣ ਦੀ ਸੰਭਾਵਨਾ ਹੈ। ਸੂਤਰਾਂ ਮੁਤਾਬਕ 15 ਤੋਂ 18 ਜੂਨ ਦੇ ਵਿਚਕਾਰ ਮੋਦੀ ਸਰਕਾਰ ਦੇ ਮੰਤਰੀ ਮੰਡਲ ਦਾ ਵਿਸਤਾਰ ਅਤੇ ਪੁਨਰਗਠਨ ਕੀਤਾ ਜਾ ਸਕਦਾ ਹੈ। ਆਉਣ ਵਾਲੀਆਂ ਅਹਿਮ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਭਾਜਪਾ ਲੀਡਰਸ਼ਿਪ ਸਿਆਸੀ ਅਤੇ ਜਥੇਬੰਦਕ ਤਬਦੀਲੀਆਂ ਦੀ ਤਿਆਰੀ ਕਰ ਰਹੀ ਹੈ, ਜਿਸ ਤਹਿਤ ਇੱਕ ਦਰਜਨ ਤੋਂ ਵੱਧ ਮੰਤਰੀਆਂ ਅਤੇ ਰਾਜ ਮੰਤਰੀਆਂ ਨੂੰ ਹਟਾਇਆ ਜਾਂ ਬਦਲਿਆ ਜਾ ਸਕਦਾ ਹੈ। ਪਾਰਟੀ ਸੂਤਰਾਂ ਅਨੁਸਾਰ ਘੱਟੋ-ਘੱਟ ਦੋ ਕੈਬਨਿਟ ਮੰਤਰੀਆਂ ਅਤੇ ਤਿੰਨ ਰਾਜ ਮੰਤਰੀਆਂ ਦੀ ਸਰਕਾਰ ਵਿੱਚੋਂ ਛੁੱਟੀ ਹੋਣ ਦੀ ਉਮੀਦ ਹੈ। ਇੱਕ ਸੀਨੀਅਰ ਕੈਬਨਿਟ ਮੰਤਰੀ ਨੂੰ ਆਉਣ ਵਾਲੇ ਦਿਨਾਂ ਵਿੱਚ ਦੱਖਣੀ ਭਾਰਤ ਦੇ ਇੱਕ ਸਿਆਸੀ ਤੌਰ ’ਤੇ ਅਹਿਮ ਰਾਜ ਵਿੱਚ ਭਾਜਪਾ ਦੀ ਕਮਾਨ ਸੌਂਪੀ ਜਾ ਸਕਦੀ ਹੈ। ਇਸ ਫੇਰਬਦਲ ਦੌਰਾਨ ਲਗਭਗ 10-12 ਮੰਤਰਾਲਿਆਂ ਦੀ ਲੀਡਰਸ਼ਿਪ ਵਿੱਚ ਬਦਲਾਅ ਦੇਖਣ ਨੂੰ ਮਿਲੇਗਾ ਅਤੇ ਕਈ ਮੰਤਰੀਆਂ ਦੇ ਪੋਰਟਫੋਲੀਓ (ਮੰਤਰਾਲੇ) ਬਦਲੇ ਜਾਣਗੇ। ਉਮਰ ਦੇ ਲਿਹਾਜ਼ ਨਾਲ 70 ਸਾਲ ਤੋਂ ਵੱਧ ਉਮਰ ਦੇ ਮੰਤਰੀਆਂ ਅਤੇ ਕੁਝ ਰਾਜ ਸਭਾ ਮੈਂਬਰਾਂ ਦੀ ਥਾਂ ਨੌਜਵਾਨ ਆਗੂਆਂ ਨੂੰ ਮੌਕਾ ਦਿੱਤਾ ਜਾ ਸਕਦਾ ਹੈ। ਇਸ ਕੈਬਨਿਟ ਵਿਸਤਾਰ ਵਿੱਚ NDA ਦੇ ਸਹਿਯੋਗੀ ਦਲਾਂ ਨੂੰ ਵੱਡੀ ਨੁਮਾਇੰਦਗੀ ਮਿਲਣ ਦੀਆਂ ਕਿਆਸਅਰਾਈਆਂ ਤੇਜ਼ ਹਨ। ਖ਼ਾਸ ਕਰਕੇ ਦਾ ਕੱਦ ਵਧਾਇਆ ਜਾ ਸਕਦਾ ਹੈ। ਹਾਲਾਂਕਿ ਬਹੁਤੇ ਸਹਿਯੋਗੀਆਂ ਨੂੰ ਰਾਜ ਮੰਤਰੀ ਦਾ ਅਹੁਦਾ ਮਿਲਣ ਦੀ ਉਮੀਦ ਹੈ, ਪਰ ਇੱਕ ਜਾਂ ਦੋ ਸੀਨੀਅਰ ਆਗੂਆਂ ਨੂੰ ਸਿੱਧਾ ਕੈਬਨਿਟ ਮੰਤਰੀ ਬਣਾਇਆ ਜਾ ਸਕਦਾ ਹੈ। ਬਿਹਾਰ ਦੇ ਸਹਿਯੋਗੀਆਂ ਨੂੰ ਮਾਨਵ ਸੰਸਾਧਨ ਵਿਕਾਸ ਅਤੇ ਨਾਗਰਿਕ ਉਡਾਣ ਮੰਤਰਾਲਿਆਂ ਵਿੱਚ ਰਾਜ ਮੰਤਰੀ ਦੇ ਅਹੁਦੇ ਮਿਲਣ ਦੇ ਸੰਕੇਤ ਹਨ। ਭਾਜਪਾ ਦੇ ਸੀਨੀਅਰ ਆਗੂਆਂ ਮੁਤਾਬਕ ਇਹ ਫੇਰਬਦਲ ਖੇਤਰੀ ਅਤੇ ਸਮਾਜਿਕ ਸਮੀਕਰਨਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ। ਇਸ ਵਿੱਚ ਚੋਣਾਂ ਵਾਲੇ ਰਾਜਾਂ, ਖਾਸ ਕਰਕੇ ਉੱਤਰ ਪ੍ਰਦੇਸ਼ ਅਤੇ ਪੰਜਾਬ ’ਤੇ ਵਿਸ਼ੇਸ਼ ਫੋਕਸ ਰਹੇਗਾ। ਭਾਜਪਾ ਨੇ ਜਥੇਬੰਦਕ ਪੱਧਰ ’ਤੇ ਬਦਲਾਅ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਹਨ। ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੂੰ ਉੱਤਰ ਪ੍ਰਦੇਸ਼ ਭਾਜਪਾ ਦਾ ਪ੍ਰਧਾਨ ਬਣਾਇਆ ਗਿਆ ਹੈ। ਕਾਰਪੋਰੇਟ ਮਾਮਲਿਆਂ ਅਤੇ ਸੜਕੀ ਆਵਾਜਾਈ ਰਾਜ ਮੰਤਰੀ ਹਰਸ਼ ਮਲਹੋਤਰਾ ਨੂੰ ਦਿੱਲੀ ਭਾਜਪਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਦੀਆਂ ਮੰਤਰੀ ਵਜੋਂ ਖਾਲੀ ਹੋਣ ਵਾਲੀਆਂ ਸੀਟਾਂ ’ਤੇ ਸੰਸਦ ਦੇ ਕਿਸੇ ਵੀ ਸਦਨ (ਲੋਕ ਸਭਾ ਜਾਂ ਰਾਜ ਸਭਾ) ਤੋਂ ਨਵੇਂ ਚਿਹਰੇ ਲਿਆਂਦੇ ਜਾਣਗੇ। ਇਸ ਤੋਂ ਇਲਾਵਾ, ਕਰਨਾਟਕ ਭਾਜਪਾ ਦੀ ਕਮਾਨ ਵੀ ਕਿਸੇ ਮੌਜੂਦਾ ਕੈਬਨਿਟ ਮੰਤਰੀ ਨੂੰ ਸੌਂਪੀ ਜਾ ਸਕਦੀ ਹੈ। ਸੂਤਰਾਂ ਨੇ ਸੰਕੇਤ ਦਿੱਤਾ ਹੈ ਕਿ ਮਣੀਪੁਰ ਦੇ ਕਿਸੇ ਆਗੂ ਨੂੰ ਰਾਜ ਸਭਾ ਰਾਹੀਂ ਕੇਂਦਰੀ ਕੈਬਨਿਟ ਵਿੱਚ ਸ਼ਾਮਲ ਕਰਕੇ ਸੂਬੇ ਨੂੰ ਵੱਡੀ ਨੁਮਾਇੰਦਗੀ ਦਿੱਤੀ ਜਾ ਸਕਦੀ ਹੈ। ਜਿਨ੍ਹਾਂ ਪ੍ਰਮੁੱਖ ਮੰਤਰਾਲਿਆਂ ਵਿੱਚ ਫੇਰਬਦਲ ਜਾਂ ਨਵੇਂ ਮੰਤਰੀਆਂ ਦੀ ਨਿਯੁਕਤੀ ਹੋਣ ਦੀ ਸੰਭਾਵਨਾ ਹੈ, ਉਨ੍ਹਾਂ ਵਿੱਚ ਰੇਲਵੇ, ਵਿੱਤ, ਕਾਰਪੋਰੇਟ ਮਾਮਲੇ, ਕੋਲਾ, ਟੈਕਸਟਾਈਲ, ਸੂਚਨਾ ਤੇ ਪ੍ਰਸਾਰਣ, ਆਈਟੀ (9“), ਪੇਂਡੂ ਵਿਕਾਸ, ਰਸਾਇਣ ਅਤੇ ਖਾਦ, ਸਹਿਕਾਰਤਾ, ਮੱਛੀ ਪਾਲਣ, ਜਲ ਸ਼ਕਤੀ, ਖੇਤੀਬਾੜੀ, ਵਾਤਾਵਰਣ ਅਤੇ ਕਾਨੂੰਨ ਮੰਤਰਾਲਾ ਸ਼ਾਮਲ ਹਨ। ਕੁਝ ਅਜਿਹੇ ਮੰਤਰਾਲੇ ਜੋ ਇਸ ਸਮੇਂ ਦੂਜੇ ਮੰਤਰੀਆਂ ਕੋਲ ਵਾਧੂ ਚਾਰਜ ਵਜੋਂ ਹਨ

# ਇਕੋ ਰਾਤ 4 ਮੰਦਰਾਂ ਨੂੰ ਚੋਰ ਨੇ ਬਣਾਇਆ ਨਿਸ਼ਾਨਾ, ਹਜ਼ਾਰਾਂ ਰੁਪਏ ਦਾ ਚੜ੍ਹਾਵਾ ਚੋਰੀ ਕਰਕੇ ਹੋਇਆ ਫਰਾਰ

ਕੌਮੀ ਪਤ੍ਰਿਕਾ

ਗੁਰਦਾਸਪੁਰ 31 ਮਈ। ਗੁਰਦਾਸਪੁਰ ਦੇ ਪੰਡੋਰੀ ਰੋਡ 'ਤੇ ਸਥਿਤ ਪਿੰਡ ਕ੍ਰਿਸ਼ਨਾ ਨਗਰ ਅਤੇ ਜੱਟੂਵਾਲ ਦੇ ਕੁੱਲ ਚਾਰ ਮੰਦਰਾਂ ਨੂੰ ਇੱਕੋ ਰਾਤ ਇੱਕ ਚੋਰ ਵੱਲੋਂ ਨਿਸ਼ਾਨਾ ਬਣਾਇਆ ਗਿਆ। ਚੋਰ ਨੇ ਚਾਰਾਂ ਮੰਦਰਾਂ ਦੀਆਂ ਗੋਲਕਾਂ ਦੇ ਤਾਲੇ ਤੋੜ ਕੇ ਉਨ੍ਹਾਂ ਵਿੱਚ ਪਿਆ ਹਜ਼ਾਰਾਂ ਰੁਪਏ ਦਾ ਚੜ੍ਹਾਵਾ ਚੋਰੀ ਕਰ ਲਿਆ। ਚੋਰ ਨੇ ਪਿੰਡ ਕ੍ਰਿਸ਼ਨਾ ਨਗਰ ਦੇ ਤਿੰਨ ਮੰਦਰਾਂ ਅਤੇ ਜੱਟੂਵਾਲ ਦੇ ਇੱਕ ਮੰਦਰ ਵਿੱਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਪੂਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਫੁਟੇਜ ਵਿੱਚ ਚੋਰ ਬੈਗ ਲੈ ਕੇ ਗਿਆ ਸੀ ਜਿਸ ਵਿਚ ਮੰਦਰਾਂ ਦੇ ਦਰਵਾਜ਼ੇ ਅਤੇ ਗੋਲਕਾਂ ਦੇ ਤਾਲੇ ਤੋੜਨ ਦੇ ਔਜ਼ਾਰ ਸਨ। ਹੈਰਾਨੀ ਦੀ ਗੱਲ ਇਹ ਰਹੀ ਕਿ ਚੋਰ ਮੰਦਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਜੁੱਤੀਆਂ ਉਤਾਰ ਕੇ ਸ਼ਰਧਾ ਨਾਲ ਮੱਥਾ ਟੇਕਦਾ ਹੈ ਅਤੇ ਚੋਰੀ ਕਰਨ ਤੋਂ ਬਾਅਦ ਵੀ ਮੱਥਾ ਟੇਕ ਕੇ ਬਾਹਰ ਨਿਕਲਦਾ ਨਜ਼ਰ ਆਇਆ। ਇਹ ਦ੍ਰਿਸ਼ ਵੀ ਸੀਸੀਟੀਵੀ ਫੁਟੇਜ ਵਿੱਚ ਕੈਦ ਹੋਇਆ ਹੈ। ਘਟਨਾ ਦੀ ਪਿੰਡ ਵਾਸੀਆਂ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਹੈ। ਲੋਕਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਚੋਰ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ। ਇਸ ਸਬੰਧੀ ਜੱਟੂਵਾਲ ਮੰਦਰ ਦੇ ਪੁਜਾਰੀ ਨਰਿੰਦਰ ਕੁਮਾਰ ਸ਼ਰਮਾ, ਪਿੰਡ ਕ੍ਰਿਸ਼ਨਾ ਨਗਰ ਦੇ ਸਰਪੰਚ ਰਾਕੇਸ਼ ਕੁਮਾਰ ਅਤੇ ਪਿੰਡ ਵਾਸੀ ਗੋਵਰਧਨ ਸ਼ਰਮਾ ਨੇ ਦੱਸਿਆ ਕਿ ਸੀਸੀਟੀਵੀ ਮੁਤਾਬਕ ਚੋਰੀ ਦੀ ਵਾਰਦਾਤ ਰਾਤ ਕਰੀਬ 2 ਵਜੇ ਹੋਈ। ਪਹਿਲਾਂ ਗਲੀ ਦੇ ਕੈਮਰੇ ਵਿੱਚ ਚੋਰ ਮੋਢੇ 'ਤੇ ਬੈਗ ਪਾਏ ਨਜ਼ਰ ਆਇਆ ਅਤੇ ਬਾਅਦ ਵਿੱਚ ਮੰਦਰਾਂ ਦੇ ਤਾਲੇ ਤੋੜ ਕੇ ਅੰਦਰ ਦਾਖ਼ਲ ਹੁੰਦਾ ਅਤੇ ਗੋਲਕਾਂ ਦੇ ਤਾਲੇ ਤੋੜਦਾ ਵੀ ਦਿਖਾਈ ਦਿੱਤਾ। ਉਨ੍ਹਾਂ ਦੱਸਿਆ ਕਿ ਚੋਰ ਵੱਲੋਂ ਕ੍ਰਿਸ਼ਨਾ ਨਗਰ ਦੇ ਰਾਧਾ ਕ੍ਰਿਸ਼ਨ ਮੰਦਰ, ਸ਼ਿਵ ਮੰਦਰ ਅਤੇ ਜਠੇਰਿਆਂ ਦੇ ਮੰਦਰ ਵਿੱਚ ਚੋਰੀ ਕੀਤੀ ਗਈ, ਜਦਕਿ ਜੱਟੂਵਾਲ ਦੇ ਸ਼ਿਵ ਮੰਦਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਅੰਦਾਜ਼ਨ



ਚਾਰਾਂ ਮੰਦਰਾਂ ਵਿੱਚੋਂ 60 ਤੋਂ 70 ਹਜ਼ਾਰ ਰੁਪਏ ਦੀ ਨਕਦੀ ਚੋਰੀ ਕੀਤੀ ਗਈ ਹੈ। ਹਾਲਾਂਕਿ ਕ੍ਰਿਸ਼ਨਾ ਨਗਰ ਦੇ ਮੰਦਰ ਵਿੱਚ ਪਿਆ ਸੋਨੇ ਦਾ ਸਾਮਾਨ ਚੋਰ ਨਹੀਂ ਲੈ ਕੇ ਗਿਆ। ਲੋਕਾਂ ਦਾ ਮੰਨਣਾ ਹੈ ਕਿ ਸ਼ਾਇਦ ਚੋਰ ਨੂੰ ਇਸ ਬਾਰੇ ਜਾਣਕਾਰੀ ਨਹੀਂ ਸੀ। ਸੜਕ 'ਤੇ ਲੱਗੇ ਹੋਰ ਸੀਸੀਟੀਵੀ ਕੈਮਰਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਚੋਰ ਸ਼੍ਰੀ ਪਿੰਡੋਰੀ ਧਾਮ ਵਾਲੇ ਪਾਸੇ ਤੋਂ ਇਨ੍ਹਾਂ ਪਿੰਡਾਂ ਵਿੱਚ ਆਇਆ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਸ ਨੇ ਸ਼੍ਰੀ ਪਿੰਡੋਰੀ ਧਾਮ ਦੇ ਸਰੋਵਰ ਨੇੜੇ ਬਣੇ ਸ਼ਿਵ ਮੰਦਰ 'ਤੇ ਡਿਊਟੀ ਕਰ ਰਹੇ ਲੋਕਾਂ ਤੋਂ ਗੁਰਦਾਸਪੁਰ ਜਾਣ ਦਾ ਰਸਤਾ ਪੁੱਛਿਆ ਸੀ। ਚੋਰੀ ਦੀ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

## ਨਸਰਾਲਾ ਚੌਂਕੀ ਵੱਲੋਂ ਨਸ਼ੀਲੇ ਪਦਾਰਥ ਸਣੇ 1 ਮੁਲਜ਼ਮ ਗ੍ਰਿਫ਼ਤਾਰ

ਸ਼ਾਮ ਚੁਰਾਸੀ 31 ਮਈ। ਥਾਣਾ ਬੁੱਲੋਵਾਲ ਅਧੀਨ ਪੈਂਦੀ ਨਸਰਾਲਾ ਪੁਲਸ ਚੌਂਕੀ ਵੱਲੋਂ ਨਸ਼ੀਲੇ ਪਦਾਰਥ ਸਣੇ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਰੀ ਦਿੰਦੇ ਹੋਏ ਏ. ਐੱਸ. ਆਈ. ਸਰਬਜੀਤ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਬ੍ਰਾਏ ਕਰਨੇ ਗਸ਼ਤ ਬਾ ਚੈਕਿੰਗ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਨਸਰਾਲਾ ਤੋਂ ਰੇਲਵੇ ਲਾਈਨ ਨੇੜੇ ਕੱਚੇ ਰਾਸਤੇ ਰਾਹੀਂ ਨਸਰਾਲਾ ਕਾਲੋਨੀ ਵੱਲ ਨੂੰ ਜਾ ਰਹੇ ਸੀ। ਜਦੋਂ ਪੁਲਸ ਪਾਰਟੀ ਨਸਰਾਲਾ ਕਾਲੋਨੀ ਨੇੜੇ ਪੁੱਜੀ ਤਾਂ ਰੇਲਵੇ ਲਾਈਨ ਨੇੜੇ ਬਣੇ ਖਾਲੀ ਪਲਾਂਟ ਦੇ ਅੰਦਰ ਇਕ ਨੌਜਵਾਨ ਕਮਰੇ ਅੰਦਰ ਬੈਠਾ ਵਿਖਾਈ ਦਿੱਤਾ ਜੋ ਕਮਰੇ ਅੰਦਰ ਪੰਨੀ (ਸਿਲਵਰ ਪੇਪਰ) ਪਰ ਨਸ਼ਾ ਰੱਖ ਕੇ ਉਸ ਦੇ ਥੱਲੇ ਲਾਈਟਰ ਨਾਲ ਸੇਕ ਦੇ ਕੇ ਪੰਨੀ (ਸਿਲਵਰ ਪੇਪਰ) ਤੋਂ ਉੱਠਣ ਵਾਲੇ ਧੂਏ ਨੂੰ 10 ਰੁਪਏ ਦੇ ਨੋਟ ਨੂੰ ਪਾਈਪ ਨੁੰਮਾ ਬਣਾ ਕੇ ਮੂੰਹ ਰਾਹੀ ਆਪਣੇ ਅੰਦਰ ਨੂੰ ਖਿੱਚ ਰਿਹਾ ਸੀ। ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ। ਜਿਸ ਨੇ ਆਪਣਾ ਨਾਮ ਸੰਦੀਪ ਕੁਮਾਰ ਪੁੱਤਰ ਪਰਮਜੀਤ ਵਾਸੀ ਹੈਦਰੋਵਾਲ ਥਾਣਾ ਬੁੱਲ੍ਹੋਵਾਲ ਜਿਲ੍ਹਾ ਹੁਸ਼ਿਆਰਪੁਰ ਦੱਸਿਆ। ਪੁਲਸ ਨੇ ਮੁਕੱਦਮਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# 2 ਸ਼ਾਤਰ ਚੋਰ ਚੋਰੀ ਦੇ ਸਾਮਾਨ ਤੇ ਮੋਟਰਸਾਈਕਲ ਸਮੇਤ ਕਾਬੂ

ਕੌਮੀ ਪਤ੍ਰਿਕਾ

ਗੁਰਦਾਸਪੁਰ 31 ਮਈ। ਥਾਣਾ ਧਾਰੀਵਾਲ ਦੀ ਪੁਲਸ ਵੱਲੋਂ ਨਸ਼ਾ ਤਸਕਰਾਂ ਅਤੇ ਮਾੜੇ ਅਨਸ਼ਰਾਂ ਖਿਲਾਫ ਆਰੰਭੀ ਮੁਹਿੰਮ ਤਹਿਤ 2 ਚੋਰਾਂ ਨੂੰ ਚੋਰੀ ਕੀਤੇ ਸਾਮਾਨ ਅਤੇ ਨਸ਼ੀਲੀਆਂ ਗੋਲੀਆ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਹੋਈ ਹੈ । ਐਸ.ਐਚ.ਓ. ਧਾਰੀਵਾਲ ਪਰਮਿੰਦਰ ਸਿੰਘ ਸਿੱਧੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏ.ਐਸ.ਆਈ. ਕਲਦੀਪ ਸਿੰਘ ਨੇ ਨਾਕੇ ਦੌਰਾਨ ਨਿਖਲ ਉਰਫ ਬੱਬਾ ਉਰਫ ਅਭੀ ਪੁੱਤਰ ਜਸਪਾਲ ਸਿੰਘ ਵਾਸੀ ਡਡਵਾਂ ਅਤੇ ਅਜੈ ਕੁਮਾਰ ਉਰ ਮੁੰਨਾ ਪੁੱਤਰ ਦੇਸ ਰਾਜ ਰਾਜ ਵਾਸੀ ਨੇੜੇ ਪਾਲ ਹਸਪਤਾਲ ਕਲੇਰਾ ਵਾਲੀ ਗਲੀ ਧਾਰੀਵਾਲ ਨੂੰ ਬਿਨ੍ਹਾਂ ਨੰਬਰੀ ਸਪਲੈਂਡਰ ਸਵਾਰਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਕਰੀਬ 100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਮੰਨਿਆ ਕਿ ਉਨ੍ਹਾਂ ਕੋਲੋਂ ਮਿਲਿਆ ਮੋਟਰਸਾਈਕਲ ਵੀ ਚੋਰੀ ਦਾ ਹੈ। ਚੋਰਾਂ ਨੂੰ ਚੋਰੀ ਕੀਤੇ ਸਾਮਾਨ ਸਮੇਤ ਥਾਣੇ ਲਿਆਂਦਾ ਗਿਆ, ਜਿੱਥੇ ਗਹਿਰਾਈ ਨਾਲ ਪੁੱਛਗਿੱਛ ਕਰਨ ਦੌਰਾਨ ਕਾਬੂ ਕੀਤੇ ਗਏ ਦੋਸ਼ੀਆਂ ਨੇ ਕਬੂਲ ਕੀਤਾ ਕਿ ਉਹ ਕਰੀਬ 11 ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ। ਦੋਸ਼ੀਆਂ ਨੇ ਇਹ ਵੀ ਮੰਨਿਆ ਕਿ ਉਨ੍ਹਾਂ ਵੱਲੋਂ 10 ਮੋਬਾਈਲ ਫੋਨ ਵੀ ਚੋਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 5 ਮੋਬਾਈਲ ਫੋਨ ਪੁਲਸ ਨੇ ਬਰਾਮਦ ਕਰ ਲਏ ਹਨ। ਬਾਕੀ ਚੋਰੀ ਕੀਤੇ ਮੋਬਾਈਲ ਫੋਨ ਵੀ ਜਲਦ ਬਰਾਮਦ ਕਰ ਲਏ ਜਾਣਗੇ। ਪੁਲਸ ਅਨੁਸਾਰ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ



ਜੋ ਹੋਰ ਪੁੱਛਗਿੱਛ ਕੀਤੀ ਜਾ ਸਕੇ। ਨਗਰ ਕੌਂਸਲ ਚੋਣਾਂ ਸਬੰਧੀ ਐਸ.ਐਚ.ਓ. ਪਰਮਿੰਦਰ ਸਿੰਘ ਸਿੰਧੂ ਨੇ ਦੱਸਿਆ ਕਿ ਚੋਣਾਂ ਨੂੰ ਅਮਨ-ਅਮਾਨ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ। ਉਨ੍ਹਾਂ ਲੋਕਾਂ ਨੂੰ ਬਿਨਾਂ ਕਿਸੇ ਖੌਫ ਜਾਂ ਡਰ ਦੇ ਆਪਣੀ ਵੋਟ ਪਾਉਣ ਦੀ ਅਪੀਲ ਕੀਤੀ।

## ਸੜਕ ਕਿਨਾਰੇ ਨੌਜਵਾਨ ਦੀ ਲਾਸ਼ ਮਿਲਣ ਨਾਲ ਫੈਲੀ ਸਨਸਨੀ, ਕਤਲ ਦਾ ਖਦਸ਼ਾ

ਤਰਨਤਾਰਨ 31 ਮਈ। ਜ਼ਿਲ੍ਹੇ ਦੇ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਪਿੰਡ ਬੁਰਜ 169 ਵਿਖੇ ਸ਼ਨੀਵਾਰ ਸਵੇਰੇ ਇੱਕ ਨੌਜਵਾਨ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਇਸ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਰਾਏ ਅਮਾਨਤ ਖਾਨ ਦੀ ਪੁਲਸ ਨੇ ਮੌਕੇ ਤੇ ਪੁੱਜਦੇ ਹੋਏ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈਂਦੇ ਹੋਏ ਉਸਦੇ ਪਰਿਵਾਰਕ ਮੈਂਬਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਬੁਰਜ 169 ਵਿਖੇ ਸੜਕ ਕਿਨਾਰੇ ਇੱਕ ਨੌਜਵਾਨ ਜਿਸ ਦੀ



ਉਮਰ ਕਰੀਬ 30 ਸਾਲ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ, ਦੀ ਲਾਸ਼ ਨੂੰ ਵੇਖਦੇ ਹੋਏ ਰਾਹਗੀਰਾਂ ਵੱਲੋਂ ਪੁਲਸ ਨੂੰ ਸੂਚਨਾ ਦਿੱਤੀ ਗਈ। ਜਿਸ ਨੇ ਚੈੱਕ ਕਮੀਜ਼ ਅਤੇ ਕਾਲੇ ਰੰਗ ਦੀ ਪੈਂਟ ਪਹਿਨੀ ਹੋਈ ਹੈ ਅਤੇ ਉਸਦੇ ਸਰੀਰ ਉੱਪਰ ਸੱਟਾਂ ਦੇ ਨਿਸ਼ਾਨ ਨਜ਼ਰ ਆ ਰਹੇ ਹਨ। ਜਿਸ ਤੋਂ ਬਾਅਦ ਥਾਣਾ ਸਰਾਏ ਇਮਾਨਦ ਖਾਨ ਦੇ ਮੁਖੀ ਬਲਜਿੰਦਰ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜੇ ਅਤੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਇਸ ਦੌਰਾਨ ਪੁਲਸ ਵੱਲੋਂ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਨੌਜਵਾਨ ਨੂੰ ਕਿਸੇ ਵੱਲੋਂ ਕਤਲ ਕਰਕੇ ਸੜਕ ਕਿਨਾਰੇ ਸੁੱਟ ਦਿੱਤਾ ਗਿਆ ਜਿਸ ਦੇ ਚਲਦਿਆਂ ਪੁਲਸ ਵੱਲੋਂ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਵੀ ਖੰਗਾਲਿਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਡੀਐਸਪੀ ਸਿਟੀ ਸੁਖਦੀਪ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਪਿੰਡ ਬੁਰਜ 169 ਵਿਖੇ ਸੜਕ ਕਿਨਾਰੇ ਡਿੱਗੇ ਹੋਏ ਨੌਜਵਾਨ ਦੀ ਲਾਸ਼ ਪੁਲਸ ਵੱਲੋਂ ਕਬਜ਼ੇ ਵਿੱਚ ਲੈਂਦੇ ਹੋਏ ਉਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਮੋਹਾਲੀ 'ਚ ਵੋਟਰ ਸੂਚੀਆਂ ਦੀ ਸੁਧਾਈ ਲਈ ਨਵਾਂ ਸ਼ਡਿਊਲ ਜਾਰੀ, ਚੋਣ ਕਮਿਸ਼ਨ ਨੇ ਕੀਤੀ ਸੋਧ

ਮੋਹਾਲੀ 31 ਮਈ। ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ 'ਚ 1 ਜਨਵਰੀ 2026 ਨੂੰ ਯੋਗਤਾ ਮਿਤੀ ਮੰਨਦਿਆਂ ਕਰਵਾਈ ਜਾ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਸਪੈਸ਼ਲ ਇੰਟੈਨਸਿਵ ਰਿਵਿਜ਼ਨ) ਦੇ ਪ੍ਰੋਗਰਾਮ 'ਚ ਸੋਧ ਕੀਤੀ ਗਈ ਹੈ। ਇਸ ਸਬੰਧ 'ਚ ਮੋਹਾਲੀ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ 29 ਮਈ 2026 ਨੂੰ ਜਾਰੀ ਹਦਾਇਤਾਂ ਅਨੁਸਾਰ ਇਸ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੋਧਿਆ ਹੋਇਆ ਕਾਰਜਕ੍ਰਮ ਪ੍ਰਵਾਨ ਕੀਤਾ ਗਿਆ ਹੈ, ਜਿਸਦੇ ਅਨੁਸਾਰ ਜ਼ਿਲ੍ਹੇ ਦੀਆਂ ਵੋਟਰ ਸੂਚੀਆਂ ਦਾ ਡਰਾਫਟ ਪ੍ਰਕਾਸ਼ਨ ਹੁਣ 3 ਅਗਸਤ 2026 ਨੂੰ ਕੀਤਾ ਜਾਵੇਗਾ, ਜਦਕਿ ਪਹਿਲਾਂ ਇਹ 31 ਜੁਲਾਈ 2026 ਲਈ ਨਿਰਧਾਰਿਤ ਸੀ। ਇਸੇ ਤਰ੍ਹਾਂ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਮਿਆਦ 3 ਅਗਸਤ ਤੋਂ 2 ਸਤੰਬਰ 2026 ਤੱਕ ਰਹੇਗੀ। ਦਾਅਵਿਆਂ ਅਤੇ ਇਤਰਾਜ਼ਾਂ ਸਬੰਧੀ ਨੋਟਿਸ ਜਾਰੀ ਕਰਨ ਅਤੇ ਉਨ੍ਹਾਂ ਦੇ ਨਿਪਟਾਰੇ ਦੀ ਕਾਰਵਾਈ 3 ਅਗਸਤ ਤੋਂ 28 ਸਤੰਬਰ 2026 ਤੱਕ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਸੰਖੇਪ ਸੁਧਾਈ ਨਾਲ ਸਬੰਧਿਤ ਬਾਕੀ ਸਾਰੀਆਂ ਗਤੀਵਿਧੀਆਂ ਪਹਿਲਾਂ ਤੋਂ ਜਾਰੀ ਕੀਤੇ ਗਏ ਕਾਰਜਕ੍ਰਮ ਅਨੁਸਾਰ ਹੀ ਕੀਤੀਆਂ ਜਾਣਗੀਆਂ, ਜਿਸ ਤਹਿਤ ਜ਼ਿਲ੍ਹਾ ਮੋਹਾਲੀ ਵਿੱਚ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ. ਐੱਲ. ਓਜ਼. ਘਰੋ-ਘਰੀ ਜਾ ਕੇ ਵੋਟਰਾਂ ਦੇ ਫਾਰਮ ਭਰਵਾਉਣਗੇ। ਉਨ੍ਹਾਂ ਸਮੂਹ ਚੋਣ ਰਜਿਸਟ?ਰੇਸ਼ਨ ਅਫ਼ਸਰਾਂ, ਸਹਾਇਕ ਚੋਣ ਰਜਿਸਟ?ਰੇਸ਼ਨ ਅਫ਼ਸਰਾਂ, ਬੂਥ ਲੈਵਲ ਅਫ਼ਸਰਾਂ ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੋਧੇ ਹੋਏ ਪ੍ਰੋਗਰਾਮ ਦਾ ਵਿਆਪਕ ਪ੍ਰਚਾਰ-ਪ੍ਰਸਾਰ ਯਕੀਨੀ ਬਣਾਇਆ ਜਾਵੇ ਤਾਂ ਜੋ ਹਰ ਯੋਗ ਵੋਟਰ ਇਸ ਪ੍ਰਕਿਰਿਆ ਬਾਰੇ ਜਾਣੂ ਹੋ ਸਕੇ ਅਤੇ ਸਮੇਂ ਸਿਰ ਆਪਣੇ ਦਾਅਵੇ ਜਾਂ ਇਤਰਾਜ਼ ਦਰਜ ਕਰਵਾ ਸਕੇ।

# ਪੰਜਾਬ ਪੁਲਸ ਦੇ ਮੁਲਾਜ਼ਮ ਦੇ 'ਕਤਲ' ਮਾਮਲੇ 'ਚ ਨਵਾਂ ਮੋੜ ! ਇਸ ਜਥੇਬੰਦੀ ਨੇ ਲਈ ਜ਼ਿੰਮੇਵਾਰੀ

ਕੌਮੀ ਪਤ੍ਰਿਕਾ

ਲੋਹੀਆਂ ਖ਼ਾਸ 31 ਮਈ। ਬੀਤੇ ਦਿਨੀਂ ਰਾਤ ਵੇਲੇ ਆਪਣੀ ਡਿਊਟੀ ਖ਼ਤਮ ਕਰਨ ਤੋਂ ਬਾਅਦ ਸ਼ਾਹਕੋਟ ਥਾਣੇ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ 'ਗੱਟਾ ਮੁੰਡੀ ਕਾਸੂ' ਰਾਤ 10 ਵਜੇ ਦੇ ਕਰੀਬ ਵਾਪਸ ਜਾ ਰਹੇ ਏ. ਐੱਸ. ਆਈ. ਪੂਰਨ ਸਿੰਘ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ ਸੀ। ਉਨ੍ਹਾਂ ਦੇ ਸਿਰ 'ਤੇ ਸੱਟਾਂ ਦੇ ਦੋ ਗਹਿਰੇ ਜ਼ਖ਼ਮ ਵੀ ਸਨ ਪਰ ਪੁਲਸ ਵੱਲੋਂ ਪਹਿਲਾਂ ਇਸ ਨੂੰ ਸੜਕ ਹਾਦਸਾ (ਐਕਸੀਡੈਂਟ) ਦੱਸਿਆ ਜਾ ਰਿਹਾ ਸੀ। 'ਸ਼ੇਰ-ਏ-ਪੰਜਾਬ ਬ੍ਰਿਗੇਡ ਸ਼ਾਹਕੋਟ' ਦੇ ਬਹਾਦਰ ਸਿੰਘ ਸੰਧੂ ਅਤੇ ਗੁਰਲਾਲ ਸਿੰਘ ਗਿੱਲ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਏ. ਐੱਸ. ਆਈ. ਪੂਰਨ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮ੍ਰਿਤਕ ਏ. ਐੱਸ. ਆਈ. ਵੱਲੋਂ ਆਮ ਲੋਕਾਂ 'ਤੇ ਭਾਰੀ ਤਸ਼ੱਦਦ ਕੀਤਾ ਜਾਂਦਾ ਸੀ, ਜਿਸ ਕਾਰਨ ਉਨ੍ਹਾਂ ਨੇ ਉਸ ਦਾ ਕਤਲ ਕੀਤਾ ਹੈ। ਇਸ ਤੋਂ ਇਲਾਵਾ ਉਕਤ ਨੌਜਵਾਨਾਂ ਵੱਲੋਂ ਮ੍ਰਿਤਕ ਏ. ਐੱਸ. ਆਈ. ਪੂਰਨ ਸਿੰਘ 'ਤੇ ਵੱਖ-ਵੱਖ ਥਾਣਿਆਂ 'ਚ ਆਪਣੀ ਤਾਇਨਾਤੀ ਦੌਰਾਨ ਕਈ ਤਰ੍ਹਾਂ ਦੇ ਗਲਤ ਕੰਮ ਕਰਨ ਦੇ ਦੋਸ਼ ਲਾਉਂਦਿਆਂ ਉਸ ਖ਼?ਲਾਫ਼ ਭੱਦੀ ਸ਼ਬਦਾਵਲੀ



ਦੀ ਵਰਤੋਂ ਵੀ ਕੀਤੀ ਗਈ। ਸ਼ਾਹਕੋਟ ਦੇ ਡੀ. ਐੱਸ. ਪੀ. ਸਰਵਣ ਸਿੰਘ ਬੱਲ ਨੇ ਉਕਤ ਜਥੇਬੰਦੀ ਦੇ ਲੋਕਾਂ ਵੱਲੋਂ ਮ੍ਰਿਤਕ ਏ. ਐੱਸ. ਆਈ. ਪੂਰਨ ਸਿੰਘ 'ਤੇ ਲਾਏ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਏ. ਐੱਸ. ਆਈ. ਪੂਰਨ ਸਿੰਘ ਨੇ ਆਪਣੀ ਨੌਕਰੀ ਬਤੌਰ ਕਾਂਸਟੇਬਲ ਸ਼ੁਰੂ ਕੀਤੀ ਸੀ ਤੇ ਕਈ ਥਾਣਿਆਂ ਵਿਚ ਬੜੀ ਇਮਾਨਦਾਰੀ ਨਾਲ ਕੰਮ ਕੀਤਾ ਪਰ ਕਦੇ ਵੀ ਉਨ੍ਹਾਂ ਖ਼?ਲਾਫ਼ ਕੋਈ ਸ਼ਿਕਾਇਤ ਨਹੀਂ ਆਈ। ਉਨ੍ਹਾਂ ਕਿਹਾ ਕਿ ਉਕਤ ਦੋਵੇਂ ਵਿਅਕਤੀ ਸੋਸ਼ਲ ਮੀਡੀਆ 'ਤੇ ਏ. ਐੱਸ. ਆਈ. ਪੂਰਨ ਸਿੰਘ ਖ਼?ਲਾਫ਼ ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਕਤ ਦੋਵਾਂ ਵਿਅਕਤੀਆਂ (ਬਹਾਦਰ ਸਿੰਘ ਸੰਧੂ ਤੇ ਗੁਰਲਾਲ ਸਿੰਘ) ਖ਼?ਲਾਫ਼ ਥਾਣਾ ਲੋਹੀਆਂ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਜਲਦ ਹੀ ਦੋਵਾਂ ਨੂੰ ਝੂਠੀਆਂ ਅਫ਼ਵਾਹਾਂ ਫੈਲਾਉਣ ਅਤੇ ਗੁੰਮਰਾਹ ਕਰਨ ਦੇ ਦੋਸ਼ ਹੇਠ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਜਿਹੀਆਂ ਬੇਤੁਕੀਆਂ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਵੀ ਕੀਤੀ ਹੈ।

## ਭਿਆਨਕ ਗਰਮੀ ਵਿਚਾਲੇ ਹਾਥੀਆਂ ਨੂੰ ਠੰਡਕ ਪਹੁੰਚਾਉਣ ਲਈ ਦਿੱਤੀ ਜਾ ਰਹੀ ਆਈਸਕ੍ਰੀਮ

ਮਥੁਰਾ 31 ਮਈ। ਉੱਤਰ ਭਾਰਤ 'ਚ ਵਧਦੀ ਗਰਮੀ ਵਿਚਾਲੇ ਮਥੁਰਾ ਦੇ ਇਕ ਪੁਨਰਵਾਸ ਕੇਂਦਰ 'ਚ ਬਚਾਏ ਗਏ ਹਾਥੀਆਂ ਨੂੰ ਠੰਡਕ ਪਹੁੰਚਾਉਣ ਲਈ ਆਈਸਕ੍ਰੀਮ, ਫ?ਰੋਜ਼ਨ ਫਰੂਟ ਬਲਾਕ, ਦਹੀਂ, ਮੌਸਮੀ ਫਲ ਦਿੱਤੇ ਜਾ ਰਹੇ ਹਨ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੰਡਿਤ ਦੀਨ ਦਿਆਲ ਉਪਾਧਿਆਏ ਵੈਟਰਨਰੀ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਡਾ. ਸ਼ੰਕਰ ਸਿੰਘ ਨੇ ਦੱਸਿਆ ਕਿ ਹਾਥੀਆਂ ਦਾ ਸਰੀਰਕ ਤਾਪਮਾਨ 36 ਡਿਗਰੀ ਸੈਲਸੀਅਸ ਦੇ ਨੇੜੇ-ਤੇੜੇ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 'ਚ ਪਸੀਨਾ ਬਾਹਰ ਨਿਕਲਣ ਦੀਆਂ ਗ੍ਰੰਥੀਆਂ ਬਹੁਤ ਘੱਟ



ਹੁੰਦੀਆਂ ਹਨ, ਇਸ ਲਈ ਇਹ ਪਸੀਨੇ ਤੋਂ ਖ਼ੁਦ ਨੂੰ ਠੰਡਾ ਨਹੀਂ ਕਰ ਪਾਉਂਦੇ। ਸਿੰਘ ਨੇ ਕਿਹਾ ਕਿ ਇਨ੍ਹਾਂ ਦੇ ਵੱਡੇ ਕੰਨ ਫੜਫੜਾ ਕੇ ਕੁਦਰਤੀ ਕੂਲਿੰਗ ਦਾ ਕੰਮ ਕਰਦੇ ਹਨ ਅਤੇ ਪਾਣੀ, ਚਿੱਕੜ ਅਤੇ ਛਾਂ ਉਨ੍ਹਾਂ ਲਈ ਜ਼ਰੂਰੀ ਹਨ। ਵਾਈਲਡਲਾਈਫ ਐੱਸਓਐੱਸ ਦੇ ਸਹਿ-ਸੰਸਥਾਪਕ ਕਾਰਤਿਕ ਸੱਤਿਆਨਾਰਾਇਣ ਨੇ ਕਿਹਾ ਕਿ ਕੇਂਦਰ 'ਚ 34 ਬਚਾਏ ਗਏ ਹਾਥੀ ਹਨ, ਜਿਨ੍ਹਾਂ 'ਚ 14 ਨਰ ਅਤੇ 20 ਮਾਦਾ ਹਨ। ਉਨ੍ਹਾਂ ਕਿਹਾ ਕਿ ਗਰਮੀ 'ਚ ਹਾਥੀਆਂ ਦੀ ਸੈਰ ਸਵੇਰੇ ਜਲਦੀ ਅਤੇ ਸ਼ਾਮ ਨੂੰ ਦੇਰ ਨਾਲ ਕਰਵਾਈ ਜਾਂਦੀ ਹੈ ਤਾਂ ਕਿ ਦੁਪਹਿਰ ਦੀ ਗਰਮੀ ਤੋਂ ਬਚ ਸਕਣ। ਸੱਤਿਆਨਾਰਾਇਣ ਨੇ ਕਿਹਾ,ਹਾਥੀਆਂ ਦੀ ਹਾਈਡਰੇਸ਼ਨ ਬਣਾਈ ਰੱਖਣ ਲਈ ਪਾਣੀ ਦੇ ਸ਼ਾਵਰ, ਸਾਫ਼ ਪੂਲ ਅਤੇ ਨਿਯਮਤ ਪੀਣ ਵਾਲੇ ਪਾਣੀ ਦੀ ਵਿਵਸਥਾ ਕੀਤੀ ਜਾ ਰਹੀ ਹੈ। ਹਾਥੀ ਮਿੱਟੀ 'ਚ ਪਾਣੀ ਮਿਲਾ ਕੇ ਸਰੀਰ 'ਤੇ ਲਗਾਉਂਦੇ ਹਨ, ਜਿਸ ਨਾਲ ਗਰਮੀ ਤੋਂ ਰਾਹਤ ਮਿਲਦੀ ਹੈ।" ਵੈਟਰਨਰੀ ਸੇਵਾਵਾਂ ਦੇ ਡਿਪਟੀ ਡਾਇਰੈਕਟਰ ਡਾ. ਇਲਿਆਰਾਜਾ ਐਸ. ਨੇ ਦੱਸਿਆ ਕਿ ਹਾਥੀਆਂ ਦੀ ਖ਼ੁਰਾਕ 'ਚ ਫ?ਰੋਜ਼ਨ ਫਰੂਟ, ਦਹੀਂ-ਦਲੀਆ, ਓਆਰਐੱਸ, ਤਰਬੂਜ, ਖੀਰਾ, ਤਰਬੂਜ, ਗੰਨਾ, ਅੰਬ ਅਤੇ ਕੇਲਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਖ਼ੁਰਾਕ ਹਾਥੀ ਦੀਆਂ ਜ਼ਰੂਰਤਾਂ ਦੇ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਹਰੇਕ ਹਾਥੀ ਨੂੰ ਰੋਜ਼ਾਨਾ ਲਗਭਗ 100 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਜੰਗਲਾਤ ਰੇਂਜਰ ਅਧਿਕਾਰੀ ਅਤੁਲ ਤਿਵਾੜੀ ਨੇ ਕਿਹਾ ਕਿ ਪਾਣੀ ਹਾਥੀਆਂ ਲਈ ਜ਼ਰੂਰੀ ਹੈ, ਅਤੇ ਉਹ ਜਲ ਸਰੋਤਾਂ 'ਚ ਸਮਾਂ ਬਿਤਾਉਣਾ ਅਤੇ ਮਿੱਟੀ 'ਚ ਨਹਾਉਣਾ ਪਸੰਦ ਕਰਦੇ ਹਨ।

## ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਰੇਲ ਗੱਡੀ ਹੇਠ ਆ ਕੇ ਕੀਤੀ ਖ਼ੁਦਕੁਸ਼ੀ

ਬਠਿੰਡਾ 31 ਮਈ। ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਬਠਿੰਡਾ-ਗੰਗਾਨਗਰ ਰੇਲਵੇ ਲਾਈਨ "ਤੇ ਬਹਿਮਣ ਦੀਵਾਨਾ ਨੇੜੇ ਇਕ ਵਿਅਕਤੀ ਨੇ ਰੇਲਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦਾ ਸਿਰ ਪੂਰੀ ਤਰ੍ਹਾਂ ਦਰੜਿਆ ਗਿਆ । ਸੂਚਨਾ ਮਿਲਣ "ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਦੇ ਵਰਕਰ ਸੰਦੀਪ ਗਿੱਲ ਅਤੇ ਸਹਾਰਾ ਪ੍ਰਧਾਨ ਗੌਤਮ ਗੋਇਲ ਮੌਕੇ "ਤੇ ਪਹੁੰਚੇ ਅਤੇ ਜੀਆਰਪੀ ਨੂੰ ਸੂਚਿਤ ਕੀਤਾ। ਮ੍ਰਿਤਕ ਦੀ ਲਾਸ਼ ਰੇਲਵੇ ਟਰੈਕ ਦੇ ਨਾਲ ਪਈ ਸੀ, ਜਿਸ ਦਾ ਸਿਰ ਬੁਰੀ ਤਰ੍ਹਾਂ ਦਰੜਿਆ ਗਿਆ ਸੀ। ਪੁਲਸ ਪੜਤਾਲ ਤੋਂ ਬਾਅਦ ਸੰਸਥਾਂ ਵਲੋਂ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਪਹੁੰਚਾਇਆ। ਮਿ?ਤਕ ਦੀ ਪਹਿਚਾਣ ਜਗਦੀਪ ਸ਼ਰਮਾ ਪੁੱਤਰ ਕੌਰ ਚੰਦ ਵਾਸੀ ਬਹਿਮਣ ਦੀਵਾਨਾ ਵਜੋਂ ਹੋਈ। ਸੂਤਰਾਂ ਅਨੁਸਾਰ ਮ੍ਰਿਤਕ ਕਰਜ਼ੇ ਤੋਂ ਪ੍ਰੇਸ਼ਾਨ ਸੀ ਅਤੇ ਮਾਨਸਿਕ ਤਣਾਅ ਵਿਚ ਰਹਿੰਦਾ ਸੀ।

# ਬਠਿੰਡਾ-ਡੱਬਵਾਲੀ ਹਾਈਵੇ 'ਤੇ ਵੱਡੀ ਵਾਰਦਾਤ ! ਰਿਵਾਲਵਰ ਤਾਣ ਲੁੱਟਿਆ ਟਰਾਲਾ ਚਾਲਕ

ਕੌਮੀ ਪਤ੍ਰਿਕਾ

ਬਠਿੰਡਾ 31 ਮਈ। ਬਠਿੰਡਾ-ਡੱਬਵਾਲੀ ਰਾਸ਼ਟਰੀ ਰਾਜਮਾਰਗ ਇੱਕ ਵਾਰ ਫਿਰ ਅਪਰਾਧੀਆਂ ਦੇ ਨਿਸ਼ਾਨੇ 'ਤੇ ਆ ਗਿਆ ਹੈ। ਗੁਰੂਸਰ ਸੈਣੇਵਾਲਾ ਪਿੰਡ ਨੇੜੇ ਸ਼ਾਮ ਦੇ ਸਮੇਂ ਹਥਿਆਰਬੰਦ ਬਦਮਾਸ਼ਾਂ ਨੇ ਫਿਲਮੀ ਅੰਦਾਜ਼ ਵਿੱਚ ਟਰਾਲਾ ਰੁਕਵਾ ਕੇ ਚਾਲਕ ਨਾਲ ਕੁੱਟਮਾਰ ਕੀਤੀ ਅਤੇ ਸੋਨਾ, ਨਕਦੀ ਤੇ ਮੋਬਾਈਲ ਲੁੱਟ ਕੇ ਫਰਾਰ ਹੋ ਗਏ। ਰੁੱਝੇ ਹੋਏ ਹਾਈਵੇ 'ਤੇ ਹੋਈ ਇਸ ਸਨਸਨੀਖੇਜ਼ ਵਾਰਦਾਤ ਨੇ ਟਰੱਕ ਤੇ ਟਰਾਲਾ ਚਾਲਕਾਂ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਮੁਰਾਦਾਬਾਦ ਵਾਸੀ ਪ੍ਰਵਾਸੀ ਟਰਾਲਾ ਚਾਲਕ ਜੀਤੂ ਰਾਮ ਮਹਾ ਸ਼ਕਤੀ ਫੈਕਟਰੀ 'ਚ ਸਮਾਨ ਉਤਾਰਣ ਤੋਂ ਬਾਅਦ ਡੱਬਵਾਲੀ ਵੱਲ ਜਾ ਰਿਹਾ ਸੀ। ਇਸ ਦੌਰਾਨ ਪੰਜਾਬ ਨੰਬਰ ਦੀ ਇੱਕ ਸਕਾਰਪੀਓ ਅਚਾਨਕ ਉਸਦੇ ਟਰਾਲੇ ਦੇ ਅੱਗੇ ਆ ਕੇ ਰੁਕ ਗਈ। ਚਾਲਕ ਕੁਝ ਸਮਝਦਾ, ਇਸ ਤੋਂ ਪਹਿਲਾਂ ਹੀ ਗੱਡੀ ਵਿੱਚੋਂ ਚਾਰ ਨੌਜਵਾਨ ਹੇਠਾਂ ਉਤਰੇ ਅਤੇ ਟਰਾਲੇ ਦਾ ਦਰਵਾਜ਼ਾ ਖੋਲ੍ਹ ਕੇ ਉਸਨੂੰ ਜ਼ਬਰਦਸਤੀ ਹੇਠਾਂ



ਖਿੱਚ ਲਿਆ। ਪੀੜਤ ਦੇ ਮੁਤਾਬਕ ਦੋਸ਼ੀਆਂ 'ਚੋਂ ਇੱਕ ਨੌਜਵਾਨ ਦੇ ਹੱਥ ਵਿੱਚ ਰਿਵਾਲਵਰ ਸੀ। ਹਥਿਆਰ ਦੇ ਜ਼ੋਰ 'ਤੇ ਬਦਮਾਸ਼ਾਂ ਨੇ ਚਾਲਕ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਉਸਦੇ ਹੱਥ ਵਿੱਚ ਪਾਈ ਕਰੀਬ 98 ਹਜ਼ਾਰ ਰੁਪਏ ਕੀਮਤ ਦੀ ਸੋਨੇ ਦੀ ਅੰਗੂਠੀ ਉਤਾਰ ਲਈ। ਇਸ ਦੇ ਨਾਲ ਹੀ ਦੋ ਚਾਂਦੀ ਦੀਆਂ ਅੰਗੂਠੀਆਂ, ਮੋਬਾਈਲ ਫੋਨ ਅਤੇ ਪਰਸ ਵੀ ਲੁੱਟ ਲਿਆ ਗਿਆ। ਪਰਸ ਵਿੱਚ ਕਰੀਬ 5 ਹਜ਼ਾਰ ਰੁਪਏ ਨਕਦ ਅਤੇ ਜ਼ਰੂਰੀ ਦਸਤਾਵੇਜ਼ ਮੌਜੂਦ ਸਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਸ਼ੀ ਖੁੱਲ੍ਹੇਆਮ ਬਠਿੰਡਾ ਵੱਲ ਫਰਾਰ ਹੋ ਗਏ। ਚਾਲਕ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਉਹ ਇੰਨਾ ਸਹਿਮ ਗਿਆ ਸੀ ਕਿ ਤੁਰੰਤ ਪੁਲਸ ਨੂੰ ਸੂਚਨਾ ਦੇਣ ਦੀ ਹਿੰਮਤ ਨਹੀਂ ਕਰ ਸਕਿਆ। ਘਟਨਾ ਤੋਂ ਬਾਅਦ ਹਾਈਵੇ 'ਤੇ ਸਫ਼ਰ ਕਰਨ ਵਾਲੇ ਟਰਾਂਸਪੋਰਟਰਾਂ ਅਤੇ ਚਾਲਕਾਂ ਵਿੱਚ ਭਾਰੀ ਰੋਸ ਅਤੇ ਡਰ ਦਾ ਮਾਹੌਲ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਰੁੱਝੇ ਹੋਏ ਰਾਸ਼ਟਰੀ ਰਾਜਮਾਰਗ 'ਤੇ ਵੀ ਹਥਿਆਰਬੰਦ ਗਿਰੋਹ ਇਸ ਤਰ੍ਹਾਂ ਖੁੱਲ੍ਹੇਆਮ ਵਾਰਦਾਤਾਂ ਕਰ ਰਹੇ ਹਨ ਤਾਂ ਸੁਰੱਖਿਆ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਇਲਾਕੇ 'ਚ ਲਗਾਤਾਰ ਵੱਧ ਰਹੀਆਂ ਅਪਰਾਧਿਕ ਘਟਨਾਵਾਂ ਨੇ ਪੁਲਸ ਗਸ਼ਤ ਤੇ ਹਾਈਵੇ ਸੁਰੱਖਿਆ ਦੀਆਂ ਪੋਲਾਂ ਖੋਲ੍ਹ ਦਿੱਤੀਆਂ ਹਨ।

# ਨਿਰਮਾਣ ਅਧੀਨ ਕੰਧ ਸਕੂਲ ਦੀ ਛੱਤ 'ਤੇ ਡਿੱਗੀ, ਵਿਦਿਆਰਥੀ ਜ਼ਖ਼ਮੀ

ਫਰੀਦਾਬਾਦ 31 ਮਈ। ਹਰਿਆਣਾ ਦੇ ਫਰੀਦਾਬਾਦ 'ਚ ਸ਼ਨੀਵਾਰ ਨੂੰ ਇਕ ਨਿਰਮਾਣ ਅਧੀਨ ਇਮਾਰਤ ਦੀ ਕੰਧ ਨੇੜਲੇ ਨਿੱਜੀ ਸਕੂਲ ਦੀ ਛੱਤ 'ਤੇ ਡਿੱਗਣ ਨਾਲ ਯੂਕੇਜੀ ਦੇ ਘੱਟ-ਘੱਟ 10 ਵਿਦਿਆਰਥੀ ਜ਼ਖਮੀ ਹੋ ਗਏ। ਪੁਲਸ ਨੇ ਕਿਹਾ ਕਿ ਹਨੇਰੀ ਕਾਰਨ ਸਕੂਲ ਦੀ ਛੱਤ ਦਾ ਇਕ ਹਿੱਸਾ ਡਿੱਗ ਗਿਆ, ਜਿਸ ਕਾਰਨ ਬੱਚੇ ਮਲਬੇ ਹੇਠ ਦੱਬ ਗਏ। ਇਹ ਘਟਨਾ ਹੰਸ ਮੈਮੋਰੀਅਲ ਸਕੂਲ 'ਚ ਸਵੇਰੇ 9 ਵਜੇ ਦੇ ਕਰੀਬ ਵਾਪਰੀ। ਸਕੂਲ 'ਚ ਸੋਮਵਾਰ ਤੋਂ ਗਰਮੀ ਦੀਆਂ ਛੁੱਟੀਆਂ ਸ਼ੁਰੂ ਹੋ ਰਹੀਆਂ ਹਨ ਅਤੇ ਸ਼ਨੀਵਾਰ ਨੂੰ ਛੁੱਟੀਆਂ ਤੋਂ ਪਹਿਲਾਂ ਕਲਾਸਾਂ ਦਾ ਆਖਰੀ ਦਿਨ ਸੀ। ਪੁਲਸ ਅਨੁਸਾਰ, ਜਦੋਂ ਇਹ ਘਟਨਾ ਵਾਪਰੀ ਤਾਂ ਕਲਾਸ 'ਚ ਲਗਭਗ 13 ਵਿਦਿਆਰਥੀ ਸਨ। ਪੁਲਸ ਨੇ ਕਿਹਾ ਕਿ ਚਾਰ ਵਿਦਿਆਰਥੀਆਂ - ਦੀਪਤੀ, ਦਿਵਿਆ, ਮੀਰਾ ਅਤੇ ਨੰਦੂ ਦੇ ਸਿਰ 'ਚ ਗੰਭੀਰ ਸੱਟਾਂ ਲੱਗੀਆਂ, ਜਦੋਂ ਕਿ 6 ਹੋਰਾਂ ਨੂੰ ਮੁੱਢਲੇ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਪੁਲਸ ਅਨੁਸਾਰ, ਸਾਰੇ ਜ਼ਖ਼ਮੀ ਵਿਦਿਆਰਥੀਆਂ ਨੂੰ ਤੁਰੰਤ ਇਲਾਜ ਲਈ ਬੀ.ਕੇ. ਹਸਪਤਾਲ ਲਿਜਾਇਆ ਗਿਆ। ਸਕੂਲ ਸਟਾਫ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕੀਤੇ, ਵਿਦਿਆਰਥੀਆਂ ਨੂੰ ਮਲਬੇ ਹੇਠੋਂ ਬਾਹਰ ਕੱਢਿਆ। ਘਟਨਾ ਤੋਂ ਬਾਅਦ,



ਵਿਦਿਆਰਥੀਆਂ ਦੇ ਪਰਿਵਾਰ ਪਹਿਲਾਂ ਸਕੂਲ ਅਤੇ ਫਿਰ ਹਸਪਤਾਲ ਪਹੁੰਚੇ। ਪੁਲਸ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਪੁਲਸ ਨੇ ਦੱਸਿਆ ਕਿ ਦੀਪਾਂਸ਼ੂ ਨਾਮ ਦਾ ਇਕ ਵਿਅਕਤੀ ਚਾਰ ਮੰਜ਼ਿਲਾ ਇਮਾਰਤ ਬਣਾ ਰਿਹਾ ਸੀ ਅਤੇ ਉਸ ਨੇ ਬਿਨਾਂ ਥੰਮ?ਹਾਂ ਦੇ ਚਾਰ ਇੰਚ ਦੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ ਸਨ। ਸਕੂਲ ਪ੍ਰਬੰਧਨ ਨੇ ਵਾਰ-ਵਾਰ ਸੁਰੱਖਿਆ ਉਪਾਵਾਂ ਦੀ ਬੇਨਤੀ ਕੀਤੀ ਸੀ।

## ਮੇਰਾ ਕੀ ਕਸੂਰ, ਮੈਂ ਤਾਂ ਸਿਰ਼ਫ ਡਾਇਰੈਕਟਰ ਦੀ ਲਿਖੀ ਸਕ੍ਰਿਪਟ ਪੜ੍ਹੀ: ਵੈੱਬ ਸੀਰੀਜ਼ ਵਿਵਾਦ 'ਤੇ ਬੋਲੇ ਯੋਗਰਾਜ ਸਿੰਘ

ਐਂਟਰਟੇਨਮੈਂਟ ਡੈਸਕ 31 ਮਈ। ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਦੇ ਪਿਤਾ ਅਤੇ ਮਸ਼ਹੂਰ ਅਦਾਕਾਰ ਯੋਗਰਾਜ ਸਿੰਘ ਨੇ 'ਲੁੱਖੇ' ਵੈੱਬ ਸੀਰੀਜ਼ ਵਿੱਚ ਔਰਤਾਂ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਟਿੱਪਣੀਆਂ ਦੇ ਮਾਮਲੇ ਵਿੱਚ ਆਪਣੀ ਚੁੱਪ ਤੋੜੀ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਅਗਾਊਂ ਜ਼ਮਾਨਤ ਮਿਲਣ ਤੋਂ ਬਾਅਦ ਉਨ੍ਹਾਂ ਨੇ ਪਹਿਲੀ ਵਾਰ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਵਿੱਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇੱਕ ਅਦਾਕਾਰ ਵਜੋਂ ਉਨ੍ਹਾਂ ਨੇ ਸਿਰਫ਼ ਆਪਣਾ ਕੰਮ ਕੀਤਾ ਹੈ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ। ਯੋਗਰਾਜ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਸਕ੍ਰਿਪਟ ਦਿੱਤੀ ਗਈ ਸੀ, ਉਨ੍ਹਾਂ ਨੇ ਉਸੇ ਮੁਤਾਬਕ ਹੀ ਆਪਣਾ ਕਿਰਦਾਰ ਨਿਭਾਇਆ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, ਸਾਡੀ ਇੰਨੀ ਮਜਾਲ ਨਹੀਂ ਕਿ ਅਸੀਂ ਸਕ੍ਰਿਪਟ ਨੂੰ ਬਦਲ ਸਕੀਏ। ਸਾਨੂੰ ਜੋ ਬੋਲਣ ਅਤੇ ਕਰਨ ਲਈ ਕਿਹਾ ਜਾਂਦਾ ਹੈ, ਅਸੀਂ ਉਹੀ ਕਰਦੇ ਹਾਂ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਲਗਭਗ 40 ਤੋਂ 50 ਹੋਰ ਫਿਲਮਾਂ ਸਾਈਨ ਕੀਤੀਆਂ ਹੋਈਆਂ ਹਨ ਅਤੇ ਉਹ ਹਰ ਇੱਕ ਦੀ ਸਕ੍ਰਿਪਟ ਵਿੱਚ ਜਾ ਕੇ ਬਦਲਾਅ ਨਹੀਂ ਕਰ ਸਕਦੇ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਔਰਤਾਂ ਲਈ ਬਹੁਤ ਸਤਿਕਾਰ ਹੈ।

### ਤੇਜ਼ ਰ਼ਫਤਾਰ ਬਣੀ 'ਕਾਲ' ! ਸੜਕ ਹਾਦਸਾ 'ਚ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

ਨੈਸ਼ਨਲ ਡੈਸਕ 31 ਮਈ। ਕਰਨਾਟਕ ਦੇ ਬੇਲਗਾਵੀ ਜ਼ਿਲ੍ਹੇ ਦੇ ਰਾਏਬਾਗ ਤਾਲੁਕਾ ਵਿੱਚ ਇੱਕ ਬੇਹੱਦ ਦਰਦਨਾਕ ਸੜਕ ਹਾਦਸਾ ਵਾਪਰਿਆ ਹੈ, ਜਿਸ ਵਿੱਚ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ 9 ਮਹੀਨੇ ਦਾ ਇੱਕ ਮਾਸੂਮ ਵੀ ਸ਼ਾਮਲ ਹੈ। ਇਹ ਹਾਦਸਾ ਸੋਮਵਾਰ ਸ਼ਾਮ ਨੂੰ ਰੇਲਵੇ ਸਟੇਸ਼ਨ ਮਾਰਗ ਦੇ ਨੇੜੇ ਵਾਪਰਿਆ, ਜਿੱਥੇ ਇੱਕ ਮੋਟਰਸਾਈਕਲ ਅਤੇ ਛੋਟੇ ਮਾਲਵਾਹਕ ਰਿਕਸ਼ਾ ਦੀ ਭਿਆਨਕ ਟੱਕਰ ਹੋ ਗਈ। ਪੁਲਸ ਅਨੁਸਾਰ ਮ੍ਰਿਤਕਾਂ ਦੀ ਪਛਾਣ ਰਾਏਬਾਗ ਤਾਲੁਕਾ ਦੇ ਪਿੰਡ ਬੋਮਨਲ ਦੇ ਰਹਿਣ ਵਾਲੇ ਮਹੰਤੇਸ਼ ਮਾਨੇ (27), ਉਸ ਦੀ ਪਤਨੀ ਪਾਇਲ ਮਾਨੇ (23) ਅਤੇ ਉਨ੍ਹਾਂ ਦੇ ਪੁੱਤਰ ਸਮਰਥ ਮਾਨੇ ਵਜੋਂ ਹੋਈ ਹੈ। ਇਸ ਹਾਦਸੇ ਵਿੱਚ ਪਰਿਵਾਰ ਦੀ ਇੱਕ ਛੋਟੀ ਬੱਚੀ ਚੈਤੰਨਿਆ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਈ ਹੈ, ਜਿਸ ਨੂੰ ਤੁਰੰਤ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਮਹੰਤੇਸ਼ ਆਪਣੇ ਪਰਿਵਾਰ ਨਾਲ ਮੋਟਰਸਾਈਕਲ 'ਤੇ ਜਾ ਰਿਹਾ ਸੀ, ਜਦੋਂ ਸਾਹਮਣੇ ਤੋਂ ਆ ਰਹੇ ਇੱਕ ਮਾਲਵਾਹਕ ਰਿਕਸ਼ਾ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।

# ਰਾਹ ਵਿਚ ਖੜ੍ਹੀ ਖੱਡੀ ਪਾਸੇ ਕਰਨ ਪਿੱਛੇ ਭਖਿਆ ਮਾਹੌਲ, ਡਾਂਗਾਂ ਤੇ ਇੱਟਾਂ ਨਾਲ ਕੀਤਾ ਹਮਲਾ

ਕੌਮੀ ਪਤ੍ਰਿਕਾ

ਲੁਧਿਆਣਾ 31 ਮਈ। ਲੁਧਿਆਣਾ ਦੇ ਮਾਇਆਪੁਰੀ ਰੋਡ ਇਲਾਕੇ ਵਿਚ ਉਸ ਸਮੇਂ ਚੀਕ-ਚਿਹਾੜਾ ਮਚ ਗਿਆ, ਜਦੋਂ ਗੱਡੀ ਸਾਈਡ ਕਰਨ ਵਰਗੀ ਮਾਮੂਲੀ ਗੱਲ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਖ਼ੂਨੀ ਸੰਘਰਸ਼ ਵਿਚ ਬਦਲ ਗਿਆ। ਦੋ ਧਿਰਾਂ ਵਿਚਾਲੇ ਹੋਈ ਇਸ ਹਿੰਸਕ ਝੜਪ ਦੌਰਾਨ ਸ਼ਰੇਆਮ ਇੱਟਾਂ-ਪੱਥਰ ਚੱਲੇ ਅਤੇ ਸੋਟੀਆਂ-ਡੰਡਿਆਂ ਨਾਲ ਜਾਨਲੇਵਾ ਹਮਲਾ ਕੀਤਾ ਗਿਆ। ਵਾਰਦਾਤ ਦੌਰਾਨ ਪਿਸਤੌਲ ਤਾਣ ਕੇ ਫਾਇਰਿੰਗ ਕੀਤੇ ਜਾਣ ਦੇ ਵੀ ਦੋਸ਼ ਲੱਗੇ ਹਨ। ਇਸ ਖ਼ੂਨੀ ਖੇਡ ਵਿਚ ਇਕੋ ਪਰਿਵਾਰ ਦੇ 3-4 ਲੋਕ ਗੰਭੀਰ ਰੂਪ ਵਿਚ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਹੈ। ਪੀੜਤ ਮੁਖਤਾਰ ਅਨੁਸਾਰ, ਉਹ ਆਪਣਾ ਐਕਸ-ਰੇ ਕਰਵਾਉਣ ਲਈ ਹਸਪਤਾਲ ਜਾ ਰਿਹਾ ਸੀ। ਜਦੋਂ ਉਹ ਮਾਇਆਪੁਰੀ ਰੋਡ 'ਤੇ ਪਹੁੰਚਿਆ ਤਾਂ ਉੱਥੇ ਰਸਤੇ ਦੇ ਵਿਚਕਾਰ ਇਕ ਬੋਲੇਰੋ ਕਾਰ ਖੜ੍ਹੀ ਸੀ, ਜਿਸ ਕਾਰਨ ਰਸਤਾ ਬੰਦ ਸੀ। ਮੁਖਤਾਰ ਨੇ ਡਰਾਈਵਰ ਨੂੰ ਗੱਡੀ ਥੋੜੀ ਅੱਗੇ-ਪਿੱਛੇ ਕਰਨ ਲਈ ਕਿਹਾ, ਜਿਸ 'ਤੇ ਬੋਲੇਰੋ ਸਵਾਰ ਭੜਕ ਗਏ। ਇਸ ਦੌਰਾਨ 10-15 ਅਣਪਛਾਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਉਨ੍ਹਾਂ ਨੇ ਨਿਹੱਥੇ ਮੁਖਤਾਰ ਨੂੰ ਘੇਰ ਕੇ ਡਾਂਗਾਂ ਨਾਲ ਹਮਲਾ ਕਰ ਦਿੱਤਾ। ਜਦੋਂ ਮੁਖਤਾਰ ਦੇ ਪਿਤਾ ਅਤੇ ਭਰਾ ਬਚਾਅ ਕਰਨ ਲਈ ਆਏ, ਤਾਂ ਹਮਲਾਵਰਾਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ। ਪੀੜਤ ਪਰਿਵਾਰ ਦੀਆਂ ਮਹਿਲਾਵਾਂ ਨੇ ਦੋਸ਼ ਲਾਇਆ ਕਿ ਜਦੋਂ ਉਹ



ਸ਼ਿਕਾਇਤ ਕਰਨ ਲਈ ਥਾਣੇ ਜਾ ਰਹੀਆਂ ਸਨ, ਤਾਂ ਰਸਤੇ ਵਿਚ ਕੁਝ ਲੋਕਾਂ ਨੇ ਉਨ੍ਹਾਂ ਨੂੰ ਆਟੋ ਵਿਚੋਂ ਬਾਹਰ ਖਿੱਚ ਕੇ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ। ਮੁਖਤਾਰ ਦੇ ਪਿਤਾ ਅਨੁਸਾਰ, ਉਨ੍ਹਾਂ ਦੇ ਬੇਟੇ ਨੇ ਸਿਰਫ ਇਨਸਾਨੀਅਤ ਦੇ ਨਾਤੇ ਦੋਵਾਂ ਧਿਰਾਂ ਵਿਚਾਲੇ ਲੜਾਈ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਕ ਹਮਲਾਵਰ ਨੇ ਉਨ੍ਹਾਂ 'ਤੇ ਸਿੱਧੀ ਫਾਇਰਿੰਗ ਵੀ ਕੀਤੀ, ਜਿਸ ਦੀ ਵੀਡੀਓ ਵੀ ਸਾਹਮਣੇ ਆਈ ਹੈ। ਮੁਖਤਾਰ ਦੇ ਸਿਰ ਅਤੇ ਹੱਥਾਂ 'ਤੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਿਹਾ ਹੈ। ਸੂਚਨਾ ਮਿਲਦੇ ਹੀ ਥਾਣਾ ਟਿੱਬਾ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਹਮਲਾਵਰਾਂ ਨੇ ਪੀੜਤ ਪੱਖ ਨੂੰ ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਉਨ੍ਹਾਂ ਨੂੰ ਬੰਧਕ ਬਣਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਜਿਨ੍ਹਾਂ ਨੂੰ ਪੁਲਸ ਨੇ ਸੁਰੱਖਿਅਤ ਛੁਡਵਾਇਆ। ਪੁਲਸ ਵੱਲੋਂ ਵੀਡੀਓ ਫੁਟੇਜ ਦੇ ਆਧਾਰ 'ਤੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪ੍ਰਤਾਪ ਸਿੰਘ ਬਾਜਵਾ ਨੇ ਹਾਈ ਕਮਾਂਡ ਦੀ ਮੀਟਿੰਗ ਵਿੱਚੋਂ ਬਾਹਰ ਜਾਣ ਬਾਰੇ ਮੀਡੀਆ ਰਿਪੋਰਟਾਂ ਨੂੰ ਦੱਸਿਆ ਬੁਨਿਆਦ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸ਼ਨਿਚਰਵਾਰ ਨੂੰ ਉਨ੍ਹਾਂ ਰਿਪੋਰਟਾਂ ਦਾ ਜ਼ੋਰਦਾਰ ਖੰਡਨ ਕੀਤਾ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਉਹ ਸ਼ੁੱਕਰਵਾਰ ਨੂੰ ਕਾਂਗਰਸ ਹਾਈ ਕਮਾਂਡ ਨਾਲ ਹੋਈ ਮੀਟਿੰਗ ਵਿੱਚੋਂ ਗੁੱਸੇ ਵਿੱਚ ਬਾਹਰ ਆ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਆਪਣੇ ਵਿਚਾਰ ਪੇਸ਼ ਕਰਨ ਤੋਂ ਬਾਅਦ ਉਨ੍ਹਾਂ ਨੇ ਜਾਣ ਦੀ ਇਜਾਜ਼ਤ ਮੰਗੀ ਸੀ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪਾਰਟੀ ਪ੍ਰਧਾਨ ਮਲਿਕਾਅਰਜੁਨ ਖੜਗੇ ਅਤੇ ਸੀਨੀਅਰ ਨੇਤਾ ਕੇ.ਸੀ. ਵੇਣੂਗੋਪਾਲ ਨਾਲ ਮਿਲ ਕੇ ਕੱਲ੍ਹ ਪੰਜ ਸੀਨੀਅਰ ਨੇਤਾਵਾਂ ਅਮਰਿੰਦਰ ਰਾਜਾ ਵੜਿੰਗ, ਪ੍ਰਤਾਪ ਬਾਜਵਾ, ਚਰਨਜੀਤ ਚੰਨੀ, ਸੁਖਜਿੰਦਰ ਰੰਧਾਵਾ ਅਤੇ ਵਿਜੇ ਇੰਦਰ ਸਿੰਗਲਾ ਨਾਲ ਗੱਲਬਾਤ ਕੀਤੀ ਸੀ।ਬਾਜਵਾ ਦਾ ਸਪੱਸ਼ਟੀਕਰਨ ਸੂਬਾ ਇਕਾਈ ਵਿੱਚ ਤਬਦੀਲੀ ਦੀਆਂ ਚਰਚਾਵਾਂ ਦੇ ਪਿਛੋਕੜ ਵਿੱਚ ਆਇਆ ਹੈ। ਸਭ ਤੋਂ ਸੀਨੀਅਰ ਨੇਤਾ ਹੋਣ ਦੇ ਨਾਤੇ, ਉਹ ਹੋਰ ਨੇਤਾਵਾਂ ਦੇ ਨਾਲ ਚੋਟੀ ਦੇ ਅਹੁਦੇ ਲਈ ਦਾਅਵੇਦਾਰ ਹਨ।

ਸ਼ੁੱਕਰਵਾਰ ਨੂੰ ਦਿੱਲੀ ਵਿੱਚ ਹੋਈ ਬੰਦ ਕਮਰਾ ਮੀਟਿੰਗ ਨੂੰ ਲੈ ਕੇ ਫੈਲੀਆਂ ਅਟਕਲਾਂ @ਤੇ ਚਰਚਾ ਕਰਦਿਆਂ ਬਾਜਵਾ ਨੇ ਸਪੱਸ਼ਟ ਕੀਤਾ ਕਿ ਸੀਨੀਅਰ ਨੇਤਾਵਾਂ ਵਿੱਚੋਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਦੀ ਸਥਿਤੀ @ਤੇ ਆਪਣਾ ਨਜ਼ਰੀਆ ਸਾਂਝਾ ਕਰਨ ਲਈ ਬੁਲਾਇਆ ਗਿਆ ਸੀ। ਬਾਜਵਾ ਨੇ ਕਿਹਾ, ÷ਚਾਰ ਸੰਸਦ ਮੈਂਬਰਾਂ ਸਮੇਤ ਚਾਰ ਜਾਂ ਪੰਜ ਸੀਨੀਅਰ ਨੇਤਾਵਾਂ ਨਾਲ ਮੀਟਿੰਗ ਕੀਤੀ ਗਈ ਸੀ। ਮੈਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਤੋਂ ਪਹਿਲਾਂ ਬੁਲਾਇਆ ਗਿਆ ਸੀ। ਮੀਟਿੰਗ ਦੀ ਪ੍ਰਧਾਨਗੀ ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਨੇ ਕੀਤੀ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਜਨਰਲ ਸਕੱਤਰ (ਸੰਗਠਨ) ਕੇ.ਸੀ. ਵੇਣੂਗੋਪਾਲ ਦੇ ਨਾਲ ਮੌਜੂਦ ਸਨ।

ਉਨ੍ਹਾਂ ਅੱਗੇ ਕਿਹਾ, ÷ਮੈਂ ਪੰਜਾਬ ਦੀ ਸਥਿਤੀ, ਪਾਰਟੀ ਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਰਾਜਨੀਤਿਕ ਦ੍ਰਿਸ਼ ਬਾਰੇ ਲਗਪਗ 15 ਤੋਂ 20 ਮਿੰਟ ਤੱਕ ਗੱਲ ਕੀਤੀ। ਇਸ ਲਈ ਮੈਂ ਜਾਣ ਦੀ ਇਜਾਜ਼ਤ ਮੰਗੀ ਅਤੇ ਉਸੇ ਰਾਤ ਜਲੰਧਰ ਵਾਪਸ ਆ ਗਿਆ।÷ ਬਾਜਵਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਅੱਧ ਵਿਚਕਾਰੋਂ ਬਾਹਰ ਆਉਣ ਜਾਂ ਗੁੱਸੇ ਵਿੱਚ ਜਾਣ ਦੇ ਦਾਅਵੇ ਪੂਰੀ ਤਰ੍ਹਾਂ ਬੇਬੁਨਿਆਦ÷ ਹਨ। ਉਨ੍ਹਾਂ ਇਸ਼ਾਰਾ ਕੀਤਾ ਕਿ ਅਧਿਕਾਰਤ ਬ੍ਰੀਫਿੰਗ ਬਾਅਦ ਵਿੱਚ ਪਾਰਟੀ ਦੇ ਜਨਰਲ ਸਕੱਤਰ ਦੁਆਰਾ ਕੀਤੀ ਗਈ ਸੀ।

# ਪੰਜਾਬ ਸਰਕਾਰ ਦਾ ਇਤਿਹਾਸਕ ਫੈਸਲਾ: ਠੇਕੇਦਾਰੀ ਸਿਸਟਮ ਖ਼ਤਮ, 65 ਹਜ਼ਾਰ ਆਊਟਸੋਰਸ ਕਾਮੇ ਹੁਣ ਸਿੱਧੇ ਸਰਕਾਰੀ ਕੰਟਰੈਕਟ ਅਧੀਨ

## ਪੰਜ ਸਾਲ ਦੀ ਨੌਕਰੀ ਪੂਰੀ ਕਰਨ ਵਾਲੇ ਕਾਮਿਆਂ ਨੂੰ ਮਿਲੇਗਾ ਲਾਭ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਹਜ਼ਾਰਾਂ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਇੱਕ ਇਤਿਹਾਸਕ ਲੋਕ-ਪੱਖੀ ਫ਼ੈਸਲਾ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਐਲਾਨ ਕੀਤਾ ਹੈ ਕਿ ਸੂਬੇ ਦੇ 65 ਹਜ਼ਾਰ ਤੋਂ ਵਧੇਰੇ ਆਊਟਸੋਰਸ ਮੁਲਾਜ਼ਮਾਂ ਨੂੰ ਠੇਕੇਦਾਰੀ ਸਿਸਟਮ ਵਿੱਚੋਂ ਮੁਕਤ ਕਰਕੇ ਸਿੱਧਾ ਸਰਕਾਰੀ ਕੰਟਰੈਕਟ (ਠੇਕੇ) ਦੇ ਅਧੀਨ ਲਿਆਂਦਾ ਜਾਵੇਗਾ। ਸਰਕਾਰ ਦੇ ਇਸ ਕਦਮ ਨੂੰ ਸੂਬੇ ਵਿੱਚ ਰੁਜ਼ਗਾਰ ਅਤੇ ਮੁਲਾਜ਼ਮ ਭਲਾਈ ਦੇ ਖੇਤਰ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਸੁਧਾਰ ਮੰਨਿਆ ਜਾ ਰਿਹਾ ਹੈ।

ਸਰਕਾਰ ਵੱਲੋਂ ਤੈਅ ਕੀਤੇ ਗਏ ਨਵੇਂ ਨਿਯਮਾਂ ਮੁਤਾਬਕ, ਜਿਨ੍ਹਾਂ ਆਊਟਸੋਰਸ ਕਰਮਚਾਰੀਆਂ ਨੇ ਆਪਣੀ ਸਰਵਿਸ ਦੇ 5 ਸਾਲ ਪੂਰੇ ਕਰ ਲਏ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਿੱਧੇ ਸਰਕਾਰੀ ਕੰਟਰੈਕਟ 'ਤੇ ਲੈ ਲਿਆ ਜਾਵੇਗਾ। ਇਸ ਫ਼ੈਸਲੇ ਨਾਲ ਸੂਬੇ ਦੇ ਲਗਭਗ 26,400 ਮੁਲਾਜ਼ਮਾਂ ਨੂੰ ਤੁਰੰਤ ਸਿੱਧਾ ਲਾਭ ਪਹੁੰਚੇਗਾ ਅਤੇ ਉਹ ਤੁਰੰਤ ਪ੍ਰਭਾਵ ਨਾਲ



ਸਿੱਧੇ ਪੰਜਾਬ ਸਰਕਾਰ ਦੇ ਅਧੀਨ ਆ ਜਾਣਗੇ। ਸੂਬਾ ਸਰਕਾਰ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਖ਼ਤਰਨਾਕ ਅਤੇ ਜੋਖਮ ਭਰਪੂਰ ਡਿਊਟੀਆਂ ਨਿਭਾਉਣ ਵਾਲੇ ਕਰਮਚਾਰੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਹੈ। ਅਜਿਹੇ ਸਾਰੇ ਮੁਲਾਜ਼ਮਾਂ ਲਈ ਸੇਵਾ ਦੀ ਮਿਆਦ 5 ਸਾਲ ਤੋਂ ਘਟਾ ਕੇ ਮਹਿਜ਼ 3 ਸਾਲ ਰੱਖੀ ਗਈ ਹੈ। ਯਾਨੀ ਕਿ 3 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਜੋਖ਼ਮ ਭਰੇ ਕੰਮਾਂ ਵਾਲੇ ਮੁਲਾਜ਼ਮ ਵੀ ਸਿੱਧੇ ਸਰਕਾਰੀ ਕੰਟਰੈਕਟ ਦੇ ਹੱਕਦਾਰ ਬਣ ਜਾਣਗੇ। ਇਸ ਨਵੀਂ ਪ੍ਰਣਾਲੀ ਨਾਲ ਠੇਕੇਦਾਰੀ ਸਿਸਟਮ ਖ਼ਤਮ ਹੋਣ ਨਾਲ ਹੁਣ ਮੁਲਾਜ਼ਮਾਂ ਦੀ ਤਨਖ਼ਾਹ ਬਿਨਾਂ ਕਿਸੇ ਕਟੌਤੀ ਦੇ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋਵੇਗੀ। ਸਾਰਿਆਂ ਕੰਟਰੈਕਟ ਮੁਲਾਜ਼ਮਾਂ ਨੂੰ PF (ਪ੍ਰੋਵੀਡੈਂਟ ਫੰਡ), ESI (ਮੈਡੀਕਲ ਸਹੂਲਤ) ਅਤੇ ਗ੍ਰੈਚੁਟੀ ਸਮੇਤ ਸਾਰੀਆਂ ਕਾਨੂੰਨੀ ਸਹੂਲਤਾਂ ਦਾ ਲਾਭ ਮਿਲੇਗਾ।ਹੁਣ ਕੋਈ ਵੀ ਵਿਭਾਗ ਕਿਸੇ ਵੀ ਮੁਲਾਜ਼ਮ ਨੂੰ ਮਨਮਰਜ਼ੀ ਨਾਲ ਨੌਕਰੀ ਤੋਂ ਨਹੀਂ ਕੱਢ ਸਕੇਗਾ। ਕਿਸੇ ਨੂੰ ਵੀ ਹਟਾਉਣ ਤੋਂ ਪਹਿਲਾਂ ਲਿਖਤੀ ਕਾਰਨ ਦੇਣਾ ਹੋਵੇਗਾ ਅਤੇ ਮੁਲਾਜ਼ਮ ਨੂੰ ਆਪਣਾ ਪੱਖ ਰੱਖਣ ਲਈ ਸੁਣਵਾਈ ਦਾ ਪੂਰਾ ਮੌਕਾ ਦਿੱਤਾ ਜਾਵੇਗਾ।

# 1 ਜੂਨ ਤੋਂ 30 ਜੂਨ ਤੱਕ ਬੰਦ ਰਹਿਣਗੀਆਂ ਪੰਜਾਬ ਦੀਆਂ ਅਦਾਲਤਾਂ

**ਲੁਧਿਆਣਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰਮੀਆਂ ਦੀਆਂ ਛੁੱਟੀਆਂ ਦੇ ਚੱਲਦਿਆਂ ਪੂਰੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਸੈਸ਼ਨ ਅਦਾਲਤਾਂ (ਜ਼ਿਲ੍ਹਾ ਅਦਾਲਤਾਂ) ਅਤੇ ਹੇਠਲੀਆਂ ਅਦਾਲਤਾਂ ਦਾ ਰੋਜ਼ਾਨਾ ਦਾ ਆਮ ਕੰਮਕਾਜ 1 ਜੂਨ ਤੋਂ ਲੈ ਕੇ 30 ਜੂਨ ਤੱਕ ਬੰਦ ਰਹੇਗਾ।

ਇਸ ਛੁੱਟੀਆਂ ਦੇ ਸਮੇਂ ਦੌਰਾਨ, ਦੀਵਾਨੀ ਮਾਮਲਿਆਂ ਦੀ ਰੋਜ਼ਾਨਾ ਸੁਣਵਾਈ ਨਹੀਂ ਹੋਵੇਗੀ, ਜਦੋਂ ਕਿ ਫ਼ੌਜਦਾਰੀ (ਕ੍ਰਿਮੀਨਲ) ਅਦਾਲਤਾਂ 15 ਜੂਨ ਤੱਕ ਨਿਯਮਤ ਕਾਰਵਾਈ ਜਾਰੀ ਰੱਖਣਗੀਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਸ਼ਨ ਜੱਜ ਹਰਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ 16 ਜੂਨ ਤੋਂ 30 ਜੂਨ ਤੱਕ ਫ਼ੌਜਦਾਰੀ ਮਾਮਲਿਆਂ ਵਿੱਚ ਵੀ ਨਿਯਮਤ ਸੁਣਵਾਈ ਮੁਲਤਵੀ ਰਹੇਗੀ ਅਤੇ ਜ਼ਰੂਰੀ ਮਾਮਲਿਆਂ ਨੂੰ ਛੱਡ ਕੇ ਅਦਾਲਤਾਂ ਪੂਰੀ ਤਰ੍ਹਾਂ ਬੰਦ ਰਹਿਣਗੀਆਂ।

ਉਨ੍ਹਾਂ ਦੱਸਿਆ ਕਿ ਛੁੱਟੀਆਂ ਦੇ ਸਮੇਂ ਦੌਰਾਨ ਜ਼ਮਾਨਤ ਦੀਆਂ ਅਰਜ਼ੀਆਂ, ਸਟੇਅ (ਰੋਕ ਦੇ ਮਾਮਲੇ) ਅਤੇ ਹੋਰ ਹੰਗਾਮੀ ਮਾਮਲਿਆਂ ਸਮੇਤ ਜ਼ਰੂਰੀ ਕੇਸਾਂ ਦੀ ਸੁਣਵਾਈ ਯਕੀਨੀ ਬਣਾਉਣ ਲਈ, ਵੱਖ-ਵੱਖ ਅਦਾਲਤਾਂ ਦੇ ਜੁਡੀਸ਼ੀਅਲ ਅਫ਼ਸਰਾਂ (ਨਿਆਇਕ ਅਧਿਕਾਰੀਆਂ) ਦੀ ਡਿਊਟੀ ਰੋਸਟਰ ਤਿਆਰ ਕੀਤੀ ਗਈ ਹੈ।

ਇੱਕ ਵਿਸਤ੍ਰਿਤ ਸੂਚੀ ਵੀ ਜਾਰੀ ਕੀਤੀ ਗਈ ਹੈ, ਜਿਸ ਅਨੁਸਾਰ ਨਾਮਜ਼ਦ ਕੀਤੇ ਜੱਜ ਨਿਰਧਾਰਤ ਮਿਤੀਆਂ @ਤੇ ਜ਼ਰੂਰੀ ਮਾਮਲਿਆਂ ਦੀ ਸੁਣਵਾਈ ਕਰਨਗੇ ਤਾਂ ਜੋ ਅਦਾਲਤੀ ਛੁੱਟੀਆਂ ਦੌਰਾਨ ਮੁਕੱਦਮੇਬਾਜ਼ਾਂ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉੱਥੇ ਹੀ ਜ਼ਿਲ੍ਹਾ ਅਟਾਰਨੀ ਦਿਨੇਸ਼ ਕੁਮਾਰ ਵਰਮਾ ਨੇ ਦੱਸਿਆ ਕਿ ਛੁੱਟੀਆਂ ਦੇ ਇਨ੍ਹਾਂ ਦਿਨਾਂ ਵਿੱਚ ਵੈਕੇਸ਼ਨ ਕੋਰਟਾਂ (ਛੁੱਟੀਆਂ ਵਾਲੀਆਂ ਅਦਾਲਤਾਂ) ਅੱਗੇ ਸਰਕਾਰ ਦਾ ਪੱਖ ਪੇਸ਼ ਕਰਨ ਲਈ ਪ੍ਰੋਸੀਕਿਊਸ਼ਨ ਵਿਭਾਗ (ਇਸਤਗਾਸਾ ਵਿਭਾਗ) ਵੱਲੋਂ ਸਰਕਾਰੀ ਵਕੀਲਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ, ਤਾਂ ਜੋ ਸਰਕਾਰ ਨਾਲ ਜੁੜੇ ਹੋਏ ਜ਼ਰੂਰੀ ਮਾਮਲਿਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਹੀ ਤਰੀਕੇ ਨਾਲ ਨਿਪਟਾਇਆ ਜਾ ਸਕੇ।

# ਝਿੰਜਰ ਦੇ ਬੋਲੇਗਾ ਘਨੌਰ, ਬਦਲੇਗਾ ਦੌਰ ਪੈਦਲ ਮਾਰਚ ਦੇ ਪਹਿਲੇ ਦਿਨ ਲੋਕਾਂ ਦਾ ਮਿਲਿਆ ਭਰਵਾਂ ਹੁੰਗਾਰਾ

**ਘਨੌਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਘਨੌਰ ਦੇ ਇੰਚਾਰਜ ਸਰਦਾਰ ਸਰਬਜੀਤ ਸਿੰਘ ਝਿੰਜਰ ਨੇ ਸ਼ਨੀਵਾਰ ਨੂੰ ਪਿੰਡ ਆਕੜ ਸਥਿਤ ਗੁਰਦੁਆਰਾ ਸ੍ਰੀ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ ਤੋਂ ਆਪਣੇ 'ਬੋਲੇਗਾ ਘਨੌਰ, ਬਦਲੇਗਾ ਦੌਰ' ਪੈਦਲ ਮਾਰਚ ਦੀ ਸ਼ੁਰੂਆਤ ਕੀਤੀ। 8 ਜੂਨ ਤੱਕ ਚੱਲਣ ਵਾਲਾ ਇਹ ਪੈਦਲ ਮਾਰਚ ਹਲਕਾ ਘਨੌਰ ਦੇ 100 ਤੋਂ ਵੱਧ ਪਿੰਡਾਂ ਨੂੰ ਕਵਰ ਕਰੇਗਾ।

ਪਿੰਡ-ਪਿੰਡ ਪੈਦਲ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਝਿੰਜਰ ਨੇ ਵੱਖ-ਵੱਖ ਥਾਵਾਂ 'ਤੇ ਇਕੱਠਾਂ ਨੂੰ ਸੰਬੋਧਨ ਕੀਤਾ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਆਕੜ ਵਿੱਚ ਮਨਰੇਗਾ ਦੇ ਕੰਮ ਬੰਦ ਹੋਣ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਮਨਰੇਗਾ ਤਹਿਤ ਕੋਈ ਕੰਮ ਨਹੀਂ ਹੋਇਆ, ਜਿਸ ਕਾਰਨ ਦਿਹਾੜੀਦਾਰ ਮਜ਼ਦੂਰਾਂ ਦੇ ਰੋਜ਼ਗਾਰ ਦਾ ਇੱਕ ਵੱਡਾ ਸਾਧਨ ਖਤਮ ਹੋ ਗਿਆ ਹੈ।



ਪੈਦਲ ਮਾਰਚ ਦੌਰਾਨ ਇੱਕ ਭਾਵੁਕ ਪਲ ਦਾ ਜ਼ਿਕਰ ਕਰਦਿਆਂ ਝਿੰਜਰ ਨੇ ਦੱਸਿਆ ਕਿ ਉਨ੍ਹਾਂ ਦੀ ਮੁਲਾਕਾਤ ਇੱਕ ਦੁਖੀ ਮਾਤਾ ਨਾਲ ਹੋਈ, ਜੋ ਆਪਣੀਆਂ ਸਮੱਸਿਆਵਾਂ ਦੱਸਦਿਆਂ ਭਾਵੁਕ ਹੋ ਗਈ। ਉਸ ਨੇ ਕਿਹਾ ਕਿ ਅੱਜ ਤੱਕ ਕੋਈ ਵੀ ਉਸ ਦੀ ਗੱਲ ਸੁਣਨ ਨਹੀਂ ਆਇਆ। ਝਿੰਜਰ ਨੇ ਕਿਹਾ, ਅੱਜ ਮੈਂ ਆਪਣੇ ਸਮੁੱਚੇ ਕਾਫ਼ਲੇ ਨਾਲ ਉਸ ਮਾਤਾ ਦੇ ਘਰ ਗਿਆ ਅਤੇ ਭਾਰੇ ਮਨ ਨਾਲ ਉਸ ਦੀਆਂ ਸਾਰੀਆਂ ਗੱਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਹਨ ਕਿ ਮੌਜੂਦਾ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਮਝਣ ਅਤੇ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਉਨ੍ਹਾਂ ਘਨੌਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਆਪਣੇ ਤੱਕ ਸੀਮਤ ਨਾ ਰੱਖਣ। ਚਾਹੇ ਨਿੱਜੀ ਮਸਲਾ ਹੋਵੇ ਜਾਂ ਜਨਤਕ, ਲੋਕ ਨਿਡਰ ਹੋ ਕੇ ਆਪਣੀ ਗੱਲ ਉਨ੍ਹਾਂ ਤੱਕ ਪਹੁੰਚਾਉਣ ਤਾਂ ਜੋ ਉਹ ਉਨ੍ਹਾਂ ਦੀ ਆਵਾਜ਼ ਉੱਚੇ ਪੱਧਰ ਤੱਕ ਲੈ ਜਾ ਸਕਣ।

ਸਿਆਸੀ ਮੋਰਚੇ 'ਤੇ ਤਿੱਖਾ ਹਮਲਾ ਕਰਦਿਆਂ ਝਿੰਜਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ ਦੀ ਬਾਂਹ ਫੜੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰਾਂ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ, ਮੁਫ਼ਤ ਟਿਊਬਵੈੱਲ ਕੁਨੈਕਸ਼ਨ ਅਤੇ ਹੋਰ ਅਨੇਕਾਂ ਸਹੂਲਤਾਂ ਦੇ ਕੇ ਖੇਤੀਬਾੜੀ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸਾਨਾਂ ਨੂੰ ਮੀਟਿੰਗ ਲਈ ਬੁਲਾਇਆ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਆਮ ਆਦਮੀ ਪਾਰਟੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਝਿੰਜਰ ਨੇ ਕਿਹਾ, ਇਹ ਪੈਦਲ ਮਾਰਚ ਘਨੌਰ ਦੀ ਇੱਜ਼ਤ ਅਤੇ ਮਾਣ-ਸਨਮਾਨ ਨੂੰ ਮੁੜ ਬਹਾਲ ਕਰਨ ਲਈ ਕੱਢਿਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਇਹ ਸੱਚ ਦੱਸਣ ਲਈ ਕਿ ਆਮ ਆਦਮੀ ਪਾਰਟੀ ਇੱਕ 'ਟਰਾਲੀ ਚੋਰ ਪਾਰਟੀ' ਹੈ।

# ਸੀਤਾ ਨਗਰ ਦੇ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਲਈ ਪਵਨ ਦੀਵਾਨ ਨੇ ਕੀਤੀ ਮੀਟਿੰਗ

**ਲੁਧਿਆਣਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਸੀਤਾ ਨਗਰ ਇਲਾਕੇ ਦੇ ਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

ਮੀਟਿੰਗ ਦੌਰਾਨ ਲੋਕਾਂ ਨੇ ਕਾਨੂੰਨ-ਵਿਵਸਥਾ ਦੀ ਸਥਿਤੀ, ਵਧ ਰਹੀ ਮਹਿੰਗਾਈ ਅਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਲੈ ਕੇ ਚਿੰਤਾ ਪ੍ਰਗਟਾਈ।



ਪਵਨ ਦੀਵਾਨ ਨੇ ਕਿਹਾ ਕਿ ਸਰਕਾਰ ਨੂੰ ਇਸ਼ਤਿਹਾਰਾਂ ਰਾਹੀਂ ਵੱਡੇ-ਵੱਡੇ ਦਾਅਵੇ ਕਰਨ ਦੀ ਬਜਾਏ ਜ਼ਮੀਨੀ ਹਕੀਕਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕ ਮਹਿੰਗਾਈ ਅਤੇ ਸੁਰੱਖਿਆ ਸੰਬੰਧੀ ਮੁੱਦਿਆਂ ਕਾਰਨ ਪਰੇਸ਼ਾਨ ਹਨ ਅਤੇ ਸਰਕਾਰ ਨੂੰ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਇਸ ਮੌਕੇ ਪੀਸੀਸੀ ਮੈਂਬਰ ਸੁਸ਼ੀਲ ਮਲਹੋਤਰਾ, ਇੰਦਰਜੀਤ ਕਪੂਰ, ਨੀਰਜ ਬਿਰਲਾ, ਰੋਹਿਤ ਪਾਹਵਾ, ਪੁਲਕਿਤ ਚੌਧਰੀ, ਰਾਜੀਵ ਕਪੂਰ, ਅੰਕਿਤ ਜਿੰਦਲ, ਹਰਜੀਤ ਸਿੰਘ, ਵਿਜੈ ਅਰੋੜਾ, ਜਸਪਾਲ ਸ਼ਰਮਾ, ਮਨੋਹਰ ਜੈਨ, ਬਿੱਟੂ ਭੁੱਲਰ, ਹੈਪੀ ਅਤੇ ਮਨੁ ਚੌਧਰੀ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਵਿਜੀਲੈਂਸ ਬਿਊਰੋ ਵੱਲੋਂ ਪਾਵਰਕੌਮ ਦਾ ਅਕਾਊਂਟੈਂਟ 15,000 ਰੁਪਏ ਦੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ




**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਵੱਡੀ ਕਾਰਵਾਈ ਕਰਦਿਆਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਡਿਵੀਜ਼ਨ ਗੁਰਦਾਸਪੁਰ ਵਿਖੇ ਤਾਇਨਾਤ ਅਕਾਊਂਟਸ ਬ੍ਰਾਂਚ ਦੇ ਇੰਚਾਰਜ (ਅਕਾਊਂਟੈਂਟ) ਅੰਮ੍ਰਿਤਪਾਲ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅਧਿਕਾਰਕ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰਦਾਸਪੁਰ ਦੇ ਇਸਲਾਮਾਬਾਦ ਇਲਾਕੇ ਦੇ ਰਹਿਣ ਵਾਲੇ ਇੱਕ ਵਿਅਕਤੀ ਦੀ ਸ਼ਿਕਾਇਤ ਦੇ ਆਧਾਰ 'ਤੇ ਕਾਬੂ ਕੀਤਾ ਗਿਆ ਹੈ।

**ਡੀਏ (41) ਦੇ ਬਕਾਏ ਬਦਲੇ ਮੰਗੀ ਸੀ ਰਿਸ਼ਵਤ**

ਮਿਲੀ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਪਾਵਰਕੌਮ ਵਿਭਾਗ ਵਿੱਚੋਂ ਬਤੌਰ ਜੂਨੀਅਰ ਇੰਜੀਨੀਅਰ (•5) ਸੇਵਾਮੁਕਤ ਹੋਇਆ ਸੀ। ਸੇਵਾਮੁਕਤੀ ਤੋਂ ਬਾਅਦ ਉਸ ਦਾ ਮਹਿੰਗਾਈ ਭੱਤਾ (41) ਅਤੇ ਪੇਅ-ਫਿਕਸੇਸ਼ਨ (ਤਨਖ਼ਾਹ ਨਿਰਧਾਰਨ) ਦੇ ਬਕਾਏ ਵਿਭਾਗ ਵੱਲ ਪੈਂਡਿੰਗ ਸਨ। ਇਸ ਸਬੰਧੀ ਉਹ ਗੁਰਦਾਸਪੁਰ ਡਿਵੀਜ਼ਨ ਦੇ ਅਕਾਊਂਟਸ ਬ੍ਰਾਂਚ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਨੂੰ ਮਿਲਿਆ ਸੀ। ਦੋਸ਼ ਹੈ ਕਿ ਅਕਾਊਂਟੈਂਟ ਨੇ ਇਨ੍ਹਾਂ ਰੁਕੇ ਹੋਏ ਫੰਡਾਂ ਅਤੇ ਬਕਾਏ ਦੀ ਫ਼ਾਈਲ ਨੂੰ ਕਲੀਅਰ ਕਰਨ ਬਦਲੇ 15,000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਕੋਲ ਦੋਸ਼ ਲਗਾਇਆ ਕਿ ਉਕਤ ਮੁਲਜ਼ਮ ਅਕਾਊਂਟੈਂਟ ਉਸ ਦੇ ਹੱਕੀ ਪੈਸੇ ਜਾਰੀ ਕਰਨ ਬਦਲੇ ਉਸ ਨੂੰ ਪਿਛਲੇ ਕਰੀਬ ਡੇਢ ਸਾਲ (1.5 ਸਾਲ) ਤੋਂ ਲਗਾਤਾਰ ਪਰੇਸ਼ਾਨ ਕਰ ਰਿਹਾ ਸੀ ਅਤੇ ਚੱਕਰ ਕਟਵਾ ਰਿਹਾ ਸੀ। ਸ਼ਿਕਾਇਤਕਰਤਾ ਨੇ ਸਮਝਦਾਰੀ ਦਿਖਾਉਂਦੇ ਹੋਏ ਰਿਸ਼ਵਤ ਮੰਗੇ ਜਾਣ ਦੌਰਾਨ ਮੁਲਜ਼ਮ ਨਾਲ ਹੋਈ ਸਾਰੀ ਗੱਲਬਾਤ ਨੂੰ ਆਪਣੇ ਮੋਬਾਈਲ ਵਿੱਚ ਰਿਕਾਰਡ ਕਰ ਲਿਆ। ਰਿਸ਼ਵਤ ਨਾ ਦੇਣ ਦੇ ਇੱਛੁਕ ਸੇਵਾਮੁਕਤ ਜੇ.ਈ. ਨੇ ਇਸ ਸਬੰਧੀ ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਤੱਕ ਪਹੁੰਚ ਕੀਤੀ। ਸ਼ਿਕਾਇਤ ਦੀ ਪੁਸ਼ਟੀ ਕਰਨ ਤੋਂ ਬਾਅਦ ਵਿਜੀਲੈਂਸ ਦੀ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਜਾਲ ਵਿਛਾਇਆ। ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਜਿਵੇਂ ਹੀ ਸ਼ਿਕਾਇਤਕਰਤਾ ਨੇ ਅਕਾਊਂਟੈਂਟ ਅੰਮ੍ਰਿਤਪਾਲ ਸਿੰਘ ਨੂੰ ਰਿਸ਼ਵਤ ਦੇ 15,000 ਰੁਪਏ ਫੜਾਏ, ਤਾਂ ਵਿਜੀਲੈਂਸ ਟੀਮ ਨੇ ਉਸ ਨੂੰ ਮੌਕੇ 'ਤੇ ਹੀ ਰੰਗੇ ਹੱਥੀਂ ਦਬੋਚ ਲਿਆ।ਵਿਜੀਲੈਂਸ ਅਧਿਕਾਰੀਆਂ ਮੁਤਾਬਕ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਦੇ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਦਾ ਐਲਾਨ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸਕੂਲਾਂ ਵਿੱਚ 1 ਜੂਨ ਤੋਂ 30 ਜੂਨ ਤੱਕ ਗਰਮੀ ਦੀਆਂ ਛੁੱਟੀਆਂ (ਸਮਰ ਵੇਕੇਸ਼ਨ) ਕਰਨ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਸਿੱਖਿਆ ਵਿਭਾਗ ਵੱਲੋਂ ਬਕਾਇਦਾ ਨੋਟੀਫਿਕੇਸ਼ਨ ਅਤੇ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਸਕੱਤਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਫੈਸਲਾ ਸੂਬੇ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ 'ਤੇ ਬਰਾਬਰ ਰੂਪ ਵਿੱਚ ਲਾਗੂ ਹੋਵੇਗਾ।

ਜਾਰੀ ਕੀਤੇ ਗਏ ਅਕਾਦਮਿਕ ਕੈਲੰਡਰ ਅਤੇ ਸਰਕਾਰੀ ਹੁਕਮਾਂ ਮੁਤਾਬਕ, 1 ਜੂਨ ਤੋਂ ਸ਼ੁਰੂ ਹੋ ਕੇ ਇਹ ਛੁੱਟੀਆਂ 30 ਜੂਨ ਤੱਕ ਜਾਰੀ ਰਹਿਣਗੀਆਂ ਅਤੇ ਇਸ ਤੋਂ ਬਾਅਦ 1 ਜੁਲਾਈ ਨੂੰ ਸਾਰੇ ਸਕੂਲ ਆਪਣੇ ਪੂਰਵ ਨਿਰਧਾਰਿਤ ਸਮੇਂ ਅਨੁਸਾਰ ਦੁਬਾਰਾ ਖੁੱਲ੍ਹਣਗੇ। ਗੌਰਤਲਬ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੀ ਭਿਆਨਕ ਗਰਮੀ ਅਤੇ ਲੂ (ਹੀਟਵੇਵ) ਦੇ ਕਾਰਨ ਸਕੂਲੀ ਬੱਚਿਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਮਾਪਿਆਂ ਵੱਲੋਂ ਵੀ ਛੁੱਟੀਆਂ ਜਲਦੀ ਕਰਨ ਦੀ ਮੰਗ ਕੀਤੀ ਜਾ ਰਹੀ ਸੀ, ਜਿਸ 'ਤੇ ਮੋਹਰ ਲਾਉਂਦਿਆਂ ਸਰਕਾਰ ਨੇ ਹੁਣ 30 ਦਿਨਾਂ ਦੀਆਂ ਇਨ੍ਹਾਂ ਛੁੱਟੀਆਂ ਦਾ ਰਸਮੀ ਐਲਾਨ ਕਰ ਦਿੱਤਾ ਹੈ। ਵਿਭਾਗ ਨੇ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ।

# ਅਣਪਛਾਤਿਆਂ ਵੱਲ ਆਰ.ਟੀ.ਆਈ. ਕਾਰਕੁਨ ਸਿਮਰਨਜੀਤ ਸਿੰਘ ਦਾ ਗੋਲੀਆਂ ਮਾਰ ਕੇ ਕਤਲ

**ਫਗਵਾੜਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਮਹੇੜੂ ਖੇਤਰ ਵਿੱਚ ਪੈਂਦੇ ਲਾਅ ਗੇਟ ਨੇੜੇ ਅੱਜ ਦਿਨ-ਦਿਹਾੜੇ ਉਸ ਸਮੇਂ ਦਹਿਸ਼ਤ ਫੈਲ ਗਈ, ਜਦੋਂ ਕੁਝ ਅਣਪਛਾਤੇ ਹਮਲਾਵਰਾਂ ਵੱਲੋਂ ਇੱਕ ਨੌਜਵਾਨ ਆਰ.ਟੀ.ਆਈ. ਕਾਰਕੁਨ 'ਤੇ ਗੋਲੀਆਂ ਚਲਾ ਕੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸਿਮਰਨਜੀਤ ਸਿੰਘ ਵਜੋਂ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿਮਰਨਜੀਤ ਸਿੰਘ ਮਹੇੜੂ ਦੇ ਲਾਅ ਗੇਟ ਨੇੜੇ ਮੌਜੂਦ ਸਨ ਕਿ ਇਸੇ ਦੌਰਾਨ ਅਚਾਨਕ ਕੁਝ ਅਣਪਛਾਤੇ ਨੌਜਵਾਨ ਉੱਥੇ ਪਹੁੰਚੇ। ਹਮਲਾਵਰਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਕਾਰਨ ਸਿਮਰਨਜੀਤ ਸਿੰਘ



ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਕੇ ਉੱਥੇ ਹੀ ਡਿੱਗ ਪਏ

ਵਾਰਦਾਤ ਤੋਂ ਤੁਰੰਤ ਬਾਅਦ ਆਸ-ਪਾਸ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਇਲਾਜ ਲਈ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਵਕੀਲ ਦੀ ਮੌਤ ਦੀ ਪੁਸ਼ਟੀ ਹੋਣ ਤੋਂ ਬਾਅਦ ਇਲਾਕੇ ਦੇ ਕਾਨੂੰਨੀ ਭਾਈਚਾਰੇ ਅਤੇ ਸਥਾਨਕ ਲੋਕਾਂ ਵਿੱਚ ਭਾਰੀ ਰੋਸ ਤੇ ਸੋਗ ਦੀ ਲਹਿਰ ਦੌੜ ਗਈ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲੀਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਭਾਰੀ ਪੁਲੀਸ ਫੋਰਸ ਸਮੇਤ ਮੌਕੇ 'ਤੇ ਪਹੁੰਚ ਗਏ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲੀਸ ਵੱਲੋਂ ਆਸ-ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ। ਵਾਰਦਾਤ ਦੇ ਪਿੱਛੇ ਕੀ ਕਾਰਨ ਸਨ, ਇਸ ਬਾਰੇ ਅਜੇ ਤੱਕ ਸਥਿਤੀ ਸਪੱਸ਼ਟ ਨਹੀਂ ਹੋ ਸਕੀ ਹੈ।

# ਮੋਹਾਲੀ ਮਿਊਂਸੀਪਲ ਕਾਰਪੋਰੇਸ਼ਨ ਦੀ ਚੋਣ ਅਮਲ ਦੌਰਾਨ ਜਮਹੂਰੀਅਤ ਦਾ ਨੰਗਾ ਚਿੱਟਾ ਕਤਲ ਹੋਇਆ:ਬਲਬੀਰ ਸਿੱਧੂ

## ਸੂਬਾ ਚੋਣ ਕਮਿਸ਼ਨਰ ਤੋਂ ਵਾਰਡ ਨੰਬਰ 23 ਦੇ ਪੋਲਿੰਗ ਬੂਥ ਨੰਬਰ 93 ਅਤੇ ਵਾਰਡ ਨੰਬਰ 2 ਦੇ ਬੂਥ ਨੰਬਰ 7 ਅਤੇ ਵਾਰਡ ਨੰਬਰ 4 ਦੇ ਬੂਥ ਨੰਬਰ 17 ਦੀ ਚੋਣ ਮੁੜ ਕਰਵਾਉਣ ਦੀ ਕੀਤੀ ਮੰਗ; ਵਾਰਡਾਂ ਵਿੱਚ ਹੋਈ ਬੋਗਸ ਵੋਟਿੰਗ ਦੀ ਉਚ ਪੱਧਰੀ ਜਾਂਚ ਹੋਵੇ

**ਮੋਹਾਲੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਨਗਰ ਨਿਗਮ ਚੋਣਾਂ ਦੇ ਅਮਲ, ਖਾਸ ਕਰਕੇ ਵੋਟਾਂ ਦੀ ਗਿਣਤੀ ਦੌਰਾਨ ਹੋਈਆਂ ਕਥਿਤ ਬੇਨਿਯਮੀਆਂ ਨੂੰ ਲੋਕਤੰਤਰ ਉੱਤੇ ਗੰਭੀਰ ਝਟਕਾ ਕਰਾਰ ਦਿੰਦਿਆਂ ਸੂਬਾ ਚੋਣ ਕਮਿਸ਼ਨ ਤੋਂ ਵਾਰਡ ਨੰਬਰ 23 ਦੇ ਬੂਥ ਨੰਬਰ 93 ਅਤੇ ਵਾਰਡ ਨੰਬਰ 2 ਦੇ ਬੂਥ ਨੰਬਰ 7 ਅਤੇ ਵਾਰਡ ਨੰਬਰ 4 ਦੇ ਬੂਥ ਨੰਬਰ 17 ਦੀ ਚੋਣ ਰੱਦ ਕਰਕੇ ਮੁੜ ਕਰਵਾਉਣ ਦੀ ਮੰਗ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਧੂ ਨੇ ਦੋਸ਼ ਲਗਾਇਆ ਕਿ ਵਾਰਡ ਨੰਬਰ 23 ਦੇ ਪੋਲਿੰਗ ਬੂਥ ਨੰਬਰ 93 ਅਤੇ ਵਾਰਡ ਨੰਬਰ 2 ਦੇ ਬੂਥ ਨੰਬਰ 7 ਅਤੇ ਵਾਰਡ ਨੰਬਰ 4 ਦੇ ਬੂਥ ਨੰਬਰ 17 ਵਿੱਚ ਵੋਟਿੰਗ ਅਤੇ ਗਿਣਤੀ ਦੌਰਾਨ ਗੰਭੀਰ ਖਾਮੀਆਂ ਸਾਹਮਣੇ ਆਈਆਂ। ਉਨ੍ਹਾਂ ਕਿਹਾ ਕਿ ਬੈਲਟ ਬਾਕਸ ਵਿਚੋਂ ਨਿਕਲੀਆਂ ਕਈ ਵੋਟ ਪਰਚੀਆਂ ਨਾਲ ਕਾਊਂਟਰਫਾਇਲ (ਰਸੀਦ ਵਾਲਾ ਹਿੱਸਾ) ਵੀ ਜੁੜਿਆ ਹੋਇਆ ਮਿਲਿਆ, ਜੋ ਚੋਣ ਪ੍ਰਕਿਰਿਆ ਦੇ ਨਿਯਮਾਂ ਦੀ ਉਲੰਘਣਾ ਹੈ ਅਤੇ ਬੋਗਸ ਵੋਟਿੰਗ ਦੀ ਸੰਭਾਵਨਾ ਨੂੰ ਮਜ਼ਬੂਤ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਹੋਰ ਵੀ ਚਿੰਤਾਜਨਕ ਗੱਲ ਇਹ ਸੀ ਕਿ ਕਈ ਕਾਊਂਟਰਫਾਇਲਾਂ ਉੱਤੇ ਵੋਟਰਾਂ ਦੇ ਦਸਤਖ਼ਤ ਜਾਂ ਅੰਗੂਠੇ ਦੇ ਨਿਸ਼ਾਨ ਮੌਜੂਦ ਨਹੀਂ ਸਨ। ਸਿੱਧੂ ਅਨੁਸਾਰ ਇਹ ਤੱਥ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਉੱਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ ਅਤੇ ਇਸ ਮਾਮਲੇ ਦੀ ਨਿਰਪੱਖ ਜਾਂਚ ਬਹੁਤ ਜ਼ਰੂਰੀ ਹੈ।

ਸਿੱਧੂ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਛੱਡ ਕੇ ਬਾਕੀ ਸਾਰੇ ਉਮੀਦਵਾਰਾਂ ਨੇ ਰਿਟਰਨਿੰਗ ਅਫ਼ਸਰ ਕੋਲ ਲਿਖਤੀ ਰੂਪ ਵਿੱਚ ਇਤਰਾਜ਼ ਦਰਜ ਕਰਵਾਉਂਦੇ ਹੋਏ ਇਸ ਬੂਥ ਦੀ ਗਿਣਤੀ ਰੋਕਣ ਅਤੇ ਨਤੀਜਾ ਨਾ ਐਲਾਨਣ ਦੀ ਮੰਗ ਕੀਤੀ ਸੀ। ਪਰ ਇਸ ਦੇ ਬਾਵਜੂਦ ਨਾ ਸਿਰਫ਼



ਗਿਣਤੀ ਜਾਰੀ ਰੱਖੀ ਗਈ, ਸਗੋਂ ਰਸੀਦ ਵਾਲੇ ਹਿੱਸਿਆਂ ਨੂੰ ਵੋਟ ਪਰਚੀਆਂ ਤੋਂ ਵੱਖ ਕਰਕੇ ਗਿਣਤੀ ਕਰਨ ਦੇ ਹੁਕਮ ਵੀ ਦਿੱਤੇ ਗਏ, ਜਿਸ ਨਾਲ ਚੋਣ ਅਮਲ ਦੀ ਨਿਰਪੱਖਤਾ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।

ਉਨ੍ਹਾਂ ਸੂਬਾ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਵਾਰਡ ਨੰਬਰ 23 ਦੇ ਪੋਲਿੰਗ ਬੂਥ ਨੰਬਰ 93 ਅਤੇ ਵਾਰਡ ਨੰਬਰ 2 ਦੇ ਬੂਥ ਨੰਬਰ 7 ਅਤੇ ਵਾਰਡ ਨੰਬਰ 4 ਦੇ ਬੂਥ ਨੰਬਰ 17 ਵਿੱਚ ਚੋਣ ਨੂੰ ਰੱਦ ਕਰਕੇ ਦੁਬਾਰਾ ਵੋਟਿੰਗ ਕਰਵਾਈ ਜਾਵੇ ਅਤੇ ਪੋਲਿੰਗ ਬੂਥ ਨੰਬਰ 93 ਨਾਲ ਸੰਬੰਧਤ ਸਾਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਇਸ ਦੇ ਨਾਲ ਹੀ ਇਹ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਕਥਿਤ ਬੇਨਿਯਮੀਆਂ ਦੀ ਜਾਣਕਾਰੀ ਹੋਣ ਦੇ ਬਾਵਜੂਦ ਰਿਟਰਨਿੰਗ ਅਫ਼ਸਰ ਨੇ ਕਿਸ ਆਧਾਰ 'ਤੇ ਗਿਣਤੀ ਜਾਰੀ ਰੱਖਣ ਅਤੇ ਨਤੀਜੇ ਐਲਾਨਣ ਦੀ ਇਜਾਜ਼ਤ ਦਿੱਤੀ।

ਸਿੱਧੂ ਨੇ ਇਹ ਵੀ ਦੋਸ਼ ਲਗਾਇਆ ਕਿ ਚੋਣ ਪ੍ਰਕਿਰਿਆ ਦੇ ਸ਼ੁਰੂਆਤੀ ਪੜਾਅ ਤੋਂ ਹੀ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਕਈ ਥਾਵਾਂ 'ਤੇ ਨਾਮਜ਼ਦਗੀਆਂ ਦਾਖ਼ਲ ਕਰਨ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਗਈਆਂ, ਇਤਰਾਜ਼ਹੀਣ ਸਰਟੀਫਿਕੇਟ ਜਾਰੀ ਕਰਨ ਵਿੱਚ ਦੇਰੀ ਕੀਤੀ ਗਈ ਅਤੇ ਬਿਨਾਂ ਵਾਜਬ ਕਾਰਨਾਂ ਦੇ ਕਈ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਿਰਪੱਖ ਅਤੇ ਆਜ਼ਾਦ ਚੋਣਾਂ ਦੇ ਕੀਤੇ ਜਾ ਰਹੇ ਦਾਅਵੇ ਇਨ੍ਹਾਂ ਘਟਨਾਵਾਂ ਦੇ ਮੱਦੇਨਜ਼ਰ ਖੋਖਲੇ ਸਾਬਤ ਹੋਏ ਹਨ। ਸਿੱਧੂ ਨੇ ਦੋਸ਼ ਲਾਇਆ ਕਿ ਕਈ ਥਾਵਾਂ 'ਤੇ ਬੋਗਸ ਵੋਟਿੰਗ ਅਤੇ ਪ੍ਰਸ਼ਾਸਨਿਕ ਦਖ਼ਲਅੰਦਾਜ਼ੀ ਰਾਹੀਂ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਗਿਆ, ਜਿਸ ਨਾਲ ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੋਣ ਪ੍ਰਣਾਲੀ ਵਿੱਚ ਲੋਕਾਂ ਦਾ ਭਰੋਸਾ ਕਾਇਮ ਰੱਖਣ ਲਈ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਤੁਰੰਤ ਅਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਹਰਵਿੰਦਰ ਸਿੰਘ ਧਾਰੀਵਾਲ ਫੇਜ਼ -6 ਉਮੀਦਵਾਰ ਵਾਰਡ ਨੰਬਰ-2, ਸ਼੍ਰੀ ਕੁਲਦੀਪ ਚੰਦ ਸੈਕਟਰ 66, ਰਘਬੀਰ ਸਿੰਘ ਫੇਜ਼-1, ਸ਼੍ਰੀ ਅਸ਼ੋਕ ਕੌਂਡਲ ਸਾਬਕਾ ਕੌਂਸਲਰ ਸਰਦਾਰ ਲਖਬੀਰ ਸਿੰਘ , ਸਰਦਾਰ ਕਰਮਜੀਤ ਸਿੰਘ ਸਿੱਧੂ ,ਸਤਵਿੰਦਰ ਸਿੰਘ ਗਰੇਵਾਲ ਜੀ ਵੀ ਹਾਜ਼ਰ ਸਨ।

# ਸਿਹਤ ਮੰਤਰੀ ਵੱਲੋਂ ਵਾਤਾਵਰਣ ਪਾਰਕ ਨੂੰ ਹੋਰ ਹਰਿਆ-ਭਰਾ ਬਣਾਉਣ ਲਈ ਵਿਸ਼ੇਸ਼ ਯੋਜਨਾ 'ਤੇ ਚਰਚਾ



**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਵਾਤਾਵਰਣ ਪਾਰਕ ਵਿਖੇ ਫਰੈਂਡਜ਼ ਆਫ ਐਨਵਾਇਰਮੈਂਟ ਪਾਰਕ ਕਮੇਟੀ ਦੀ ਅਹਿਮ ਮੀਟਿੰਗ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਪਾਰਕ ਦੇ ਵਿਕਾਸ, ਵਾਤਾਵਰਣ ਦੀ ਸਾਂਭ-ਸੰਭਾਲ, ਹਰਿਆਲੀ ਵਧਾਉਣ ਲੋਕ ਭਲਾਈ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਫ਼-ਸੁਥਰਾ ਅਤੇ ਹਰਿਆ-ਭਰਾ ਵਾਤਾਵਰਣ ਮਨੁੱਖੀ ਸਿਹਤ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਅਤੇ ਬਦਲਦੇ ਮੌਸਮੀ ਹਾਲਾਤਾਂ ਦੇ ਮੱਦੇਨਜ਼ਰ ਰੁੱਖ ਲਗਾਉਣਾ ਅਤੇ ਵਾਤਾਵਰਣ ਦੀ ਰੱਖਿਆ ਕਰਨਾ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਤਾਵਰਣ ਸੰਭਾਲ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਪਰ ਇਨ੍ਹਾਂ ਯਤਨਾਂ ਨੂੰ ਸਫਲ ਬਣਾਉਣ ਲਈ ਆਮ ਲੋਕਾਂ ਦੀ ਭਾਗੀਦਾਰੀ ਵੀ ਉਤਨੀ ਹੀ ਮਹੱਤਵਪੂਰਨ ਹੈ।

ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਹਾਜ਼ਰ ਸਥਾਨਕ ਨਿਵਾਸੀਆਂ ਅਤੇ ਕਮੇਟੀ ਮੈਂਬਰਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਪਾਰਕ ਦੇ ਰੱਖ-ਰਖਾਅ, ਸਫ਼ਾਈ, ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਹੋਰ ਵਿਕਾਸ ਕਾਰਜਾਂ ਸਬੰਧੀ ਮਿਲੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਸਮੱਸਿਆਵਾਂ ਦੇ ਜਲਦ ਹੱਲ ਲਈ ਦਿਸ਼ਾ-ਨਿਰਦੇਸ਼ ਦਿੱਤੇ।

ਮੀਟਿੰਗ ਦੌਰਾਨ ਪਾਰਕ ਵਿੱਚ ਵੱਡੇ ਪੱਧਰ 'ਤੇ ਬੂਟੇ ਲਗਾਉਣ ਅਤੇ ਹਰਿਆਲੀ ਨੂੰ ਹੋਰ ਵਧਾਉਣ ਸਬੰਧੀ ਵੀ ਵਿਸ਼ੇਸ਼ ਚਰਚਾ ਕੀਤੀ ਗਈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਰੁੱਖ ਨਾ ਸਿਰਫ਼ ਵਾਤਾਵਰਣ ਨੂੰ ਸ਼ੁੱਧ ਬਣਾਉਂਦੇ ਹਨ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਅਤੇ ਸੁੰਦਰ ਮਾਹੌਲ ਵੀ ਯਕੀਨੀ ਬਣਾਉਂਦੇ ਹਨ। ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਫਰੈਂਡਜ਼ ਆਫ ਐਨਵਾਇਰਮੈਂਟ ਪਾਰਕ ਕਮੇਟੀ ਦੇ ਪ੍ਰਧਾਨ ਸ੍ਰੀ ਜਸਵਿੰਦਰ ਸਿੰਘ ਟਿਵਾਣਾ ਨੇ ਕਮੇਟੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਮੇਟੀ ਕਈ ਸਾਲਾਂ ਤੋਂ ਵਾਤਾਵਰਣ ਸੁਰੱਖਿਆ ਅਤੇ ਪਾਰਕ ਦੇ ਵਿਕਾਸ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਰੁੱਖ ਲਗਾਉਣ, ਸਫ਼ਾਈ ਮੁਹਿੰਮਾਂ ਚਲਾਉਣ ਅਤੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਪਾਰਕ ਦੇ ਵਿਕਾਸ ਲਈ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਮਿਲ ਰਹੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਵਾਤਾਵਰਣ ਸੰਭਾਲ ਲਈ ਮਿਲ ਕੇ ਕੰਮ ਕਰਨ ਦਾ ਸੰਕਲਪ ਲਿਆ।

# ਨਗਰ ਪੰਚਾਇਤ ਭਿੱਖੀਵਿੰਡ ਦੇ 13 ਵਾਰਡਾਂ ਚੋਂ ਆਮ ਆਦਮੀ ਪਾਰਟੀ ਦੇ 7, ਸ਼੍ਰੋਮਣੀ ਅਕਾਲੀ ਦਲ ਦੇ 3, ਕਾਂਗਰਸ ਦੇ 2 ਅਤੇ 1 ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ

**ਤਰਨਤਾਰਨ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਆਮ ਚੋਣਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਗਿਣਤੀ ਦਾ ਕੰਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ ਅਤੇ ਗਿਣਤੀ ਤੋਂ ਬਾਅਦ ਮੌਕੇ 'ਤੇ ਹੀ ਨਤੀਜੇ ਐਲਾਨ ਦਿੱਤੇ ਗਏ। ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ 19 ਵਾਰਡਾਂ ਵਿੱਚੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ 9, ਆਮ ਆਦਮੀ ਪਾਰਟੀ ਦੇ 6 ਅਤੇ 4 ਆਜ਼ਾਦ ਉਮੀਦਵਾਰ ਜੇਤੂ ਰਹੇ। ਇਸੇ ਤਰ੍ਹਾਂ ਨਗਰ ਪੰਚਾਇਤ ਭਿੱਖੀਵਿੰਡ ਦੇ 13 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 7, ਸ਼੍ਰੋਮਣੀ ਅਕਾਲੀ ਦਲ ਦੇ 3, ਇੰਡੀਅਨ ਨੈਸ਼ਨਲ ਕਾਂਗਰਸ ਦੇ 2 ਅਤੇ 1 ਆਜ਼ਾਦ ਉਮੀਦਵਾਰ ਜੇਤੂ ਰਿਹਾ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਕੁਲਵਿੰਦਰ ਕੌਰ, ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਹੰਸ ਰਾਜ, ਵਾਰਡ ਨੰਬਰ 3 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਮਨਦੀਪ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਸੁਨੀਲ ਕੁਮਾਰ, ਵਾਰਡ ਨੰਬਰ 5 ਤੋਂ ਆਜ਼ਾਦ ਉਮੀਦਵਾਰ ਆਸ਼ਾ ਰਾਣੀ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਰਾਜਪ੍ਰੀਤ ਸਿੰਘ, ਵਾਰਡ ਨੰਬਰ 7 ਤੋਂ ਆਜ਼ਾਦ ਉਮੀਦਵਾਰ ਸ਼ੀਨਾ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਸੁਖਨਿੰਦਰ ਸਿੰਘ, ਵਾਰਡ ਨੰਬਰ 9 ਤੋਂ ਆਮ ਆਦਮੀ ਪਾਰਟੀ ਦੀ ਰਜਵੰਤ ਕੌਰ, ਵਾਰਡ ਨੰਬਰ 10 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੋਮਲ ਕੁਮਾਰ ਜੈਨ, ਵਾਰਡ ਨੰਬਰ 11 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸੁਨੀਤਾ ਰਾਣੀ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਸੁਰਜੀਤ ਸਿੰਘ, ਵਾਰਡ ਨੰਬਰ 13 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਲਬੀਰ ਕੌਰ, ਵਾਰਡ ਨੰਬਰ 14 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਰਪ੍ਰੀਤ ਸਿੰਘ, ਵਾਰਡ ਨੰਬਰ 15 ਤੋਂ ਆਮ ਆਦਮੀ ਪਾਰਟੀ ਦੀ ਹਰਮੀਤ ਕੌਰ, ਵਾਰਡ ਨੰਬਰ 16 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਗਮੀਤ ਸਿੰਘ ਭੁੱਲਰ, ਵਾਰਡ ਨੰਬਰ 17 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਰਨਬੀਰ ਸਿੰਘ, ਵਾਰਡ ਨੰਬਰ 18 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਨਿਸ਼ਾਨ ਸਿੰਘ ਅਤੇ ਵਾਰਡ ਨੰਬਰ 19 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਮਨਜਿੰਦਰ ਕੌਰ ਜੇਤੂ ਰਹੀ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਨਗਰ ਪੰਚਾਇਤ ਭਿੱਖੀਵਿੰਡ ਦੇ ਵਾਰਡ ਨੰਬਰ 1 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮਨਜੀਤ ਸਿੰਘ, ਵਾਰਡ ਨੰਬਰ 3 ਤੋਂ ਆਮ ਆਦਮੀ ਪ੍ਰਾਰਟੀ ਦੀ ਜਸਬੀਰ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਬਖ਼ਸ਼ੀਸ਼ ਸਿੰਘ, ਵਾਰਡ ਨੰਬਰ 5 ਤੋਂ ਆਮ ਆਦਮੀ ਪਾਰਟੀ ਦੀ ਸਵਿੰਦਰ ਕੌਰ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਸਰਬਜੀਤ ਸਿੰਘ, ਵਾਰਡ ਨੰਬਰ 7 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਕਰਨਦੀਪ ਕੌਰ।

**ਪਤੀ-ਪਤਨੀ ਦਾ ਰਿਸ਼ਤਾ ਅਜਿਹਾ ਹੈ ਜਿਸ ਨੂੰ ਸੱਤ ਜਨਮਾਂ ਦਾ ਸਾਥ ਕਿਹਾ ਜਾਂਦਾ ਹੈ। ਕੁਝ ਲੋਕ ਇਸ ਰਿਸ਼ਤੇ ਦੇ ਮਹੱਤਵ ਨੂੰ ਨਹੀਂ ਸਮਝਦੇ। ਉਹ ਨਿੱਤ ਕਿਸੇ ਨਾ ਕਿਸੇ ਗੱਲ ਦਾ ਕਲੇਸ਼ ਪਾ ਕੇ ਬੈਠ ਜਾਂਦੇ ਹਨ। ਅਜਿਹੀ ਹਾਲਤ 'ਚ ਘਰ ਦੀ ਸ਼ਾਂਤੀ ਖ਼ਤਮ ਹੋ ਜਾਂਦੀ ਹੈ...**

# ਰਿਸ਼ਤੇ ਨੂੰ ਬਣਾਵੇ ਖ਼ੂਬਸੂਰਤ ਚੰਗੀ ਬੋਲ-ਬਾਣੀ

ਨੂਰਦੀਪ ਕੋਮਲ

ਆਧੁਨਿਕ ਯੁੱਗ ਤੇਜ਼ੀ ਦਾ ਦੌਰ ਹੈ। ਹਰ ਵਿਅਕਤੀ ਬਦਲਦੇ ਸਮੇਂ ਦੀ ਚਾਲ ਨਾਲ ਦੌੜ ਰਿਹਾ ਹੈ। ਇਨਸਾਨ ਇਸ ਦੌੜ ਵਿਚ ਇੰਨਾ ਵਿਅਸਥ ਹੋ ਗਿਆ ਹੈ ਕਿ ਉਸ ਦੇ ਜੀਵਨ ਦਾ ਤਾਣਾ-ਬਾਣਾ ਹੀ ਉਲਝ ਗਿਆ ਹੈ। ਦਿਨ ਭਰ ਦੀ ਥਕਾਵਟ ਭਰੀ ਜ਼ਿੰਦਗੀ ਉਸ ਦੀ ਮਾਨਸਿਕਤਾ 'ਤੇ ਇਸ ਕਦਰ ਹਾਵੀ ਹੋ ਗਈ ਹੈ ਕਿ ਉਸ ਦਾ ਸੁਭਾਅ ਚਿੜਚਿੜਾ ਹੋ ਗਿਆ ਹੈ। ਉਹ ਮਾਨਸਿਕ ਤੌਰ 'ਤੇ ਹਰ ਵਕਤ ਖਿਝਿਆ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਉਹ ਨਾ ਤਾਂ ਚੈਨ ਦੀ ਜ਼ਿੰਦਗੀ ਜੀਅ ਪਾਉਂਦਾ ਹੈ ਤੇ ਨਾ ਹੀ ਚੈਨ ਦੀ ਨੀਂਦਰ ਸੌਂਦਾ ਹੈ। ਇਸੇ ਕਾਰਨ ਹੀ ਪਤੀ-ਪਤਨੀ ਵਿਚਲੇ ਲੜਾਈ-ਝਗੜੇ ਵਧਦੇ ਜਾ ਰਹੇ ਹਨ। ਅਕਸਰ ਵੇਖਣ ਵਿਚ ਆਇਆ ਹੈ ਕਿ ਅਜੋਕੇ ਦੌਰ ਵਿਚ ਹਰ ਵਿਅਕਤੀ ਆਪਣੀ ਸੋਚ ਨੂੰ ਮੁੱਖ ਰੱਖ ਕੇ ਜ਼ਿੰਦਗੀ ਦੇ ਫੈਸਲੇ ਲੈਂਦਾ ਹੈ। ਉਹ ਆਪਣੇ ਫ਼ੈਸਲਿਆਂ ਵਿਚ ਨਾ ਤਾਂ ਘਰ ਵਾਲਿਆਂ ਦੀ ਦਖ਼ਲ-ਅੰਦਾਜ਼ੀ ਪਸੰਦ ਕਰਦਾ ਹੈ ਤੇ ਨਾ ਬਾਹਰਲਿਆਂ ਦੀ। ਹਰ ਵਿਅਕਤੀ ਆਪਣੇ ਆਪ ਨੂੰ ਐਨਾ ਪਰਪੱਕ ਸਮਝਦਾ ਹੈ ਕਿ ਉਹ ਕਿਸੇ ਵੀ ਕੰਮ ਨੂੰ ਲੈ ਕੇ ਕਿਸੇ ਦੀ ਕੋਈ ਰਾਇ ਲੈਣਾ ਹੀ ਨਹੀਂ ਚਾਹੁੰਦਾ। ਪਤੀ-ਪਤਨੀ ਵਿਚਲੇ ਰਿਸ਼ਤੇ ਵਿਚ ਕੜਵਾਹਟ ਦਾ ਮੁੱਖ ਕਾਰਨ ਵੀ ਇਹੀ ਹੈ।

### ਸੰਸਾਰ ਦਾ ਉੱਤਮ ਰਿਸ਼ਤਾ

ਪਤੀ ਤੇ ਪਤਨੀ ਦਾ ਰਿਸ਼ਤਾ ਸੰਸਾਰ ਵਿਚ ਸਭ ਤੋਂ ਉੱਤਮ ਰਿਸ਼ਤਾ ਹੈ। ਪਤੀ ਅਤੇ ਪਤਨੀ ਆਪਸ ਵਿਚ ਹਰ ਗੱਲ, ਦੁੱਖ-ਸੁੱਖ ਸਾਂਝਾ ਕਰ ਸਕਦੇ ਹਨ। ਪਤੀ-ਪਤਨੀ ਜੇਕਰ ਜ਼ਿੰਦਗੀ ਵਿਚਲੇ ਦੁੱਖਾਂ ਨੂੰ ਆਪਸ ਵਿਚ ਵੰਡ ਲੈਂਦੇ ਹਨ ਤਾਂ ਇਹ ਦੁੱਖ ਘੱਟ ਕੇ ਅੱਧੇ ਰਹਿ ਜਾਂਦੇ ਹਨ। ਸਿਆਣੇ ਲੋਕ ਅਕਸਰ ਹੀ ਕਹਿੰਦੇ ਹਨ ਦੁੱਖ ਵੰਡਿਆਂ ਘੱਟ ਜਾਂਦਾ ਹੈ ਤੇ ਖ਼ੁਸ਼ੀ ਵੰਡਣ ਨਾਲ ਦੂਣੀ ਹੋ ਜਾਂਦੀ ਹੈ ਪਰ ਕਈ ਪਤੀ-ਪਤਨੀ ਰਿਸ਼ਤੇ ਦੀ ਖ਼ੂਬਸੂਰਤੀ ਨੂੰ ਨਹੀਂ ਸਮਝਦੇ, ਇਹੀ ਕਾਰਨ ਹੈ ਕਿ ਉਨ੍ਹਾਂ ਵਿਚ ਛੋਟੀਆਂ-ਮੋਟੀਆ ਗੱਲਾਂ 'ਤੇ ਹੀ ਵੱਡੇ ਝਗੜੇ ਹੋ ਜਾਂਦੇ ਹਨ। ਜੇਕਰ ਪਤੀ-ਪਤਨੀ ਇਕ ਦੂਜੇ ਦੀਆ ਜ਼ਰੂਰਤਾਂ ਨੂੰ ਸਮਝਣ ਤਾਂ ਉਹ ਆਪਣੇ ਵਿਚਲੇ ਰਿਸ਼ਤੇ ਦੀ ਤੰਦ ਨੂੰ ਹੋਰ ਮਜ਼ਬੂਤ ਕਰ ਸਕਦੇ ਹਨ। ਅਜੋਕੇ ਦੌਰ ਵਿਚ ਵਧਦੀ ਮਹਿੰਗਾਈ ਨੇ ਪਤੀ ਦੇ ਨਾਲ-ਨਾਲ ਪਤਨੀ ਨੂੰ ਵੀ ਕਮਾਉਣ ਲਈ ਮਜ਼ਬੂਰ ਕਰ ਦਿੱਤਾ ਹੈ। ਅੱਜ-ਕੱਲ੍ਹ ਪਤੀ ਅਤੇ ਪਤਨੀ ਦੋਵੇਂ ਮਿਲ ਕੇ ਕਮਾਉਂਦੇ ਤੇ ਪਰਿਵਾਰ ਪਾਲਦੇ ਹਨ ਪਰ ਇਹ ਅਕਸਰ ਵੇਖਣ ਵਿਚ ਆਇਆ ਹੈ ਕਿ ਉਹ ਦੋਵੇਂ ਆਪਣੇ-ਆਪਣੇ ਕਿੱਤੇ ਵਿਚ ਇਸ ਕਦਰ ਰੁੱਝ ਜਾਂਦੇ ਹਨ ਕਿ ਉਨ੍ਹਾਂ ਕੋਲ ਆਪਣੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਨਿਭਾਉਣ ਦਾ ਵੀ ਸਮਾਂ ਨਹੀਂ ਰਹਿੰਦਾ। ਇਸ ਤਰ੍ਹਾਂ ਬਹੁਤੇ ਲੋਕ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਨਰਕ ਬਣਾਈ ਰੱਖਦੇ ਹਨ। ਉਹ ਸਾਰੀ ਤਣਾਅ 'ਚ ਰਹਿੰਦੇ ਹਨ।



### ਮੁਸ਼ਕਲਾਂ ਦਾ ਹੱਲ ਲੱਭਣਾ

*ਅਜੋਕੇ ਦੌਰ ਦੇ ਮਨੁੱਖ ਨੂੰ ਪਰੇਸ਼ਾਨੀਆਂ ਨੇ ਘੇਰ ਰੱਖਿਆ ਹੈ ਪਰ ਪਤੀ-ਪਤਨੀ ਮਿਲ ਕੇ ਜੀਵਨ ਦੀਆਂ ਮੁਸ਼ਕਲਾਂ ਦਾ ਹੱਲ ਕੱਢ ਸਕਦੇ ਹਨ। ਜੇ ਪਤੀ-ਪਤਨੀ ਦਾ ਵਤੀਰਾ ਇਕ ਦੂਜੇ ਲਈ ਵਧੀਆ ਹੋਵੇਗਾ ਤਾਂ ਘਰ ਵਿਚ ਖ਼ੁਸ਼ੀ ਦਾ ਮਾਹੌਲ ਬਣਿਆ ਰਹੇਗਾ। ਪਤੀ-ਪਤਨੀ ਚਾਹੁਣ ਤਾਂ ਘਰ ਵਿਚ ਅਜਿਹੇ ਵਾਤਾਵਰਣ ਦੀ ਸਿਰਜਣਾ ਕਰ ਸਕਦੇ ਹਨ ਜਿਸ ਵਿਚ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨੂੰ ਵੀ ਬਿਹਤਰ ਬਣਾਇਆ ਜਾ ਸਕਦਾ ਹੈ। ਲੋੜ ਹੈ ਤਾਂ ਇਸ ਰਿਸ਼ਤੇ ਦੀ ਮਹੱਤਤਾ ਨੂੰ ਸਮਝਦੇ ਹੋਏ ਰਿਸ਼ਤੇ ਨੂੰ ਖ਼ੂਬਸੂਰਤੀ ਨਾਲ ਨਿਭਾਉਣ ਦੀ। ਬਹੁਤਿਆਂ ਕੇਸਾਂ ਵਿਚ ਪਤੀ-ਪਤਨੀ ਵਿਚਲੇ ਝਗੜੇ ਦਾ ਮੁੱਖ ਕਾਰਨ ਇਕ ਦੂਜੇ ਦੀ ਗੱਲ ਨੂੰ ਨਕਾਰਨਾ ਹੈ ਜੋ ਕਿ ਬਹੁਤ ਗ਼ਲਤ ਹੈ।*

### ਇਕ ਕਹੇ ਤੇ ਦੂਜਾ ਮੰਨੇ

ਪਤੀ-ਪਤਨੀ ਨੂੰ ਰਿਸ਼ਤੇ ਨੂੰ ਬਣਾਈ ਰੱਖਣ ਲਈ ਕੁੱਝ ਗੱਲਾਂ ਵਿਚ ਨਾ ਚਾਹੁੰਦੇ ਹੋਏ ਵੀ ਇਕ ਦੂਜੇ ਦੀ ਖ਼ੁਸ਼ੀ ਲਈ ਸਹਿਮਤ ਹੋਣਾ ਚਾਹੀਦਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ 'ਇਕ ਕਹੇ ਤੇ ਦੂਜਾ ਮੰਨੇ, ਫੇਰ ਉਹਦੀ ਰੱਬ ਵੀ ਨਾ ਭੰਨੇ।' ਕੁਝ ਗੱਲਾਂ ਜਿਵੇਂ ਕਿ ਦੂਜੇ ਦੀ ਗੱਲ ਮੰਨ ਕੇ ਚੱਲਣਾ, ਇਕ ਦੂਜੇ ਨੂੰ ਸਤਿਕਾਰ ਦੇਣਾ, ਇਕ ਦੂਜੇ ਦੀ ਸਲਾਹ ਨਾਲ ਕੰਮ ਕਰਨਾ, ਇਕ ਦੂਜੇ ਨੂੰ ਤਵੱਜੋ ਦੇਣਾ ਆਦਿ ਇਸ ਰਿਸ਼ਤੇ ਨੂੰ ਬਣਾਈ ਰੱਖਣ ਲਈ ਬਹੁਤ ਲਾਹੇਵੰਦ ਨੁਕਤੇ ਹਨ। ਪਤੀ-ਪਤਨੀ ਵਿਚਲੀ ਚੰਗੀ ਬੋਲ-ਬਾਣੀ ਵੀ ਰਿਸ਼ਤੇ ਵਿਚ ਮਿਠਾਸ ਦਾ ਕੰਮ ਕਰਦੀ ਹੈ। ਚੰਗੀ ਬੋਲ-ਬਾਣੀ ਰਿਸ਼ਤੇ ਨੂੰ ਨਿਖ਼ਾਰਣ ਦਾ ਕੰਮ ਕਰਦਾ ਹੈ। ਇਸ ਲਈ ਹਰ ਪਤੀ-ਪਤਨੀ ਨੂੰ ਚਾਹੀਦਾ ਹੈ ਕਿ ਵਿਚਾਰਾਂ ਦੀ ਸਾਂਝ ਵੇਲੇ ਚੰਗੀ ਬੋਲੀ ਦੀ ਵਰਤੋਂ ਕਰਨ ਤਾਂ ਜੋ ਉਨ੍ਹਾਂ ਵਿਚਲਾ ਪਿਆਰ ਬਣਿਆ ਰਹੇ। ਪਤੀ-ਪਤਨੀ ਦੋਹਾਂ ਦੇ ਹੀ ਇਕ ਦੂਜੇ ਪ੍ਰਤੀ ਕੁਝ ਫਰਜ਼ ਬਣਦੇ ਹਨ। ਪਤਨੀ ਨੂੰ ਚਾਹੀਦਾ ਹੈ ਕਿ ਉਹ ਇਸ ਖ਼ੂਬਸੂਰਤ ਰਿਸ਼ਤੇ ਨੂੰ ਸੋਹਣਾ ਬਣਾਉਣ ਲਈ ਹਰ ਸੰਭਵ ਯਤਨ ਕਰੇ। ਪਤੀ-ਪਤਨੀ ਦਾ ਸਾਥ ਅਜਿਹਾ ਹੈ ਜਿਸ ਨੂੰ ਸੱਤ ਜਨਮਾਂ ਦਾ ਸਾਥ ਕਿਹਾ ਜਾਂਦਾ ਹੈ ਪਰ ਕੁਝ ਲੋਕ ਇਸ ਰਿਸ਼ਤੇ ਦੇ ਮਹੱਤਵ ਨੂੰ ਨਹੀਂ ਸਮਝਦੇ ਅਤੇ ਨਿੱਤ ਕਿਸੇ ਨਾ ਕਿਸੇ ਗੱਲ ਦਾ ਕਲੇਸ਼ ਪਾ ਕੇ ਬੈਠ ਜਾਂਦੇ ਹਨ ਇਹੀ ਕਾਰਨ ਹੈ ਕਿ ਅੱਜ ਤਲਾਕਾਂ ਦੀ ਗਿਣਤੀ ਵਿਚ ਅੱਗੇ ਨਾਲੋਂ ਕਈ ਗੁਣਾ ਵਾਧਾ ਹੋਇਆ ਹੈ। ਪਤੀ-ਪਤਨੀ ਵਿਚਲੇ ਰਿਸ਼ਤੇ ਨੂੰ ਬਰਕਰਾਰ ਰੱਖਣ ਲਈ ਸਭ ਤੋਂ ਜ਼ਰੂਰੀ ਹੈ ਇਕ ਦੂਜੇ ਨੂੰ ਸਤਿਕਾਰ ਦੇਣਾ।

98146-34446

### ਇਕ ਦੂਜੇ 'ਤੇ ਵਿਸ਼ਵਾਸ

*ਅਕਸਰ ਵੇਖਿਆ ਗਿਆ ਹੈ ਕਿ ਸ਼ੱਕ ਵੀ ਪਤੀ-ਪਤਨੀ ਦੇ ਰਿਸ਼ਤੇ ਵਿਚ ਦਰਾਰ ਲਿਆਉਣ ਦਾ ਮੁੱਖ ਕਾਰਨ ਬਣਦਾ ਹੈ। ਪਤੀ-ਪਤਨੀ ਦਾ ਰਿਸ਼ਤਾ ਸੰਸਾਰ ਵਿਚ ਸਭ ਤੋਂ ਪਵਿੱਤਰ ਰਿਸ਼ਤਾ ਹੈ ਜੇ ਇਸ ਵਿਚ ਸ਼ੱਕ ਆ ਜਾਵੇ ਤਾਂ ਇਸ ਨੂੰ ਟੁੱਟਦੇ ਦੇਰ ਨਹੀਂ ਲਗਦੀ। ਇਸ ਨਾਲ ਰਿਸ਼ਤੇ ਵਿਚ ਇਕ ਦੂਜੇ 'ਤੇ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ। ਵਿਸ਼ਵਾਸ ਇਕ ਅਜਿਹਾ ਮਜ਼ਬੂਤ ਧਾਗਾ ਹੈ ਜੋ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤੀ ਨਾਲ ਜੋੜ ਕੇ ਰੱਖਦਾ ਹੈ। ਵਿਸ਼ਵਾਸ ਦੇ ਸਿਰ 'ਤੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਕੁਝ ਪਤੀ-ਪਤਨੀ ਨਿੱਤ ਹੀ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਝਗੜਦੇ ਰਹਿੰਦੇ ਹਨ ਇਸ ਨੇ ਨਾਲ ਇਕ ਤਾਂ ਉਨ੍ਹਾਂ ਦੇ ਰਿਸ਼ਤੇ ਵਿਚ ਕੜਵਾਹਟ ਦਾ ਵਾਧਾ ਹੁੰਦਾ ਹੈ ਦੂਜਾ ਉਨ੍ਹਾਂ ਦੇ ਬੱਚਿਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਸਿਆਣੇ ਆਖਦੇ ਹਨ ਕਿ ਨਿੱਤ ਦਾ ਕਲੇਸ਼ ਘਰਾਂ ਨੂੰ ਖਾ ਜਾਂਦਾ ਹੈ। ਪਤੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਤਨੀ ਨਾਲ ਵੱਧ ਤੋਂ ਵੱਧ ਸਮਾਂ ਬਿਤਾਏ ਅਤੇ ਉਸ ਦੀਆਂ ਗੱਲਾਂ ਨੂੰ ਸੁਣੇ ਅਤੇ ਆਪਣੀਆਂ ਗੱਲਾਂ ਨੂੰ ਉਸ ਨਾਲ ਸਾਂਝਾ ਕਰੇ ਤਾਂ ਜੋ ਉਹ ਇਕ ਦੂਜੇ ਦੇ ਨਜ਼ਦੀਕ ਰਹਿਣ ਅਤੇ ਉਨ੍ਹਾਂ ਵਿਚਲੀਆਂ ਦੂਰੀਆਂ ਨਾ ਬਣਨ।*



# ਯਾਦਾਂ ਦੀ ਖ਼ੁਸ਼ਬੋ



ਪ੍ਰੋ. ਹਰਜਿੰਦਰ ਭੋਤਨਾ

ਕਿਹਾ ਜਾਂਦਾ ਹੈ ਹਮੇਸ਼ਾਂ ਚੜ੍ਹਦਾ ਅਤੇ ਡੁੱਬਦਾ ਸੂਰਜ ਹੀ ਬਹੁਤ ਸੋਹਣਾ ਦ੍ਰਿਸ਼ ਪੇਸ਼ ਕਰਦਾ ਹੈ। ਅਸਲ ਵਿਚ ਇਸ ਘਟਨਾ ਚੱਕਰ ਦੇ ਦੋ ਹੀ ਪੱਖ ਹੁੰਦੇ ਹਨ ਇਕ ਉਹ ਸ਼ੁਰੂ ਤੋਂ ਅਗਲੇ ਪੜ੍ਹਾਅ ਵੱਲ ਵੱਧ ਰਿਹਾ ਹੁੰਦਾ ਹੈ ਦੂਜਾ ਪੱਖ ਜਿੱਥੇ ਉਹ ਆਪਣੇ ਮੁਕਾਮ ਦਾ ਆਖਰੀ ਹਿੱਸਾ ਪਾਰ ਕਰਦਾ ਹੈ। ਠੀਕ ਉਸੇ ਤਰ੍ਹਾਂ ਹੀ ਮਨੁੱਖੀ ਜੀਵਨ ਦਾ ਇਕ ਚੱਕਰ ਹੁੰਦਾ ਹੈ ਜੋ ਜਨਮ ਤੋਂ ਸ਼ੁਰੂ ਹੋ ਕੇ ਆਪਣੇ ਆਖਰੀ ਮੁਕਾਮ ਤਕ ਪਹੁੰਚਦਾ ਹੈ। ਇਸ ਲੰਬੀ ਜੀਵਨ ਸਾਧਨਾਂ ਵਿਚ ਮਨੁੱਖ ਨੂੰ ਅਨੇਕਾਂ ਜੀਵਨ ਸੰਘਰਸ਼ ਕਰਨੇ ਪੈਂਦੇ ਹਨ। ਜਿਸ ਵਿਚ ਦੁੱਖ-ਸੁੱਖ, ਜਿੱਤਾਂ ਹਾਰਾਂ, ਸਫ਼ਲਤਾਵਾਂ-ਅਸਫ਼ਲਤਾਵਾਂ, ਲੰਬੀ ਸਾਧਨਾਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖ ਇਸ ਸਾਧਨਾਂ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਹੈ। ਇਸ ਸੰਘਰਸ਼ ਨੂੰ ਆਪਣੇ ਹੱਡੀਂ ਹੰਢਾਉਂਦਾ ਹੈ। ਉਸ ਕੋਲ ਯਾਦਾਂ ਦਾ ਖਜ਼ਾਨਾਂ ਹੁੰਦਾ ਹੈ। ਦੂਜੇ ਪਾਸੇ ਜੀਵਨ ਸੰਘਰਸ਼ ਵਿੱਚੋਂ ਭੱਜਣ ਵਾਲੇ ਲੋਕਾਂ ਦਾ ਜੀਵਨ ਖੁਸ਼ਕ ਤੇ ਅਨਮੋਲ ਯਾਦਾਂ ਤੋਂ ਸੱਖਣਾ ਹੁੰਦਾ ਹੈ। ਉਹ ਲੋਕ ਅਸਲੀ ਜੀਵਨ ਅਨੰਦ ਤੋਂ ਸੱਖਣੇ ਹੁੰਦੇ ਹਨ। ਉਨ੍ਹਾਂ ਦੇ ਜੀਵਨ ਵਿਚ ਵਿਸਾਲਤਾ ਦੀ ਕਮੀਂ ਹੁੰਦੀ ਹੈ। ਬਹੁਤ ਸਾਰੇ ਲੋਕ ਬੇਸ਼ੁਮਾਰ ਧਨ ਦੌਲਤ, ਜ਼ਮੀਨ, ਮਕਾਨ, ਗਹਿਣੇ ਦੇ ਮਾਲਕ ਹੁੰਦੇ ਹਨ ਪਰ ਉਨ੍ਹਾਂ ਕੋਲ ਯਾਦਾਂ ਦਾ ਅਨਮੋਲ ਖਜ਼ਾਨਾਂ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਧਨ ਜੋੜਨ ਵਿਚ ਲਗਾ ਦਿੱਤੀ ਹੁੰਦੀ ਹੈ। ਜ਼ਿਆਦਾ ਧਨ ਜੋੜ੍ਹਨ ਲਈ ਉਮੰਗਾਂ ਨੂੰ ਦਬਾਉਣਾ ਪੈਂਦਾ ਹੈ। ਉਮੰਗਾਂ ਨੂੰ ਕਿਨਾਰੇ ਲਾ ਕੇ ਪ੍ਰਾਪਤ ਕੀਤੀ ਖ਼ੁਸ਼ੀ ਸਦੀਵੀ ਨਹੀਂ ਹੁੰਦੀ। ਉਨ੍ਹਾਂ ਨੇ ਜ਼ਿੰਦਗੀ ਨੂੰ ਮਾਣਿਆਂ ਨਹੀਂ ਹੁੰਦਾ। ਕੇਵਲ ਧਨ ਦੌਲਤ, ਸੰਪਤੀ, ਹੀਰੇ-ਮੋਤੀ ਹੀ ਜ਼ਾਇਦਾਦ ਨਹੀਂ ਹਨ। ਜੀਵਨ ਸੰਘਰਸ਼ ਕਰਦਿਆਂ ਜ਼ਿੰਦਗੀ ਦਾ ਅਨੰਦ ਮਾਣਦਿਆਂ ਇਕੱਠੀਆਂ ਕੀਤੀਆਂ ਕੀਮਤੀ ਯਾਦਾਂ ਵੀ ਜ਼ਿੰਦਗੀ ਦੀ ਜਾਇਦਾਦ ਹਨ। ਹਰ ਮਨੁੱਖ ਦੀਆਂ ਆਪਣੀਆਂ ਖਾਹਿਸ਼ਾਂ, ਉਮੰਗਾਂ ਹੁੰਦੀਆਂ ਹਨ। ਅਸੀਂ ਆਮ ਤੌਰ 'ਤੇ ਸੋਚਦੇ ਹਾਂ ਜਿਸ ਕੋਲ ਜ਼ਿਆਦਾ ਧਨ ਹੋਵੇਗਾ ਉਹ ਜ਼ਿਆਦਾ ਖ਼ੁਸ਼ ਹੋਵੇਗਾ ਪਰ ਬਹੁਤ ਸਾਰੇ ਲੋਕ ਧਨ ਹੋਣ ਦੇ ਬਾਵਜੂਦ ਆਪਣੀਆਂ ਉਮੰਗਾਂ ਦੀ ਪੂਰਤੀ ਨਹੀਂ ਕਰ ਸਕਦੇ। ਚੰਗੇ ਜੀਵਨ ਦੇ ਲਈ ਉੱਚੀ-ਸੁੱਚੀ ਸੋਚ ਦਾ ਹੋਣਾ ਲਾਜ਼ਮੀ ਹੈ। ਬਹੁਤ ਖ਼ੁਸ਼ਗਵਾਰ ਸੋਹਣਾ ਮੌਸਮ ਵੀ ਚੰਗਾ ਨਹੀਂ ਲੱਗਦਾ ਜੇਕਰ ਜ਼ਿੰਦਗੀ ਦੀਆਂ ਖ਼ੁਸ਼ਗਵਾਰ ਯਾਦਾਂ ਕੋਲ ਨਾ ਹੋਣ। ਯਾਦਾਂ ਓਦੋਂ ਪੈਦਾ ਹੋਣਗੀਆਂ ਜਦੋਂ ਵਿਅਕਤੀ ਜ਼ਿੰਦਗੀ ਦੀ ਹਕੀਕਤ ਨਾਲ ਜੁੜੇਗਾ। ਕੁਦਰਤ ਦੀ ਕਾਇਨਾਤ ਨੂੰ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰੇਗਾ ਸਗੋਂ ਉਸ ਨਾਲ ਇੱਕਮਿਕ ਹੋਵੇਗਾ। ਹੱਥੀਂ ਕਿਰਤ ਕਰੇਗਾ।



ਮਿਹਨਤ ਦੇ ਸੰਕਲਪ ਨੂੰ ਜੀਵਨ ਨਾਲ ਜੋੜੇਗਾ। ਮਨੁੱਖ ਦੇ ਅਤੀਤ ਦਾ ਸਬੰਧ ਆਉਣ ਵਾਲੇ ਵਰਤਮਾਨ ਅਤੇ ਭਵਿੱਖ ਨਾਲ ਹਮੇਸ਼ਾਂ ਜੁੜਿਆ ਹੁੰਦਾ ਹੈ। ਉਸ ਦੇ ਯਾਦਾਂ ਦੇ ਪਰਛਾਵਿਆਂ ਨਾਲ ਰਹਿੰਦੀ ਜ਼ਿੰਦਗੀ ਰੰਗੀਨ ਤੇ ਖ਼ੁਸ਼ਗਵਾਰ ਬਣਦੀ ਹੈ। ਮਨੁੱਖ ਨੂੰ ਇਹ ਵੀ ਪਤਾ ਹੈ ਕਿ ਉਸ ਦਾ ਜੀਵਨ ਹਮੇਸ਼ਾਂ ਨਹੀਂ ਰਹਿਣ ਵਾਲਾ ਪਰ ਉਸ ਦੁਆਰਾ ਪੈਦਾ ਕੀਤਾ ਗਿਆ ਸੰਦੇਸ਼ ਤੇ ਸੁਨੇਹਾਂ ਲੋਕਾਂ ਲਈ ਮਾਰਗਦਰਸ਼ਨ ਜ਼ਰੂਰ ਬਣੇਗਾ। ਇਸ ਲਈ ਜ਼ਰੂਰੀ ਹੈ ਸੌੜੀ ਤੇ ਮੌਕਾਪ੍ਰਸਤ ਸੋਚ ਨੂੰ ਤਿਆਗ ਕੇ ਮਨੁੱਖ ਲੰਬੇ ਰਾਹਾਂ ਦਾ ਪਾਂਧੀ ਬਣੇ ਇਸ ਤਰ੍ਹਾਂ ਕੁਦਰਤ ਨਾਲ ਉਸ ਦਾ ਸਾਂਝ ਵਧੇਗੀ।

94635-12720

## ਉਹ ਸਿਆਣੇ ਨਹੀਂ ਸਨ

ਅਸੀਂ ਆਪਣੇ-ਆਪ ਨੂੰ ਛੋਟਾ ਕਰ ਲਿਆ ਸੀ। ਉਹ ਸਿਆਣੇ ਨਹੀਂ ਸਨ, ਅਸੀਂ ਅੰਧਵਿਸ਼ਵਾਸੀ ਸਾਂ। ਅਸੀਂ ਹੀ ਨਿਰਣਾ ਕਰ ਲਿਆ ਸੀ ਕਿ ਚੌਲਾਂ ਵਰਗਾ ਰੰਗ, ਕਣਕ ਵਾਲੇ ਰੰਗ ਨਾਲੋਂ ਸੋਹਣਾ ਹੁੰਦਾ ਹੈ। ਅਸੀਂ ਸਾਬਤ ਕਰ ਵਿਖਾਇਆ ਹੈ ਕਿ ਪਤਲੂਨ ਪਾਉਣਾ, ਪਜਾਮੇ ਅਤੇ ਤਹਿਮਤ ਨਾਲੋਂ ਉਚੇਰੀ ਸੱਭਿਅਤਾ ਹੈ। ਆਪਣੇ ਦੇਸ਼ 'ਚ ਘਰ ਸਾਫ਼ ਕਰਨਾ ਨੀਵੀਂ ਜਾਤ ਦਾ ਕੰਮ ਹੈ ਪਰ ਪ੍ਰਦੇਸ ਵਿਚ ਸੜਕ ਸਾਫ਼ ਕਰਦਿਆਂ, ਸਾਡੀ ਜਾਤ ਨੂੰ ਕੋਈ ਫ਼ਰਕ ਨਹੀਂ ਪੈਂਦਾ। ਪੜ੍ਹਿਆ-ਲਿਖਿਆ ਮਨੁੱਖ ਅਸੀਂ ਉਸ ਨੂੰ ਸਮਝਦੇ ਹਾਂ, ਜਿਹੜਾ ਆਪਣੀ ਜ਼ੁਬਾਨ 'ਚ ਗੱਲ ਨਾ ਕਰੇ। ਅਸੀਂ ਸਮਝਦੇ ਹਾਂ ਕਾਰ 'ਚ ਜਾਂਦਾ ਬੰਦਾ, ਬੱਸ-ਗੱਡੀ 'ਚ ਜਾਣ ਵਾਲੇ ਨਾਲੋਂ ਉੱਚਾ ਹੁੰਦਾ ਹੈ। ਵਿਕਾਸ ਕਰਨ ਦਾ ਅਰਥ ਮਾਂ ਨੂੰ ਖ਼ਤ ਲਿਖਣ ਦੀ ਥਾਂ ਮਦਰਜ਼ -ਡੇ ਦਾ ਕਾਰਡ ਭੇਜ ਦੇਣਾ ਸਮਝ ਲਿਆ ਗਿਆ ਹੈ। ਸਾਡੇ ਨਿਰਣਾ ਕਰਨ ਦੀ ਦੇਰ ਸੀ। ਆਪਣੇ- ਆਪ ਨੂੰ ਛੋਟਾ ਮੰਨਣ ਦੀ ਦੇਰ ਸੀ, ਫਿਰ ਉਨ੍ਹਾਂ ਨੂੰ ਸਾਡੇ ਤੋਂ ਵੱਡੇ ਬਣਨ 'ਚ ਕੋਈ ਦੇਰ ਨਹੀਂ ਲੱਗੀ। ਸਾਡੇ ਝੁਕਣ ਦੀ ਦੇਰ ਸੀ, ਉਹ ਪਲਾਕੀ ਮਾਰ ਕੇ ਸਾਡੇ 'ਤੇ ਸਵਾਰ ਹੋ ਗਏ। ਸਾਨੂੰ ਝੁਕਾਉਣ ਲਈ ਇੱਥੇ ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਹੁਨ ਆਏ, ਮੁਗ਼ਲ ਆਏ, ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ? ਜੇ ਉਹ ਆ ਜਾਂਦੇ ਤਾਂ ਉਨ੍ਹਾਂ ਨੇ ਵੀ ਸਾਡੇ 'ਤੇ ਰਾਜ ਹੀ ਕਰਨਾ ਸੀ ਕਿਉਂਕਿ ਅਸੀਂ ਗੁਲਾਮ ਬਣਨ ਵਿਚ ਮਾਹਿਰ ਸਾਂ।

• ਨਰਿੰਦਰ ਸਿੰਘ ਕਪੂਰ

**ਅੱਜ ਭਾਵੇਂ ਅਸੀਂ ਗਰਾਮੋਫੋਨ ਤੋਂ ਆਨਲਾਈਨ ਸੰਗੀਤ ਦੇ ਦੌਰ ਤਕ ਪੁੱਜ ਚੁੱਕੇ ਹਾਂ ਪਰ ਜੋ ਗੀਤ ਸੰਗੀਤ ਨੂੰ ਸੁਣਨ ਦਾ ਨਜ਼ਾਰਾ ਗ੍ਰਾਮੋਫੋਨ ਮਸ਼ੀਨ 'ਤੇ ਆਉਂਦਾ ਸੀ ਉਹ ਹੋਰ ਕਿਸੇ ਸਾਧਨ ਰਾਹੀਂ ਨਹੀਂ ਆਉਂਦਾ...**

# ਕਦੇ ਮਨੋਰੰਜਨ ਦਾ ਸਾਧਨ ਸੀ ਗ੍ਰਾਮੋਫੋਨ

ਸ਼ਮਸ਼ੇਰ ਸਿੰਘ ਸੋਹੀ

ਪੁਰਾਣੇ ਸਮਿਆਂ 'ਚ ਕੁੱਤਾ ਮਾਰਕਾ ਮਸ਼ੀਨ (ਗ੍ਰਾਮੋਫੋਨ ਮਸ਼ੀਨ) ਲੋਕਾਂ ਦੇ ਮਨੋਰੰਜਨ ਦਾ ਸਭ ਤੋਂ ਵੱਡਾ ਸਾਧਨ ਹੁੰਦੀ ਸੀ। ਫਰਾਂਸਿਸ ਜੇਮਸ ਬਰਾਉਂਡ ਵੱਲੋਂ ਤਿਆਰ ਕੀਤੀ ਹੋਈ ਪੇਂਟਿੰਗ ਜਿਸ ਵਿਚ ਕੁੱਤਾ ਭੂਪਣੇ ਵਰਗੇ ਸਪੀਕਰ ਮੂਹਰੇ ਬੈਠਾ ਹੋਇਆ ਹੈ, ਇਸ ਕੰਪਨੀ ਦਾ ਲੋਗੋ ਬਣਿਆ। ਉਸ ਸਮੇਂ ਲੋਕ ਹੱਥੀਂ ਕਿਰਤ ਕਰਦੇ ਸਨ ਤੇ ਨਾਲ-ਨਾਲ ਤਵਿਆਂ ਵਾਲੀ ਮਸ਼ੀਨ 'ਤੇ ਗੀਤ ਸੰਗੀਤ ਦਾ ਆਨੰਦ ਲੈਂਦੇ ਸਨ। ਜਦੋਂ ਚਾਬੀ ਵਾਲੀ ਮਸ਼ੀਨ ਤੇ ਪੱਥਰ ਜਾਂ ਲਾਖ ਦਾ ਰਿਕਾਰਡ ਰੱਖਣ ਤੇ ਗਾਇਕ ਦੀ ਮਿੱਠੀ ਆਵਾਜ਼ ਕੰਨੀ ਪੈਂਦੀ ਸੀ ਤਾਂ ਰੂਹ ਖ਼ੁਸ਼ ਹੋ ਜਾਂਦੀ ਸੀ। ਆਜ਼ਾਦੀ ਤੋਂ ਪਹਿਲਾਂ ਵਿਰਲੇ ਸ਼ੌਕੀਨ ਵਿਅਕਤੀ ਕੋਲ ਹੀ ਗਰਾਮੋਫੋਨ ਮਸ਼ੀਨ ਹੁੰਦੀ ਸੀ।

ਆਜ਼ਾਦੀ ਮਗਰੋਂ ਗਰਾਮੋਫੋਨ ਮਸ਼ੀਨ ਰੱਖਣ ਦੇ ਸ਼ੌਕੀਨ ਵਧਣ ਲੱਗੇ ਤੇ ਐੱਚਐੱਮਵੀ ਤੋਂ ਇਲਾਵਾ ਕਈ ਹੋਰ ਕੰਪਨੀਆਂ ਵੱਲੋਂ ਵੀ ਗਰਾਮੋਫੋਨ ਬਾਜ਼ਾਰ 'ਚ ਲਿਆਂਦੇ ਗਏ। ਵੱਖ-ਵੱਖ ਕਲਾਕਾਰਾਂ ਦੀਆਂ ਸੁਰੀਲੀਆਂ ਆਵਾਜ਼ਾਂ ਵਾਲੇ ਪੱਥਰ ਤੇ ਪਲਾਸਟਿਕ ਦੇ ਕਾਲੇ ਰੰਗ ਦੇ ਤਵੇ 33.5, 45, 78 ਚੱਕਰ ਪ੍ਰਤੀ ਮਿੰਟ ਜਦੋਂ ਇਸ ਮਸ਼ੀਨ 'ਤੇ ਵੱਜਦੇ ਸੀ ਤਾਂ ਸੁਣ ਕੇ ਆਨੰਦ ਆ ਜਾਂਦਾ ਸੀ। ਉਨੀਂ ਦਿਨੀਂ ਐੱਚਐੱਮਵੀ 118 ਮਾਡਲ ਰਿਕਾਰਡ ਪਲੇਅਰ, ਕੋਲੰਬੀਆ 213, ਮਰਫੀ ਕੰਪਨੀ 102 ਮਾਡਲ, 666 ਮਾਡਲ ਤੇ ਸੋਹਨ ਬਖ਼ਸ਼ ਮਸ਼ੀਨਾਂ ਸਪੀਕਰ ਵਾਲੇ ਦੀ ਰੋਜ਼ੀ-ਰੋਟੀ ਹੋਇਆ ਕਰਦੀਆਂ ਸਨ। ਗੱਡੇ ਜਾਂ ਸਾਈਕਲ 'ਤੇ ਸਪੀਕਰ ਵਾਲਾ ਗ੍ਰਾਮੋਫੋਨ ਮਸ਼ੀਨ ਤੇ ਹੋਰ ਸਾਜੋ ਸਮਾਨ ਨੂੰ ਲੱਦ ਕੇ ਵਿਆਹ ਵਾਲੇ ਘਰ ਪਹੁੰਚਦਾ ਸੀ। ਤਵੇ ਨੂੰ ਚਲਾਉਣ ਤੋਂ ਪਹਿਲਾਂ ਮਸ਼ੀਨ ਨੂੰ ਚਾਬੀ ਦਿੱਤੀ ਜਾਂਦੀ ਸੀ। ਕਈ ਵਾਰ ਮਸ਼ੀਨ ਦੀ ਸੂਈ ਟੁੱਟ ਜਾਣ ਜਾਂ ਸੂਈ ਇਕ ਜਗਾ ਅਟਕ ਜਾਣ ਕਰਕੇ ਸੰਗੀਤ ਸੁਣਨ ਦਾ ਮਜ਼ਾ ਖ਼ਰਾਬ ਹੋ ਜਾਂਦਾ ਸੀ। ਤਲਵਾਰ ਮੈਂ ਕਲਗੀਧਰ ਦੀ ਹਾਂ। ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ...ਆਦਿ ਧਾਰਮਿਕ ਗੀਤ ਮਸ਼ੀਨ 'ਤੇ ਲਾ ਕੇ ਸਪੀਕਰ ਵਾਲਾ ਪ੍ਰਗਰਾਮ ਦੀ ਸ਼ੁਰੂਆਤ ਕਰਦਾ ਸੀ। ਜਿਸ ਸਪੀਕਰ ਵਾਲੇ ਨੂੰ ਮਸ਼ੀਨ 'ਤੇ ਵਿਆਹ ਦੀਆਂ ਰਸਮਾਂ ਮੁਤਾਬਿਕ ਗੀਤ ਲਗਾਉਣ ਦਾ ਗਿਆਨ ਸੀ ਉਸ ਦੀ ਬਹੁਤ ਆਓ ਭਗਤ ਕੀਤੀ ਜਾਂਦੀ ਸੀ। ਭਾਵੇਂ ਟੇਪ ਰਿਕਾਰਡਰ ਤੇ ਕੈਸਟਾਂ ਦਾ ਯੁੱਗ ਆਉਣ ਨਾਲ ਗ੍ਰਾਮੋਫੋਨ ਮਸ਼ੀਨਾਂ ਦਾ ਰਿਵਾਜ ਖ਼ਤਮ ਹੋ ਗਿਆ ਪਰ ਤਵਿਆਂ ਵਾਲੀ ਗ੍ਰਾਮੋਫੋਨ ਮਸ਼ੀਨ ਦੀ ਸਰਦਾਰੀ ਟੇਪਾਂ ਨਾਲੋਂ ਜ਼ਿਆਦਾ ਸਮਾਂ ਰਹੀ। ਅੱਜ ਭਾਵੇਂ ਅਸੀਂ ਗਰਾਮੋਫੋਨ ਤੋਂ ਟੇਪ ਰਿਕਾਰਡਰ, ਟੇਪ ਰਿਕਾਰਡਰ ਤੋਂ ਸੀਡੀ ਪਲੇਅਰ ਫਿਰ ਚਿਪਸ ਜਾਂ ਪੈੱਨ ਡਰਾਈਵਰ ਤੋਂ ਲੰਘਦੇ ਹੋਏ ਔਨਲਾਈਨ ਸੰਗੀਤ ਦੇ ਦੌਰ ਤਕ ਪੁੱਜ ਚੁੱਕੇ ਹਾਂ ਪਰ ਜੋ ਗੀਤ ਸੰਗੀਤ ਨੂੰ ਸੁਣਨ ਦਾ ਨਜ਼ਾਰਾ ਗ੍ਰਾਮੋਫੋਨ ਮਸ਼ੀਨ 'ਤੇ ਆਉਂਦਾ ਸੀ ਉਹ ਹੋਰ ਕਿਸੇ ਸਾਧਨ ਰਾਹੀਂ ਨਹੀਂ ਆਉਂਦਾ। ਅੱਜ ਗ੍ਰਾਮੋਫੋਨ ਮਸ਼ੀਨ ਘਰ ਦੇ ਡਰਾਇੰਗ ਰੂਮ ਵਿੱਚ ਇਕ ਸ਼ੋਅਪੀਸ ਦੇ ਤੌਰ ਤੇ ਜਾਂ ਮੇਲਿਆਂ 'ਚ ਹੀ ਦੇਖੀ ਜਾ ਸਕਦੀ ਹੈ। ਸਮੇਂ ਦੇ ਨਾਲ ਕੁਝ ਲੋਕਾਂ ਨੇ ਇਹ ਮਸ਼ੀਨਾਂ ਭਾਵੇਂ ਕਬਾੜੀਏ ਨੂੰ ਵੇਚ ਦਿੱਤੀਆਂ ਹਨ ਪਰ ਕਈ ਸੰਗੀਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਅੱਜ ਵੀ ਇਹ ਮਸ਼ੀਨ ਚੋਰੀ ਦੀ ਬੰਦੂਕ ਵਾਂਗੂ ਸਾਂਭ ਕੇ ਰੱਖੀ ਹੋਈ ਹੈ। ਇਹ ਸੰਗੀਤ ਪ੍ਰੇਮੀ ਅੱਜ ਵੀ ਪੁਰਾਣੀਆਂ ਮਸ਼ੀਨਾਂ, ਐਂਪਲੀਫਾਇਰ, ਪੱਥਰ ਤੇ ਪਲਾਸਟਿਕ ਦੇ ਤਵੇ ਸਾਂਭਣ ਵਿਚ ਲੱਗੇ ਹੋਏ ਹਨ। ਭਲੇ ਵੇਲਿਆਂ ਦੇ ਕਈ ਮਸ਼ਹੂਰ ਬਜ਼ੁਰਗ ਕਲਾਕਾਰ ਅੱਜ ਕਹਿੰਦੇ ਸੁਣੇ ਜਾਂਦੇ ਹਨ ਕਿ ਤਵਿਆਂ ਵਾਲੇ ਰਿਕਾਰਡਾਂ ਦਾ ਦੌਰ ਭਲਾ ਸੀ। ਵਿਰਸੇ ਨਾਲ ਜੁੜੀਆਂ ਇਨ੍ਹਾਂ ਚੀਜ਼ਾਂ ਨੂੰ ਸਾਂਭਣ ਦੀ ਲੋੜ ਸੀ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹ ਦੇਖ ਸਕਣ ਕਿ ਸਾਡਾ ਅਸਲੀ ਵਿਰਸਾ ਤੇ ਗੀਤ ਸੰਗੀਤ ਕੀ ਸੀ।



### ਚਾਬੀ ਵਾਲੀ ਮਸ਼ੀਨ

***ਕਦੇ ਲੋਕ ਤਵਿਆਂ ਵਾਲੀ ਮਸ਼ੀਨ 'ਤੇ ਗੀਤ ਸੰਗੀਤ ਦਾ ਆਨੰਦ ਲੈਂਦੇ ਸਨ। ਜਦੋਂ ਚਾਬੀ ਵਾਲੀ ਮਸ਼ੀਨ ਤੇ ਪੱਥਰ ਜਾਂ ਲਾਖ ਦਾ ਰਿਕਾਰਡ ਰੱਖਣ ਤੇ ਗਾਇਕ ਦੀ ਮਿੱਠੀ ਆਵਾਜ਼ ਕੰਨੀ ਪੈਂਦੀ ਸੀ ਤਾਂ ਰੂਹ ਖ਼ੁਸ਼ ਹੋ ਜਾਂਦੀ ਸੀ।***

**ਆਪਸੀ ਸਾਂਝ, ਪਿਆਰ, ਸਤਿਕਾਰ ਵਰਗੇ ਨੈਤਿਕ ਮੁੱਲਾਂ ਨਾਲ ਹੀ ਆਪਣੇ ਲਾਡਲੇ ਤੇ ਲਾਡਲੀਆਂ ਦੇ ਜੀਵਨ ਨੂੰ ਸੁਚੱਜਾ ਬਣਾ ਸਕਦੇ ਹਾਂ। ਚੰਗੇ ਸਮਾਜ ਲਈ ਨੈਤਿਕਤਾ ਭਰਪੂਰ ਨਵੀਂ ਪੀੜ੍ਹੀ ਦਾ ਹੋਣਾ ਲਾਜ਼ਮੀ ਹੈ। ਇਸ ਵਾਸਤੇ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਸਿਰ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਰਾਹ-ਦਸੇਰੇ ਬਣਨ...**

# ਮਾਪਿਆਂ ਦੀ ਚਿੰਤਾ ਦਾ ਕਾਰਨ ਉਡਾਰ ਹੋ ਰਹੇ ਬੱਚੇ

ਬਲਜਿੰਦਰ ਮਾਨ

ਸਮਾਜ ਵਿਚ ਵਿਚਰਦਿਆਂ ਜਦੋਂ ਸੜਕਾਂ ਤੇ ਕੰਨ ਪਾੜਵੇਂ ਹਾਰਨ ਵਜਾਉਂਦੇ ਮੋਟਰਸਾਈਕਲ, ਖੁਲ੍ਹੀਆਂ ਜੀਪਾਂ ਅਤੇ ਟਰੈਕਟਰਾਂ ਤੇ ਵੱਜਦੇ ਸਪੀਕਰ ਵੇਖਦੇ-ਸੁਣਦੇ ਹਾਂ ਤਾਂ ਇਕ ਵਾਰ ਰੂਹ ਕੰਬ ਜਾਂਦੀ ਹੈ। ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਬੱਚੇ ਅਜਿਹੇ ਬੇਹੂਦਾ ਕੰਮਾਂ ਵਿਚ ਕਿਉਂ ਲੱਗ ਗਏ? ਸਮਾਜਿਕ ਤਾਣੇ-ਬਾਣੇ 'ਤੇ ਨਜ਼ਰ ਮਾਰੀਏ ਤਾਂ ਇਸ ਸਭ ਕਾਸੇ ਲਈ ਅਸੀਂ ਸਾਰੇ ਕਟਹਿਰੇ ਵਿਚ ਖੜੇ ਦਿਖਾਈ ਦਿੰਦੇ ਹਾਂ। ਸਭ ਤੋਂ ਪਹਿਲਾਂ ਮਾਪਿਆਂ ਦੀ ਜੋ ਹਾਲਤ ਹੈ ਉਸ ਤੇ ਤਰਸ ਆਉਂਦਾ ਹੈ ਕਿ ਉਹ ਬੱਚਿਆਂ ਨੂੰ ਸਕੂਲ ਹਵਾਲੇ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋਏ ਮਹਿਸੂਸ ਕਰਦੇ ਹਨ। ਜਦਕਿ ਅਧਿਆਪਕ ਨਾਲੋਂ ਉਨ੍ਹਾਂ ਦੀ ਜ਼ਿੰਮੇਵਾਰੀ ਕਿਸੇ ਗੱਲੋਂ ਘੱਟ ਨਹੀਂ ਹੁੰਦੀ। ਬਹੁਤ ਸਾਰੀਆਂ ਗੱਲਾਂ ਅਤੇ ਗੁਣ ਉਹ ਆਪਣੀ ਮਾਂ ਅਤੇ ਪਰਿਵਾਰ ਕੋਲੋਂ ਸਿੱਖ ਕੇ ਸਕੂਲ ਵਿਚ ਪੁੱਜਦਾ ਹੈ ਜਿਨ੍ਹਾਂ ਦੀ ਕਾਂਟ-ਛਾਂਟ ਅਧਿਆਪਕ ਨੇ ਕਰਨੀ ਹੁੰਦੀ ਹੈ। ਜੇਕਰ ਘਰ ਵਿਚ ਵੱਡਿਆਂ ਦਾ ਆਦਰ ਨਹੀਂ ਕੀਤਾ ਜਾਂਦਾ ਤਾਂ ਬੱਚਾ ਬਾਹਰ ਜਾ ਕੇ ਇਹ ਗੱਲਾਂ ਕਿਵੇਂ ਕਰ ਸਕਦਾ ਹੈ? ਸੋ ਲੋੜ ਹੈ ਘਰ ਵਿਚ ਪਿਆਰ, ਇਤਬਾਰ ਅਤੇ ਸਤਿਕਾਰ ਵਾਲੇ ਵਾਤਾਵਰਨ ਨੂੰ ਸਿਰਜਣ ਦੀ।

### ਪੈਸੇ ਦੀ ਬਹੁਲਤਾ ਨੇ ਬੱਚਿਆਂ ਨੂੰ ਪਾਇਆ ਕੁਰਾਹੇ

ਬੱਚਿਆਂ ਦੇ ਦਿਲ ਦਿਮਾਗ਼ ਵਿਚ ਵੱਡਿਆਂ ਦਾ ਡਰ ਖ਼ਤਮ ਹੋਈ ਜਾ ਰਿਹਾ ਹੈ। ਉਹ ਆਪਣੀ ਜ਼ਿੱਦ ਪੁਗਾ ਰਹੇ ਹਨ। ਜਿਸ ਕਰਕੇ ਸਮਾਜਿਕ ਤਾਣੇ-ਬਾਣੇ ਵਿਚ ਉਲਝਣਾ ਪੈ ਰਹੀਆਂ ਹਨ। ਕਈ ਵਾਰ ਇਕਲੌਤੀ ਔਲਾਦ ਹੋਣ ਕਰਕੇ ਮਾਪੇ ਹਰ ਪ੍ਰਕਾਰ ਦੀ ਸੁੱਖ ਸਹੂਲਤ ਪ੍ਰਦਾਨ ਕਰਨ ਲਈ ਆਪ ਔਖੇ ਹੋ ਰਹੇ ਹਨ ਪਰ ਬੱਚਿਆਂ ਨੂੰ ਖ਼ੁਸ਼ ਰੱਖਣ ਲਈ ਕੋਈ ਕਸਰ ਬਾਕੀ ਨਹੀਂ ਛੱਡਦੇ। ਦੂਜੇ ਪਾਸੇ ਕੁਝ ਬੱਚੇ ਮਾਪਿਆਂ ਦੇ ਇਸ ਲਾਡ ਪਿਆਰ ਦਾ ਨਜਾਇਜ਼ ਫਾਇਦਾ ਉਠਾ ਕੇ ਮਨ ਮਰਜ਼ੀਆਂ ਕਰ ਰਹੇ ਹਨ ਤੇ ਇਹ ਮਰਜ਼ੀਆਂ ਮਾਂ ਬਾਪ ਨੂੰ ਚਿੰਤਾ ਵਿਚ ਪਾ ਰਹੀਆਂ ਹਨ। ਮਾਪੇ ਬੱਚਿਆਂ ਅੱਗੇ ਵਿਚਾਰੇ ਬਣਦੇ ਜਾ ਰਹੇ ਹਨ। ਖ਼ਾਸ ਕਰ ਮਾਵਾਂ ਦੇ ਲਾਡ ਨੇ ਉਨ੍ਹਾਂ ਨੂੰ ਬਹੁਤ ਸਾਰੀਆਂ ਖੁੱਲ੍ਹਾਂ ਦੇ ਰੱਖੀਆਂ ਨੇ। ਪੈਸੇ ਦੀ ਬਹੁਲਤਾ ਨੇ ਵੀ ਬਾਲ ਜੀਵਨ ਨੂੰ ਸਹੀ ਦਿਸ਼ਾ ਵੱਲ ਘੱਟ ਅਤੇ ਕੁਰਾਹੇ ਜ਼ਿਆਦਾ ਪਾਇਆ ਹੈ। ਕਿਸੇ ਨੇ ਸੱਚ ਹੀ ਕਿਹਾ ਹੈ:

ਅੱਤ ਨਾ ਭਲਾ ਮੇਘਲਾ
ਅੱਤ ਨਾ ਭਲੀ ਧੁੱਪ
ਅੱਤ ਨਾ ਭਲਾ ਬੋਲਣਾ
ਅੱਤ ਨਾ ਭਲੀ ਚੁੱਪ...

ਅੱਤ ਕਿਸੇ ਚੀਜ਼ ਦੀ ਹੋਵੇ ਉਹ ਮਾੜੀ ਹੀ ਹੁੰਦੀ ਹੈ। ਮਾਪਿਆਂ ਲਈ ਇਹ ਘੜੀ ਸੰਤੁਲਨ ਕਾਇਮ ਕਰਨ ਦੀ ਬਣ ਗਈ ਹੈ। ਜਿਸ ਨਾਲ ਬਾਲ ਜੀਵਨ 'ਤੇ ਨਿਖਾਰ ਆ ਸਕੇ। ਜਿਸ ਨਾਲ ਬੱਚੇ-ਬੱਚੀਆਂ ਉੱਚੀਆਂ ਮੰਜ਼ਿਲਾਂ ਦੀ ਰਾਹੇ ਤੁਰਨ ਦੇ ਸਮਰੱਥ ਹੋ ਸਕਣ।

### ਮਾਪਿਆਂ ਕੋਲ ਬੱਚਿਆਂ ਲਈ ਵਿਹਲ ਨਹੀਂ

*2013 ਵਿਚ ਘੜੀ ਗਈ ਕੌਮੀ ਸਿੱਖਿਆ ਨੀਤੀ ਤਹਿਤ ਇਕ ਅਹਿਮ ਤੱਥ ਸਾਹਮਣੇ ਆਇਆ ਸੀ ਕਿ 'ਤਿੰਨ ਤੋਂ ਛੇ ਸਾਲ ਦੇ ਬੱਚਿਆਂ ਨੂੰ ਪੜ੍ਹਾਉਣ ਦੀ ਲੋੜ ਨਹੀਂ ਸਗੋਂ ਪੜ੍ਹਨ ਦੇ ਕਾਬਲ ਬਨਾਉਣ ਦਾ ਅਭਿਆਸ ਨਿਪੁੰਨ ਅਧਿਆਪਕਾਂ ਦੁਆਰਾ ਕਰਵਾਇਆ ਜਾਣਾ ਲੋੜੀਂਦਾ ਹੈ'। ਇਸ ਵਿਚਾਰ ਨੂੰ 2017-18 ਵਿਚ ਪੰਜਾਬ ਸਰਕਾਰ ਨੇ ਨਰਸਰੀ ਜਮਾਤਾਂ ਦੁਆਰਾ ਸਕੂਲਾਂ ਵਿਚ ਕਿਵੇਂ ਸ਼ੁਰੂ ਕੀਤਾ ਹੈ? ਇਸ ਬਾਰੇ ਅਸੀਂ ਸਭ ਭਲੀ-ਭਾਂਤ ਜਾਣਦੇ ਹਾਂ। ਸਰਕਾਰ ਦੇ ਯਤਨਾਂ ਨੂੰ ਤਦ ਹੀ ਬੂਰ ਪੈ ਸਕਦਾ ਹੈ ਜੇਕਰ ਸਾਡੇ ਮਾਪੇ ਜਾਗ੍ਰਿਤ ਹੋਣਗੇ। ਮਾਪਿਆਂ ਕੋਲ ਬੱਚਿਆਂ ਲਈ ਵਿਹਲ ਘੱਟ ਗਿਆ ਹੈ। ਜੇ ਦੋਨੋਂ ਜੀਅ ਨੌਕਰੀ ਪੇਸ਼ਾ ਹਨ ਤਾਂ ਉਨ੍ਹਾਂ ਦੇ ਬੱਚੇ ਉਨ੍ਹਾਂ ਕੋਲ ਬਹੁਤ ਥੋੜ੍ਹਾ ਸਮਾਂ ਰਹਿੰਦੇ ਹਨ ਜਾਂ ਇੰਜ ਕਹੀਏ ਕਿ ਸਿਰਫ਼ ਰਾਤ ਨੂੰ ਕੋਲ ਸੌਂਦੇ ਹਨ। ਦੂਜੇ ਪਾਸੇ ਸਧਾਰਨ ਮਾਪਿਆਂ ਦਾ ਰੋਜ਼ੀ ਰੋਟੀ ਦਾ ਚੱਕਰ ਐਨਾ ਪੇਚੀਦਾ ਹੈ ਕਿ ਉਨ੍ਹਾਂ ਨੂੰ ਸਿੱਖਿਆ ਬਾਰੇ ਸੁਪਨਾ ਭੁੱਲ ਕੇ ਵੀ ਨਹੀਂ ਆਉਂਦਾ। ਅਜਿਹੇ ਹਲਾਤਾਂ ਵਿਚ ਤੁਸੀਂ ਖ਼ੁਦ ਅੰਦਾਜ਼ਾ ਲਾ ਸਕਦੇ ਹੋ ਕਿ ਸਾਡੀ ਨਵੀਂ ਪਨੀਰੀ ਕਿਹੋ-ਜਿਹੀ ਬਣੇਗੀ?*



### ਜੁਆਨੀ ਦੀ ਦਹਿਲੀਜ਼ 'ਤੇ ਖੜ੍ਹੇ ਬੱਚੇ

ਅੱਜ ਹਰ ਮਾਪੇ ਲਈ ਇਹ ਚਣੌਤੀ ਬਣ ਗਈ ਹੈ ਕਿ ਉਹ ਆਪਣੇ ਬੱਚਿਆਂ ਵਾਸਤੇ ਸਮਾਂ ਕਿਵੇਂ ਕੱਢੇ? ਇਸ ਮੁਸ਼ਕਿਲ ਦੇ ਰੂਬਰੂ ਹੁੰਦਿਆਂ ਅਸੀਂ ਸਫ਼ਲ ਮਾਪੇ ਬਣ ਸਕਦੇ ਹਾਂ। ਜਦੋਂ ਅਸੀਂ ਉਨ੍ਹਾਂ ਦੇ ਪਾਲਣ-ਪੋਸ਼ਣ ਵਿਚ ਸਫ਼ਲ ਹੋ ਜਾਂਦੇ ਹਾਂ ਫਿਰ ਜੁਆਨੀ ਦੀ ਦਹਿਲੀਜ਼ 'ਤੇ ਖੜ੍ਹਾ ਬੱਚਾ ਜਦੋਂ ਸਹੀ ਦਿਸ਼ਾ ਵੱਲ ਤੁਰ ਪਿਆ ਤਾਂ ਹੀ ਮਾਪੇ ਤੇ ਅਧਿਆਪਕ ਦੇ ਯਤਨਾਂ ਨੂੰ ਸਫ਼ਲ ਹੋਏ ਮੰਨਿਆ ਜਾ ਸਕਦਾ ਹੈ। ਇਕ ਅਹਿਮ ਸਵਾਲ ਇਹ ਹੈ, ਕੀ ਮਾਪਿਆਂ ਦੁਆਰਾ ਬੱਚੇ ਦੀ ਹਰ ਮੰਗ ਪੂਰੀ ਕਰਨੀ ਜ਼ਰੂਰੀ ਹੈ? ਹਾਂ ਜਾਇਜ਼ ਮੰਗ ਜ਼ਰੂਰੀ ਹੈ। ਲੋੜੋਂ ਵੱਧ ਦਿੱਤੀ ਖੁੱਲ੍ਹ ਕਿਸੇ ਦੇ ਵੀ ਭਲੇ ਵਿਚ ਨਹੀਂ ਹੁੰਦੀ। ਜਿਹੜੇ ਮਾਪਿਆਂ ਦੇ ਬੱਚੇ ਸੜਕਾਂ 'ਤੇ ਪਟਾਕੇ ਵਜਾਉਂਦੇ ਫਿਰਦੇ ਹਨ ਉਸ ਲਈ ਕਿਸ ਨੂੰ ਦੋਸ਼ ਦੇਈਏ? ਅੱਜ ਲੋੜ ਬਣ ਗਈ ਹੈ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਘਰ ਅਤੇ ਸਕੂਲ ਵਿਚ ਨਿਰੰਤਰ ਪੜ੍ਹਾਇਆ ਜਾਵੇ। ਲੋੜੋਂ ਵੱਧ ਦਿੱਤੀਆਂ ਖੁੱਲ੍ਹਾਂ ਨਵੀਂ ਪਨੀਰੀ ਨੂੰ ਨਿਘਾਰ ਵੱਲ ਲਿਜਾ ਰਹੀਆਂ ਹਨ।

### ਨਵੀਂ ਪੀੜ੍ਹੀ ਦੀ ਸੋਚ

ਸਮਾਜ ਨੂੰ ਨਰੋਆ ਕਰਨ ਲਈ ਨਵੀਂ ਪੀੜ੍ਹੀ ਦੀ ਸੋਚ ਦਾ ਨਿੱਗਰ ਹੋਣਾ ਬਹੁਤ ਜ਼ਰੂਰੀ ਹੈ। ਮੁੰਡੇ ਕੁੜੀ ਦੇ ਫ਼ਰਕ ਕਾਰਨ ਹੀ ਧੀਆਂ ਭੈਣਾਂ ਦੀਆਂ ਇਜ਼ਤਾਂ ਨਾਲ ਖਿਲਵਾੜ ਹੋ ਰਿਹਾ ਹੈ। ਜਿਸ ਮਾਂ ਨੇ ਆਪਣੇ ਪੁੱਤਰ ਨੂੰ ਭੈਣ ਦਾ ਆਦਰ ਸਿਖਾਇਆ ਹੁੰਦਾ ਹੈ ਉਹ ਕਦੀ ਵੀ ਅਜਿਹੀ ਹਰਕਤ ਨਹੀਂ ਕਰਦਾ ਜਿਸ ਨਾਲ ਮਾਪਿਆਂ ਤੇ ਸਮਾਜ ਨੂੰ ਸ਼ਰਮਸਾਰ ਹੋਣਾ ਪਵੇ। ਮਾਪਿਆਂ ਦਾ ਬੱਚਿਆਂ ਸਿਰੋਂ ਡਰ ਅਤੇ ਅਧਿਆਪਕਾਂ ਦਾ ਆਦਰ ਖ਼ਤਮ ਹੋਣ ਕਾਰਨ ਸਮਾਜ ਆਏ ਦਿਨ ਨਿਘਾਰ ਵੱਲ ਵੱਧ ਰਿਹਾ ਹੈ।

### ਚੰਗੇ ਵਿਅਕਤੀਆਂ ਨਾਲ ਸੰਵਾਦ

ਬੱਚਿਆਂ ਦੀ ਮਾਪਿਆਂ ਅਤੇ ਚੰਗੇ ਵਿਅਕਤੀਆਂ ਨਾਲ ਸੰਵਾਦ ਰਚਾਉਣ ਦੀ ਵਿਸ਼ੇਸ਼ ਲੋੜ ਹੈ। ਆਪਸੀ ਸਾਂਝ, ਪਿਆਰ, ਸਤਿਕਾਰ ਵਰਗੇ ਨੈਤਿਕ ਮੁੱਲਾਂ ਨਾਲ ਹੀ ਆਪਣੇ ਲਾਡਲੇ ਤੇ ਲਾਡਲੀਆਂ ਦੇ ਜੀਵਨ ਨੂੰ ਸੁਚੱਜਾ ਬਣਾ ਸਕਦੇ ਹਾਂ। ਚੰਗੇ ਸਮਾਜ ਲਈ ਨੈਤਿਕਤਾ ਭਰਪੂਰ ਨਵੀਂ ਪੀੜ੍ਹੀ ਦਾ ਹੋਣਾ ਲਾਜ਼ਮੀ ਹੈ।

98150-18947



# ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲਾਂ ਦੀਆਂ ਆਮ ਚੋਣਾਂ ਦੇ ਨਤੀਜੇ ਐਲਾਨੇ: ਦਮਨਜੀਤ ਸਿੰਘ ਮਾਨ

**ਪਟਿਆਲਾ, 31 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ 'ਚ ਰਾਜਪੁਰਾ,ਨਾਭਾ,ਸਮਾਣਾ ਤੇ ਪਾਤੜਾਂ ਨਗਰ ਕੌਂਸਲ ਦੀਆਂ ਆਮ ਚੋਣਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਸਬੰਧਤ ਰਿਟਰਨਿੰਗ ਅਧਿਕਾਰੀਆਂ ਵੱਲੋਂ ਕਰਵਾਈ ਗਈ ਗਿਣਤੀ ਦੌਰਾਨ 92 ਵਾਰਡਾਂ ਵਿੱਚੋਂ 41 ਸੀਟਾਂ 'ਤੇ ਆਮ ਆਦਮੀ ਪਾਰਟੀ ਜਿੱਤ ਹਾਸਲ ਕੀਤੀ ਹੈ।

ਇਨ੍ਹਾਂ ਚਾਰੇ ਸ਼ਹਿਰਾਂ ਵਿੱਚ ਕੁਲ 403 ਉਮੀਦਵਾਰ ਚੋਣ ਮੈਦਾਨ ਵਿੱਚ ਸਨ, ਇਨ੍ਹਾਂ ਚੋਣਾਂ ਚੋਂ ਪਾਤੜਾਂ ਦੀਆਂ 4 ਵਾਰਡਾਂ ਵਿੱਚ ਪਹਿਲਾਂ ਹੀ ਆਪ ਦੇ 4 ਉਮੀਦਵਾਰ ਬਿਨ੍ਹਾਂ ਮੁਕਾਬਲਾ ਜੇਤੂ ਰਹੇ ਸਨ।

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਅਤੇ ਐਸ.ਐਸ.ਪੀ. ਸ੍ਰੀ ਵਰੁਣ ਸ਼ਰਮਾ ਦੀ ਦੇਖਰੇਖ ਹੇਠਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਇਨ੍ਹਾਂਚੋਣਾਂ ਨੂੰ ਨਿਰਪੱਖ, ਸੁਤੰਤਰ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਇਆ ਗਿਆ ਸੀ।

ਨਗਰ ਕੌਂਸਲ ਨਾਭਾ ਦੀਆਂ 23ਵਾਰਡਾਂ ਦੇ ਰਿਟਰਨਿੰਗ ਅਫ਼ਸਰ, ਐਸ.ਡੀ.ਐਮ ਅਰਵਿੰਦਪਾਲ ਸਿੰਘ ਸੋਮਲ ਨੇ ਦੱਸਿਆ ਕਿ ਨਾਭਾ ਵਿਖੇ 99 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਉਨ੍ਹਾਂ ਕਿਹਾ ਕਿ ਅੱਜ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਕਰਵਾਈ ਗਈ ਗਿਣਤੀ ਦੌਰਾਨ ਆਮ ਆਦਮੀ ਪਾਰਟੀ ਦੇ 11, ਕਾਂਗਰਸ ਪਾਰਟੀ ਦੇ 5, ਭਾਰਤੀ ਜਨਤਾ ਪਾਰਟੀ ਦੇ 3, ਸ਼੍ਰੋਮਣੀ ਅਕਾਲੀ ਦਲ ਦੇ 2 ਅਤੇ 2 ਅਜ਼ਾਦ ਉਮੀਦਵਾਰ ਜੇਤੂ ਰਹੇ ਹਨ।

ਨਗਰ ਕੌਂਸਲ ਪਾਤੜਾਂ ਦੀਆਂ 17ਵਾਰਡਾਂ ਦੇ ਰਿਟਰਨਿੰਗ ਅਫ਼ਸਰ ਐਸ.ਡੀ.ਐਮ ਕਾਲਾ ਰਾਮ ਕਾਂਸਲ ਨੇ ਦੱਸਿਆ ਕਿ ਇੱਥੇ 61 ਉਮੀਦਵਾਰ ਚੋਣ ਲੜ ਰਹੇ ਸਨ, ਜਿਨ੍ਹਾਂ 'ਚੋਂ ਵਾਰਡ ਨੰਬਰ 1, 4, 12 ਤੇ 17 ਵਿੱਚ ਆਪ ਦੇ 4 ਉਮੀਦਵਾਰ ਬਿਨ੍ਹਾਂ ਮੁਕਾਬਲਾ ਜੇਤੂ ਰਹੇ ਸਨ। ਜਦੋਂਕਿ ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਅੱਜ ਵੋਟਾਂ ਦੀ ਗਿਣਤੀ ਦੌਰਾਨ ਆਪ ਦੇ 6 ਹੋਰ ਉਮੀਦਵਾਰ ਜੇਤੂ ਰਹੇ ਹਨ। ਇਸ ਤੋਂ ਬਿਨ੍ਹਾਂ ਕਾਂਗਰਸ ਪਾਰਟੀ ਦੇ 4, ਭਾਰਤੀ ਜਨਤਾ ਪਾਰਟੀ ਦੇ 2 ਅਤੇ 1 ਆਜਾਦ ਉਮੀਦਵਾਰ ਵੀ ਜੇਤੂ ਰਿਹਾ ਹੈ।

ਰਾਜਪੁਰਾ ਨਗਰ ਕੌਂਸਲ ਦੇ 31 ਵਾਰਡਾਂ ਦੇ ਰਿਟਰਨਿੰਗ ਅਫ਼ਸਰ ਐਸ.ਡੀ.ਐਮ ਸੁਖਜਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇੱਥੇ 135 ਉਮੀਦਵਾਰਾਂ ਨੇ ਚੋਣ ਲੜੀ ਸੀ ਅਤੇ ਅੱਜ ਐਸ.ਡੀ.ਐਮ. ਦਫ਼ਤਰ ਵਿਖੇ ਕਰਵਾਈ ਗਈ ਗਿਣਤੀ ਦੌਰਾਨ ਆਮ ਆਦਮੀ ਪਾਰਟੀ ਦੇ 7, ਕਾਂਗਰਸ ਪਾਰਟੀ ਦੇ 9, ਭਾਰਤੀ ਜਨਤਾ ਪਾਰਟੀ ਦੇ 9, ਸ਼੍ਰੋਮਣੀ ਅਕਾਲੀ ਦਲ ਦੇ 4 ਅਤੇ 2 ਅਜ਼ਾਦ ਉਮੀਦਵਾਰ ਜੇਤੂ ਰਹੇ ਹਨ।

ਇਸੇ ਤਰ੍ਹਾਂ ਨਗਰ ਕੌਂਸਲ ਸਮਾਣਾ ਦੀਆਂ 21 ਵਾਰਡਾਂ ਦੇ ਰਿਟਰਨਿੰਗ ਅਫ਼ਸਰ ਜਲ ਸਪਲਾਈਤ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਰਸ਼ਪਿੰਦਰ ਸਿੰਘ ਨੇ ਦੱਸਿਆ ਕਿ ਇੱਥੇ 108 ਉਮੀਦਵਾਰਾਂ ਨੇ ਚੋਣ ਲੜੀ ਹੈ। ਉਨ੍ਹਾਂ ਦੱਸਿਆ ਕਿ ਪਬਲਿਕ ਕਾਲਜ ਵਿਖੇ ਅੱਜ ਕਰਵਾਈ ਗਈ ਵੋਟਾਂ ਦੀ ਗਿਣਤੀ ਦੌਰਾਨ ਆਮ ਆਦਮੀ ਪਾਰਟੀ ਦੇ 13, ਕਾਂਗਰਸ ਪਾਰਟੀ ਦੇ 2, ਭਾਰਤੀ ਜਨਤਾ ਪਾਰਟੀ ਦੇ 2, ਸ਼੍ਰੋਮਣੀ ਅਕਾਲੀ ਦਲ ਦੇ 3 ਅਤੇ 1 ਅਜ਼ਾਦ ਉਮੀਦਵਾਰ ਜੇਤੂ ਰਹੇ ਹਨ।

ਇਸੇ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਏ.ਡੀ.ਸੀ ਦਮਨਜੀਤ ਸਿੰਘ ਮਾਨ ਨੇ ਇਨ੍ਹਾਂ ਚੋਣਾਂ ਨੂੰ ਸ਼ਾਂਤਮਈ ਤੇ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਸਮੁੱਚੇ ਚੋਣ ਅਮਲੇ ਸਮੇਤ ਉਮੀਦਵਾਰਾਂ ਤੇ ਵੋਟਰਾਂ ਦਾ ਧੰਨਵਾਦ ਕੀਤਾ ਹੈ।

# ਧੂਰੀ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਾਰ ਸਾਲ ਦੌਰਾਨ ਕੀਤੇ ਕੰਮਾਂ 'ਤੇ ਲਈ ਮੋਹਰ : ਓ.ਐਸ.ਡੀ. ਸੁਖਵੀਰ ਸਿੰਘ



**ਧੂਰੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਵਿਕਾਸ ਕਾਰਜਾਂ 'ਤੇ ਨਗਰ ਕੌਂਸਲ ਧੂਰੀ ਦੀ ਚੋਣ ਦੌਰਾਨ ਆਪਣੀ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਜਿੱਤ ਲੋਕਾਂ ਦੇ ਭਰੋਸੇ ਅਤੇ ਸਰਕਾਰ ਵੱਲੋਂ ਕੀਤੇ ਗਏ ਇਮਾਨਦਾਰ ਕੰਮਾਂ ਦੀ ਜਿੱਤ ਹੈ।

ਸੁਖਵੀਰ ਸਿੰਘ ਨੇ ਧੂਰੀ ਦੇ ਲੋਕਾਂ ਵੱਲੋਂ ਦਿੱਤੇ ਭਰਪੂਰ ਸਮਰਥਨ ਲਈ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਹਰ ਇਕ ਵੋਟਰ ਦੀ ਜਿੱਤ ਹੈ, ਜਿਸ ਨੇ ਵਿਕਾਸ ਅਤੇ ਇਮਾਨਦਾਰੀ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ।

ਉਨ੍ਹਾਂ ਇਸ ਮੌਕੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁਲੀ, ਮੈਂਬਰ ਵਕਫ ਬੋਰਡ ਡਾ. ਅਨਵਰ ਭਸੌੜ, ਚੇਅਰਮੈਨ ਅਸ਼ੋਕ ਲੱਖਾ, ਮੈਂਬਰ ਫੂਡ ਕਮਿਸ਼ਨ ਜਸਵੀਰ ਸਿੰਘ ਜੱਸੀ ਸੇਖੋਂ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰਛਪਾਲ ਸਿੰਘ ਭੁੱਲਰਹੇੜੀ, ਚੇਅਰਮੈਨ ਬਲਾਕ ਸੰਮਤੀ ਧੂਰੀ ਰਣਜੋਧ ਸਿੰਘ ਅਤੇ ਸਤਿੰਦਰ ਸਿੰਘ ਚੱਠਾ ਸਮੇਤ ਆਮ ਆਦਮੀ ਪਾਰਟੀ ਦੇ ਸਾਰੇ ਆਗੂਆਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਵਲੰਟੀਅਰਾਂ ਵੱਲੋਂ ਕੀਤੀ ਗਈ ਦਿਨ-ਰਾਤ ਮਿਹਨਤ, ਘਰ-ਘਰ ਜਾ ਕੇ ਲੋਕਾਂ ਨਾਲ ਕੀਤਾ ਸੰਪਰਕ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਲਗਨ ਸਦਕਾ ਹੀ ਨਗਰ ਕੌਂਸਲ ਚੋਣਾਂ ਵਿੱਚ ਪਾਰਟੀ ਨੇ 21 ਵਿੱਚੋਂ 19 ਸੀਟਾਂ ਜਿੱਤਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਸੁਖਵੀਰ ਸਿੰਘ ਨੇ ਵਿਸ਼ਵਾਸ ਜਤਾਇਆ ਕਿ ਆਮ ਆਦਮੀ ਪਾਰਟੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਲੋਕਾਂ ਦੀ ਸੇਵਾ ਕਰਦੀ ਰਹੇਗੀ ਅਤੇ ਧੂਰੀ ਦੇ ਵਿਕਾਸ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾਵੇਗੀ।

# ਸਮਾਣਾ ਨੇ ਵਿਕਾਸ ਤੇ ਤਰੱਕੀ ਨੂੰ ਦਿੱਤੀ ਤਰਜੀਹ: ਸੁਰਜੀਤ ਸਿੰਘ ਰੱਖੜਾ



**ਸਮਾਣਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕੈਬਨਿਟ ਮੰਤਰੀ ਅਤੇ 'ਆਪ' ਆਗੂ ਸੁਰਜੀਤ ਸਿੰਘ ਰੱਖੜਾ ਨੇ ਨਗਰ ਕੌਂਸਲ ਚੋਣਾਂ ਦੇ ਸ਼ਾਨਦਾਰ ਨਤੀਜਿਆਂ 'ਤੇ ਸਮੂਹ ਸਮਾਣਾ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਮਾਣਾ ਦੇ ਲੋਕਾਂ ਨੇ ਵਿਕਾਸ, ਲੋਕ ਸੇਵਾ ਅਤੇ ਇਮਾਨਦਾਰ ਸੋਚ ਨੂੰ ਭਾਰੀ ਸਮਰਥਨ ਦੇ ਕੇ ਇਤਿਹਾਸਿਕ ਫ਼ਤਵਾ ਦਿੱਤਾ ਹੈ।

ਸ. ਰੱਖੜਾ ਨੇ ਕਿਹਾ ਕਿ ਸਮਾਣਾ ਵਾਸੀਆਂ ਵੱਲੋਂ ਮਿਲਿਆ ਇਹ ਪਿਆਰ, ਵਿਸ਼ਵਾਸ ਅਤੇ ਸਹਿਯੋਗ ਉਨ੍ਹਾਂ ਲਈ ਸਭ ਤੋਂ ਵੱਡੀ ਤਾਕਤ ਹੈ। ਸੋ ਸਮਾਣਾ ਵਾਸੀਆਂ ਨੇ ਪਿਛਲੇ ਸਮੇਂ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਨੂੰ ਵੋਟਾਂ ਦੇ ਰੂਪ ਵਿੱਚ ਸਤਿਕਾਰ ਦਿੱਤਾ ਹੈ, ਜਿਸ ਲਈ ਉਹ ਹਮੇਸ਼ਾਂ ਸਮਾਣਾ ਵਾਸੀਆਂ ਦੇ ਰਿਣੀ ਰਹਿਣਗੇ।

ਸ. ਰੱਖੜਾ ਨੇ ਕਿਹਾ ਸਮਾਣਾ ਸਿਰਫ਼ ਉਨ੍ਹਾਂ ਦਾ ਸਿਆਸੀ ਹਲਕਾ ਨਹੀਂ, ਸਗੋਂ ਉਨ੍ਹਾਂ ਦਾ ਆਪਣਾ ਪਰਿਵਾਰ ਹੈ ਅਤੇ ਇਲਾਕੇ ਦੀ ਤਰੱਕੀ ਲਈ ਉਹ ਪਹਿਲਾਂ ਦੀ ਤਰ੍ਹਾਂ ਹਮੇਸ਼ਾਂ ਵਚਨਬੱਧ ਰਹਿਣਗੇ।

ਸ. ਰੱਖੜਾ ਨੇ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਸਮਾਣਾ ਦੇ ਸਰਬਪੱਖੀ ਵਿਕਾਸ ਲਈ ਹੋਰ ਵੱਡੇ ਉਪਰਾਲੇ ਕੀਤੇ ਜਾਣਗੇ, ਤਾਂ ਜੋ ਇਲਾਕੇ ਨੂੰ ਤਰੱਕੀ ਅਤੇ ਆਧੁਨਿਕਤਾ ਦੀ ਨਵੀਂ ਪਹਿਚਾਣ ਮਿਲ ਸਕੇ।

ਇਸ ਮੌਕੇ ਸੁੱਖੀ ਰੱਖੜਾ, ਅਸ਼ੋਕ ਮੋਦਗਿੱਲ, ਰਾਣਾ ਸੇਖੋਂ, ਕਪੂਰ ਚੰਦ ਬਾਂਸਲ, ਪਾਰਸ ਸ਼ਰਮਾ, ਗੋਪਾਲ ਕ੍ਰਿਸ਼ਨ ਗਰਗ, ਧਰਮਪਾਲ, ਗੁਰਦੀਪ ਸ਼ਰਮਾ, ਸੰਜੇ ਸਾਹਨੀ, ਰੋਹਿਤ ਕੁਮਾਰ, ਬਲਦੇਵ ਸਿੰਘ ਬੰਗਾ, ਬੇਅੰਤ ਸਿੰਘ ਬੰਗਾ, ਗੁਰਦਿਆਲ ਸਿੰਘ ਰੰਧਾਵਾ, ਪੱਪੀ ਜਸਪਾਲ ਕਲਿਆਣ, ਰਘਵੀਰ ਕਲਿਆਣ, ਇੰਦਰਜੀਤ ਰੱਖੜਾ, ਰਘਵੀਰ ਕਲਿਆਣ, ਗੁਰਭੇਜ ਸਿੰਘ ਭੇਜਾ, ਜਗਤਾਰ ਸਿੰਘ ਸੰਧੂ,ਕੁਲਵੰਤ ਸਿੰਘ ਦਦਹੇੜਾ, ਮੌਜੂਦ ਸਨ।

# ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਡੀਕਲ ਟੈਕਨਾਲੋਜੀ ਵਿਖੇ ਫਸਟ ਏਡ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ : ਡਾ. ਬਲਬੀਰ ਸਿੰਘ





**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ, ਪਟਿਆਲਾ ਵਿੱਚ ਇੱਕ ਗੌਰਵਮਈ ਅਤੇ ਯਾਦਗਾਰ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿੱਥੇ ਪੰਜਾਬ ਦੇ ਮਾਨਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਵੇਂ ਸਥਾਪਿਤ ਫਰਸਟ ਏਡ ਟ੍ਰੇਨਿੰਗ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਹ ਸਮਾਗਮ ਵਿਦਿਆਰਥੀਆਂ ਅਤੇ ਸਮਾਜ ਵਿੱਚ ਸਿਹਤ ਜਾਗਰੂਕਤਾ ਅਤੇ ਐਮਰਜੈਂਸੀ ਪ੍ਰਤੀਕਿਰਿਆ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

ਗੁਰੂ ਨਾਨਕ ਇੰਸਟੀਚਿਊਟ ਪਿਛਲੇ 35 ਸਾਲਾਂ ਤੋਂ ਐਲਾਈਡ ਹੈਲਥ ਐਜੂਕੇਸ਼ਨ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇੰਸਟੀਚਿਊਟ ਵੱਲੋਂ ਵੱਖ-ਵੱਖ ਪ੍ਰੋਫੈਸ਼ਨਲ ਸਿਹਤ ਸੰਬੰਧੀ ਕੋਰਸ ਸਫਲਤਾਪੂਰਵਕ ਚਲਾਏ ਜਾ ਰਹੇ ਹਨ, ਜਿਵੇਂ ਕਿ ਫਿਜ਼ੀਓਥੈਰੇਪੀ, ਰੇਡੀਓਲੋਜੀ, ਮੈਡੀਕਲ ਲੈਬੋਰੇਟਰੀ ਟੈਕਨੋਲੋਜੀ, ਓਪਰੇਸ਼ਨ ਥੀਏਟਰ ਟੈਕਨੋਲੋਜੀ, ਹਸਪਤਾਲ ਮੈਨੇਜਮੈਂਟ, ਆਪਟੋਮੈਟਰੀ, ਡਾਇਲਿਸਿਸ ਟੈਕਨੋਲੋਜੀ, ਹਸਪਤਾਲ ਸਟੀਰਿਲਾਈਜ਼ੇਸ਼ਨ ਟੈਕਨੋਲੋਜੀ, ਕਾਰਡਿਏਕ ਕੇਅਰ ਟੈਕਨੋਲੋਜੀ, CMSED, PCM MPHW ਆਦਿ। ਇਨ੍ਹਾਂ ਕੋਰਸਾਂ ਰਾਹੀਂ ਵਿਦਿਆਰਥੀ ਖੁਦਮੁਖਤਿਆਰ ਬਣ ਰਹੇ ਹਨ ਅਤੇ ਆਪਣੇ ਮਾਪਿਆਂ ਅਤੇ ਜੀਐਨਆਈਐਮਟੀ ਦਾ ਨਾਮ ਰੌਸ਼ਨ ਕਰ ਰਹੇ ਹਨ।ਡਾ. ਬਲਬੀਰ ਸਿੰਘ ਦੇ ਇੰਸਟੀਚਿਊਟ ਪਹੁੰਚਣ 'ਤੇ ਉਨ੍ਹਾਂ ਦਾ ਡਾ. ਸ਼ੁਭਾਸ਼ ਡਾਵਰ, ਡਾ. ਰਾਹੁਲ ਡਾਵਰ, ਸ. ਆਈਪੀ ਸਿੰਘ, ਜਿਤੇਨ ਡਾਵਰ ਅਤੇ ਜਤਿਨ ਡਾਵਰ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦਾ ਤਿਲਕ ਲਗਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਨਮਾਨ ਕੀਤਾ ਗਿਆ। ਇੰਸਟੀਚਿਊਟ ਮੈਨੇਜਮੈਂਟ ਵੱਲੋਂ ਡਾ. ਸ਼ੁਭਾਸ਼ ਡਾਵਰ ਅਤੇ ਸਟਾਫ ਮੈਂਬਰਾਂ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦੱਸਾ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਬਾਅਦ ਸਿਹਤ ਮੰਤਰੀ ਨੇ ਇੰਸਟੀਚਿਊਟ ਦੀਆਂ ਲੈਬੋਰਟਰੀਆਂ ਅਤੇ ਵਿਭਾਗਾਂ ਦਾ ਦੌਰਾ ਕੀਤਾ ਅਤੇ ਫਰਸਟ ਏਡ ਟ੍ਰੇਨਿੰਗ ਸੈਂਟਰ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਕੀਤੀਆਂ ਗਈਆਂ ਸ਼ਾਨਦਾਰ ਤਿਆਰੀਆਂ ਅਤੇ ਡੈਮੋਨਸਟ੍ਰੇਸ਼ਨਾਂ ਦੀ ਖੂਬ ਪ੍ਰਸ਼ੰਸਾ ਕੀਤੀ। ਵਿਦਿਆਰਥੀਆਂ ਵੱਲੋਂ ਸੀਪੀਆਰ ਅਤੇ ਡ੍ਰੈਸਿੰਗ ਤਕਨੀਕਾਂ ਦੇ ਸ਼ਾਨਦਾਰ ਪ੍ਰਦਰਸ਼ਨ ਕੀਤੇ ਗਏ, ਜਿਨ੍ਹਾਂ ਨੇ ਉਨ੍ਹਾਂ ਦੀ ਪ੍ਰਯੋਗਾਤਮਕ ਜਾਣਕਾਰੀ, ਆਤਮਵਿਸ਼ਵਾਸ ਅਤੇ ਪੇਸ਼ਾਵਰ ਕਾਬਲੀਅਤ ਨੂੰ ਦਰਸਾਇਆ। ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਇੰਸਟੀਚਿਊਟ ਵੱਲੋਂ ਦਿੱਤੀ ਜਾ ਰਹੀ ਗੁਣਵੱਤਾ ਵਾਲੀ ਸਿਹਤ ਸਿੱਖਿਆ ਅਤੇ ਪ੍ਰੈਕਟੀਕਲ ਟ੍ਰੇਨਿੰਗ ਦੀ ਪ੍ਰਸ਼ੰਸਾ ਕੀਤੀ।

ਆਪਣੇ ਸੰਬੋਧਨ ਦੌਰਾਨ ਡਾ. ਬਲਬੀਰ ਸਿੰਘ ਨੇ ਦੈਨਿਕ ਜੀਵਨ ਵਿੱਚ ਫਰਸਟ ਏਡ ਟ੍ਰੇਨਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਫਰਸਟ ਏਡ ਦੀ ਜਾਣਕਾਰੀ ਹਰ ਥਾਂ ਲਾਜ਼ਮੀ ਹੈ, ਚਾਹੇ ਘਰ ਹੋਵੇ, ਸਕੂਲ, ਕਾਲਜ, ਕਾਰਜਸਥਲ, ਜਨਤਕ ਸਥਾਨ ਜਾਂ ਸਿਹਤ ਸੰਸਥਾਵਾਂ। ਉਨ੍ਹਾਂ ਕਿਹਾ ਕਿ ਸਮੇਂ ਸਿਰ ਦਿੱਤੀ ਗਈ ਫਰਸਟ ਏਡ ਐਮਰਜੈਂਸੀ ਅਤੇ ਹਾਦਸਿਆਂ ਦੌਰਾਨ ਡਾਕਟਰੀ ਸਹਾਇਤਾ ਪਹੁੰਚਣ ਤੋਂ ਪਹਿਲਾਂ ਜਾਨਾਂ ਬਚਾ ਸਕਦੀ ਹੈ।

ਮਾਨਯੋਗ ਮੰਤਰੀ ਨੇ ਇਹ ਵੀ ਸਮਝਾਇਆ ਕਿ ਫਰਸਟ ਏਡ ਸਿਰਫ਼ ਸੀਪੀਆਰ (ਕਾਰਡੀਓਪਲਮੋਨਰੀ ਰੀਸੱਸਿਟੇਸ਼ਨ) ਤੱਕ ਸੀਮਿਤ ਨਹੀਂ ਹੈ, ਸਗੋਂ ਇਸ ਵਿੱਚ ਜ਼ਖਮਾਂ ਦੀ ਸੰਭਾਲ, ਖੂਨ ਵਹਿਣ ਨੂੰ ਰੋਕਣਾ, ਹੱਡੀਆਂ ਨੂੰ ਸਹਾਰਾ ਦੇਣਾ, ਸੜਨ ਦੀ ਸੰਭਾਲ, ਮਰੀਜ਼ਾਂ ਦੀ ਸਹੀ ਹੈਂਡਲਿੰਗ ਅਤੇ ਐਮਰਜੈਂਸੀ ਰਿਸਪਾਂਸ ਵਰਗੀਆਂ ਕਈ ਜੀਵਨ ਬਚਾਉਣ ਵਾਲੀਆਂ ਤਕਨੀਕਾਂ ਸ਼ਾਮਲ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸਿਹਤ ਖੇਤਰ ਦੇ ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਦੇ ਵਿਦਿਆਰਥੀਆਂ ਲਈ ਸਰਕਾਰੀ ਟ੍ਰੇਨਿੰਗ ਮੌਕਿਆਂ ਉੱਤੇ ਖ਼ਾਸ ਧਿਆਨ ਦੇਵੇਗੀ। ਉਨ੍ਹਾਂ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਐਫੀਲੀਏਸ਼ਨ ਦੇ ਮੌਕਿਆਂ ਬਾਰੇ ਵੀ ਸਕਾਰਾਤਮਕ ਸਮਰਥਨ ਜਤਾਇਆ, ਜਿਸ ਨਾਲ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਪੇਸ਼ਾਵਰ ਤੌਰ 'ਤੇ ਵੱਡਾ ਲਾਭ ਮਿਲੇਗਾ।

ਇਸ ਮੌਕੇ ਐਮਸੀ ਦੀਪਕ ਮਿੱਤਲ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਨਿਸ਼ਾਂਤ ਐਮਸੀ ਆਫ ਫੈਕਟਰੀ ਏਰੀਆ, ਜਤਿੰਦਰ ਕੁਮਾਰ, ਜਗਰਣ ਤੋਂ ਮੀਡੀਆ ਪ੍ਰਤੀਨਿਧੀ, ਚੜ੍ਹਦੀਕਲਾ ਤੋਂ ਰੂਪਨ, ਪ੍ਰੈਸ ਕੀ ਤਾਕਤ ਤੋਂ ਸ਼ਿਵ ਕੁਮਾਰ ਜਾਂਗੜਾ, ਪੰਜਾਬ ਕੇਸਰੀ, ਪਰਵਿੰਦਰ ਕੁਮਾਰ ਅਤੇ ਭਾਸਕਰ ਦੇ ਪ੍ਰਤੀਨਿਧੀ ਵੀ ਸਮਾਗਮ ਵਿੱਚ ਮੌਜੂਦ ਰਹੇ ਅਤੇ ਉਨ੍ਹਾਂ ਨੇ ਆਪਣਾ ਪੂਰਾ ਸਹਿਯੋਗ ਦਿੱਤਾ। ਸਮਾਗਮ ਦੇ ਅੰਤ ਵਿੱਚ ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਦੇ ਮੈਨੇਜਮੈਂਟ, ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਸ਼ੁਭਾਸ਼ ਡਾਵਰ, ਕੋਆਰਡੀਨੇਟਰ ਰਸ਼ਮੀ ਸ਼ਰਮਾ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਡਾ. ਬਲਬੀਰ ਸਿੰਘ ਦਾ ਉਨ੍ਹਾਂ ਦੇ ਪ੍ਰੇਰਣਾਦਾਇਕ ਦੌਰੇ, ਕੀਮਤੀ ਮਾਰਗਦਰਸ਼ਨ ਅਤੇ ਸਿਹਤ ਸਿੱਖਿਆ ਅਤੇ ਸਕਿਲ ਡਿਵੈਲਪਮੈਂਟ ਨੂੰ ਉਤਸ਼ਾਹਿਤ ਕਰਨ ਲਈ ਦਿਲੋਂ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਡਾ. ਸੁਭਾਸ਼ ਡਾਵਰ ਨੇ ਮੁੱਖ ਮਹਿਮਾਨ ਡਾ. ਬਲਬੀਰ ਸਿੰਘ, ਸਾਰੇ ਮੀਡੀਆ ਮੈਂਬਰਾਂ, ਪਤ੍ਰਕਾਰ ਅਤੇ ਵਿਦਿਆਰਥੀਆਂ ਦਾ ਦਿਲੋਂ ਧੰਨਵਾਦ ਕੀਤਾ ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ।

# ਜ਼ਿਲ੍ਹੇ ਦੇ ਸਮੂਹ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਸਮੂਹ 61 ਵਾਰਡਾ ਦੇ ਨਤੀਜੇ ਘੋਸ਼ਿਤ



**ਮਲੇਰਕੋਟਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲ ਮਾਲੇਰਕੋਟਲਾ,ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ ਕੁੱਲ 61 ਵਾਰਡਾਂ ਤੋਂ ਜੇਤੂ ਉਮੀਦਵਾਰਾਂ ਦੇ ਨਤੀਜੇ ਅੱਜ ਅਧਿਕਾਰਿਕ ਤੌਰ 'ਤੇ ਘੋਸ਼ਿਤ ਕਰ ਦਿੱਤੇ ਗਏ ਹਨ।

ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੀ ਪੂਰੀ ਪ੍ਰਕਿਰਿਆ ਅਮਨ, ਅਮਾਨ, ਪਾਰਦਰਸ਼ਤਾ ਅਤੇ ਸੁਚੱਜੇ ਪ੍ਰਬੰਧਾਂ ਹੇਠ ਸਫਲਤਾਪੂਰਵਕ ਸੰਪੰਨ ਹੋਈ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਨੇ ਚੋਣ ਪ੍ਰਕਿਰਿਆ ਦੇ ਸੁਚੱਜੇ ਸੰਚਾਲਨ ਲਈ ਸਮੂਹ ਚੋਣ ਅਮਲੇ, ਰਿਟਰਨਿੰਗ ਅਫ਼ਸਰਾਂ, ਪੁਲਿਸ ਪ੍ਰਸ਼ਾਸਨ ਅਤੇ ਹੋਰ ਸੰਬੰਧਿਤ ਵਿਭਾਗਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਚੋਣ ਅਮਲੇ ਵੱਲੋਂ ਦਿਨ-ਰਾਤ ਇੱਕ ਕਰਕੇ ਕੀਤੀ ਗਈ ਮਿਹਨਤ ਸਦਕਾ ਹੀ ਪੂਰੀ ਚੋਣ ਪ੍ਰਕਿਰਿਆ ਨਿਰਵਿਘਨ ਅਤੇ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹ ਸਕੀ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲ ਮਾਲੇਰਕੋਟਲਾ 33 ਵਾਰਡਾਂ,ਅਹਿਮਦਗੜ੍ਹ ਦੇ 17 ਵਾਰਡਾਂ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ 11 ਵਾਰਡਾਂ ਦੇ ਨਤੀਜੇ ਲਈ ਕੁੱਲ 291 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਵੋਟਿੰਗ ਅਤੇ ਵੋਟਾਂ ਦੀ ਗਿਣਤੀ ਦੀ ਕਾਰਵਾਈ ਸੂਬਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੂਰੀ ਪਾਰਦਰਸ਼ਤਾ ਨਾਲ ਕਰਵਾਈ ਗਈ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਕੌਂਸਲ ਮਾਲੇਰਕੋਟਲਾ ਦੇ 33 ਵਾਰਡਾਂ 'ਚ 20 ਆਮ ਆਦਮੀ ਪਾਰਟੀ ਨੂੰ, ਕਾਗਰਸ ਨੂੰ 08, ਸ਼੍ਰੋਮਣੀ ਅਕਾਲੀ ਦਲ ਨੂੰ 01, ਭਾਜਪਾ ਨੂੰ 01 ਅਤੇ ਅਜਾਦ ਨੂੰ 03 ਸੀਟਾਂ ਪ੍ਰਾਪਤ ਕੀਤੀਆਂ ਹਨ ਅਤੇ ਨਗਰ ਕੌਂਸਲ ਅਹਿਮਦਗੜ੍ਹ ਦੇ 17 ਵਾਰਡਾ 'ਚ ਆਮ ਆਦਮੀ ਪਾਰਟੀ ਨੂੰ 07, ਕਾਗਰਸ ਨੂੰ 06, ਸ਼੍ਰੋਮਣੀ ਅਕਾਲੀ ਦਲ ਨੂੰ 01, ਤੇ ਅਜਾਦ ਨੂੰ 03 ਸੀਟਾਂ ਪ੍ਰਾਪਤ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ 11 ਵਾਰਡਾਂ 'ਚ ਆਮ ਆਦਮੀ ਪਾਰਟੀ ਨੂੰ 3, ਕਾਂਗਰਸ ਨੂੰ 1, ਬਸਪਾ ਨੂੰ 1 ਅਤੇ ਅਜਾਦ ਨੂੰ 6 ਸੀਟਾਂ ਪ੍ਰਾਪਤ ਹੋਇਆ ਹਨ ।

ਉਨ੍ਹਾਂ ਹੋਰ ਦੱਸਿਆ ਕਿ ਸਾਰੇ ਜੇਤੂ ਉਮੀਦਵਾਰਾਂ ਦੇ ਪਾਰਟੀ ਨੁਮਾਇੰਦਿਆਂ ਨੂੰ ਸੰਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਸਰਟੀਫਿਕੇਟ ਆਫ ਇਲੈਕਸ਼ਨ ਜਾਰੀ ਕਰ ਦਿੱਤੇ ਗਏ ਹਨ।

# ਜਸਲੀਨ ਮਹੰਤ ਅਤੇ ਸਾਥੀਆਂ ਵਲੋਂ ਸਮੂਹਿਕ ਆਤਮਹੱਤਿਆ ਦੀ ਚਿਤਾਵਨੀ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਰੇ ਕਿੰਨਰ ਨਿਵਾਸੀ 381/7 ਜੱਟਾਂ ਵਾਲਾ ਚੌਂਤਰਾ ਪਟਿਆਲਾ, ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਸਾਡੇ ਨਾਲ ਕੀਤੇ ਜਾ ਰਹੇ ਅਣਮਨੁੱਖੀ ਵਤੀਰੇ ਕਾਰਨ ਸੋਮਵਾਰ ਨੂੰ ਸਮੂਹਿਕ ਤੌਰ ਤੇ ਆਤਮਹੱਤਿਆ ਕਰਨ ਲਈ ਮਜਬੂਰ ਹੋ ਰਹੇ ਹਾਂ। ਪੰਜਾਬ ਸਰਕਾਰ ਦੇ ਮੰਤਰੀਆਂ ਦੀ ਸ਼ਹਿ ਤੇ ਸਿਮਰਨ ਮਹੰਤ ਨੇ ਸਾਡੇ ਨਾਲ ਤਿੰਨ ਕਰੋੜ ਰੁਪਏ ਦੀ ਠੱਗੀ ਕਰਦੇ ਹੋਏ ਸਾਡੇ ਡੇਰੇ ਤੇ ਡਕੈਤੀ ਮਾਰੀ ਪਰ ਸਿਮਰਨ ਨੂੰ ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਦੇ ਨਜਦੀਕੀ ਬੰਦਿਆਂ ਨੇ ਬੀ ਓ ਆਈ ਦੀ ਮਦਦ ਨਾਲ ਕ੍ਰਿਮਿਨਲ ਕੇਸ ਤੋਂ ਬਚਾਇਆ ਹੈ। ਹੁਣ ਸਾਡੇ ਵੱਲੋਂ ਖਰੀਦੇ ਜਾ ਗਏ ਡੇਰੇ ਤੇ 5 ਸਾਲ ਤੋਂ ਸਾਡਾ ਕਬਜਾ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਮੰਤਰੀਆਂ ਅਤੇ ਲੀਡਰਾਂ ਦੇ ਇਸ਼ਾਰੇ ਤੇ SDM ਪਟਿਆਲਾ ਅਤੇ ਤਹਿਸੀਲਦਾਰ ਪਟਿਆਲਾ ਵੱਲੋਂ ਸਾਡੇ ਹੀ ਡੇਰੇ ਤੇ ਸਿਮਰਨ ਮਹੰਤ ਦਾ ਦੁਬਾਰਾ ਕਬਜਾ ਕਰਵਾਉਣ ਲਈ ਧਾਰਾ 145 ਲਗਾਈ ਜਾ ਰਹੀ ਹੈ। ਪੰਜਾਬ ਸਰਕਾਰ ਡਕੈਤੀ ਆਰੋਪਿਆਂ ਅਤੇ ਲੁੱਟ ਮਾਰ ਕਰਨ ਵਾਲਿਆਂ ਦੀ ਮਦਦ ਖੁੱਲ੍ਹਕੇ ਕੇ ਰਹੀ ਹੈ। ਸਭ ਦਾ ਭਲਾ ਮੰਗਣ ਵਾਲੇ ਰੱਬ ਦੇ ਬੰਦਿਆਂ ਕਿੰਨਰਾਂ ਨਾਲ ਬੇਇਨਸਾਫ਼ੀ ਕਰਨ ਵਾਲੀ ਅਜਿਹੀ ਸਰਕਾਰ ਦੇ ਰਾਜ ਵਿੱਚ ਸਾਡਾ ਦਮ ਘੁੱਟ ਰਿਹਾ ਹੈ।

ਸਾਨੂੰ ਇਸ ਗੱਲ ਦਾ ਪੱਕਾ ਯਕੀਨ ਹੋ ਗਿਆ ਹੈ ਕਿ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਦੇ ਰਾਜ ਵਿੱਚ ਸਾਨੂੰ ਇਨਸਾਫ਼ ਨਹੀਂ ਮਿਲ ਸਕਦਾ। ਅਸੀਂ ਇਸ ਬੇਇਨਸਾਫ਼ੀ ਕਾਰਣ ਸਮੂਹਿਕ ਤੌਰ ਤੇ ਆਤਮਹੱਤਿਆ ਕਰਨ ਜਾ ਰਹੇ ਹਾਂ। ਸਾਡੀ ਮੌਤ ਦੀ ਜਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ, ਪੰਜਾਬ ਸਰਕਾਰ , ਆਮ ਆਦਮੀ ਪਾਰਟੀ ਦੇ ਮੰਤਰੀਆਂ ਅਤੇ ਲੀਡਰਾਂ , SDM ਪਟਿਆਲਾ ਅਤੇ ਤਹਿਸੀਲਦਾਰ ਪਟਿਆਲਾ ਅਤੇ ਸਿਮਰਨ ਮਹੰਤ ਦੇ ਫਾਇਨਾਂਸਰ ਰਿਟਾਇਰਡ ਤਹਿਸੀਲਦਾਰ ਇੰਦਰ ਕੁਮਾਰ ਦੀ ਹੋਵੇਗੀ। ਸਾਡੀ ਮੌਤ ਲਈ ਜਿੰਮੇਵਾਰ ਅਜਿਹੀ ਅੱਤਿਆਚਾਰੀ ਸਰਕਾਰ ਦੇ ਇਹਨਾਂ ਵਿਅਕਤੀਆਂ ਵਿਰੁੱਧ ਕੇਂਦਰ ਸਰਕਾਰ ਅਤੇ DGP ਪੰਜਾਬ ਕਾਰਵਾਈ ਕਰਨ।

# ਮੁਕੇਰੀਆਂ ਦੇ 15 ਵਾਰਡਾਂ 'ਚੋਂ 7 ਵਾਰਡਾਂ 'ਚ ਭਾਜਪਾ, 6 ਵਾਰਡਾਂ 'ਚ ਕਾਂਗਰਸ ਪਾਰਟੀ ਅਤੇ ਇੱਕ-ਇੱਕ ਵਾਰਡ 'ਚ ਆਪ ਅਤੇ ਆਜ਼ਾਦ ਉਮੀਦਵਾਰ ਜੇਤੂ

**ਮੁਕੇਰੀਆਂ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਨਗਰ ਕੌਂਸਲ ਦੇ 15 ਵਾਰਡਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਹੋਈ ਗਿਣਤੀ ਦੌਰਾਨ ਭਾਰਤੀ ਜਨਤਾ ਪਾਰਟੀ ਦੇ 7, ਕਾਂਗਰਸ ਪਾਰਟੀ ਦੇ 6, ਆਮ ਆਦਮੀ ਪਾਰਟੀ ਦਾ ਇੱਕ ਅਤੇ ਇੱਕ ਆਜ਼ਾਦ ਉਮੀਦਵਾਰ ਜੇਤੂ ਰਿਹਾ।

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰਿਆ ਭਰਯਾਲ 409 ਵੋਟਾਂ ਲੈ ਕੇ ਜੇਤੂ ਰਹੀ। ਇਸੇ ਤਰ੍ਹਾਂ ਵਾਰਡ ਨੰਬਰ 2 ਅਤੇ 3 'ਚੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਤਨਾਮ ਸਿੰਘ ਅਤੇ ਰਾਧਿਕਾ ਗੁਪਤਾ ਨੇ ਕ੍ਰਮਵਾਰ 407 ਅਤੇ 864 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 4,5,6,7,8,9 ਅਤੇ 10 ਵਿਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੀਰਜ ਸਾਹਨੀ, ਰਾਜੇਸ਼ ਜੈਨ, ਅਨੂਪ ਕੁਮਾਰ ਭੱਟੀ, ਜਯੋਤੀ ਸ਼ਰਮਾ, ਸੁਭਾਸ਼ ਚੰਦਰ, ਮਧੂਮਿਤਾ ਅਤੇ ਰਮਨ ਡੋਗਰਾ ਨੇ ਕ੍ਰਮਵਾਰ 691,773,671,614, 535, 482 ਅਤੇ 503 ਵੋਟਾਂ ਲੈ ਕੇ ਜਿੱਤਾਂ ਦਰਜ ਕੀਤੀਆਂ। ਵਾਰਡ 11,12 ਅਤੇ 13 ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਪੂਨਮ, ਸ਼ੇਰ ਸਿੰਘ ਅਤੇ ਰਮਨ ਰਾਣੀ ਨੇ 450,625 ਅਤੇ 533 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਵਾਰਡ 14 ਤੋਂ ਆਜ਼ਾਦ ਉਮੀਦਵਾਰ ਗੁਲਜ਼ਾਰ ਸਿੰਘ ਨੇ 312 ਵੋਟਾਂ ਅਤੇ ਵਾਰਡ ਨੰਬਰ 15 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰੂਪ ਲਾਲ ਨੇ 549 ਵੋਟਾਂ ਲੈ ਕੇ ਜਿੱਤ ਦਰਜ ਕੀਤੀ।

# ਐਸ.ਸੀ. ਕਮਿਸ਼ਨ ਨੇ ਰਵਨੀਤ ਸਿੰਘ ਬਿੱਟੂ ਵੱਲੋਂ ਜਾਤੀ ਸੂਚਕ ਸ਼ਬਦ ਵਰਤਣ ਸਬੰਧੀ ਐਸ.ਐਸ.ਪੀ, ਸੰਗਰੂਰ ਤੋਂ ਰਿਪੋਰਟ ਤਲਬ

**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਜਾਤੀ ਸੂਚਕ ਸ਼ਬਦ ਵਰਤਣ ਸਬੰਧੀ ਸੂ-ਮੋਟੋ ਨੋਟਿਸ ਲੈਂਦਿਆਂ ਸੀਨੀਅਰ ਸੁਪਰਡੰਟ ਆਫ ਪੁਲਿਸ, ਸੰਗਰੂਰ ਤੋਂ ਰਿਪੋਰਟ ਤਲਬ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਆਪਣੇ ਧੂਰੀ ਦੌਰੇ ਦੌਰਾਨ ਜਾਤੀ ਸੂਚਕ ਸ਼ਬਦ ਵਰਤੇ ਹਨ।

ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਸ਼ੋਸ਼ਲ ਮੀਡੀਆ ਤੇ ਚੱਲੀਆਂ ਖਬਰਾਂ ਦਾ ਲਿੰਕ ਭੇਜ ਕੇ ਮਾਮਲੇ ਦੀ ਜਾਂਚ ਰਿਪੋਰਟ 1 ਜੂਨ, 2026 ਨੂੰ ਸਵੇਰੇ 09:00 ਵਜੇ ਰਿਪੋਰਟ ਐਸ.ਪੀ. ਹੈੱਡਕੁਆਟਰ, ਸੰਗਰੂਰ ਰਾਹੀਂ ਤਲਬ ਕੀਤੀ ਗਈ ਹੈ।

# ਸਰਕਾਰੀ ਸਕੂਲਾਂ ਵਿਚਲੇ ਸਕੀਮ ਵਰਕਰਾਂ ਨੂੰ ਤਨਖਾਹ ਜਾਰੀ ਕਰਵਾਉਣ ਲਈ ਕਰਮੀਆਂ ਵਿੱਚ ਭਾਰੀ ਰੋਸ: ਰਾਮ ਪ੍ਰਸਾਦ ਸਹੋਤਾ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ 1680 ਸਰਕਾਰੀ ਸਕੂਲਜ਼ ਦੇ ਚੌਥਾ ਦਰਜਾ ਕਰਮਚਾਰੀਆਂ ਜਿਲਾ ਵਿੱਚ ਮਿਡ—ਡੇ—ਮੀਲ ਆਦਿ ਸ਼ਾਮਲ ਹੋਏ। ਮੀਟਿੰਗ ਦੀ ਪ੍ਰਧਾਨਗੀ ਰਾਮ ਪ੍ਰਸਾਦ ਸਹੋਤਾ ਨੇ ਕੀਤੀ ਮੀਟਿੰਗ ਵਿੱਚ ਰੋਸ ਪ੍ਰਗਟ ਕੀਤਾ ਗਿਆ ਕਿ ਸਰਕਾਰੀ ਸਕੂਲਾਂ ਵਿੱਚ ਮਿਡ—ਡੇ—ਮੀਲ ਕਰਮੀਆਂ ਨੂੰ ਤਨਖਾਹਾਂ ਸਮੇਂ ਸਿਰ ਜਾਰੀ ਨਹੀਂ ਕੀਤੀਆ ਜਾ ਰਹੀਆਂ ਅਤੇ ਇਨ੍ਹਾਂ ਨੂੰ ਬਣਦੀਆਂ ਸਹੂਲਤਾ ਵੀ ਦਿੱਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਨੂੰ ਘੱਟੋ—ਘੱਟ ਉਜਰਤਾ ਦੇ ਘੇਰੇ ਵਿੱਚ ਨਹੀਂ ਲਿਆਦਾ ਜਾ ਰਿਹਾ ਹੈ।

ਇਸ ਤਰ੍ਹਾਂ ਸਰਕਾਰੀ ਸਕੂਲਾਂ ਵਿਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਕਰਮੀਆਂ ਦੀਆਂ ਸੇਵਾਵਾਂ ਰੈਗੂਲਰ ਨਹੀਂ ਕੀਤੀਆਂ ਜਾ ਰਹੀਆਂ। ਇਸ ਮੌਕੇ ਤੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੂਲਾਂ ਦੇ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਪੈਨਸ਼ਨਰ ਦੇ ਪ੍ਰਧਾਨ ਸ਼ਿਵ ਚਰਨ, ਬਲਜੀਤ ਸਿੰਘ ਪ੍ਰਧਾਨ ਜਲ ਸਰੋਤ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਦੇ 8200 ਸਰਕਾਰੀ ਸਕੂਲਾਂ ਵਿੱਚ ਆਮ ਆਦਮੀ ਸਰਕਾਰ ਨੇ ਸਫਾਈ ਸੇਵਕ 3000 ਹਜਾਰ ਰੁਪਏ ਤੇ ਚੌਂਕੀਦਾਰ 5000 ਰੁਪਏ ਤੇ ਨਿਯੁਕਤ ਕੀਤੇ ਗਏ ਹਨ ਪ੍ਰੂੰ ਇਨ੍ਹਾਂ ਨੂੰ ਤਿੰਨ—ਤਿੰਨ ਮਹੀਨੇ ਜੋ ਤਨਖਾਹਾਂ ਵੀ ਨਹੀਂ ਦਿੱਤੀਆਂ ਗਈਆਂ।

ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਨ੍ਹਾਂ ਦਾ ਸ਼ੋਸ਼ਣ ਬੰਦ ਕਰਕੇ ਘੱਟੋ—ਘੱਟ ਉਜਰਤਾਂ ਜ਼ੋ ਕਿਰਤ ਵਿਭਾਗ ਜਾਰੀ ਕੀਤੀਆਂ ਜਾਂਦੀਆਂ ਹਨ ਲਾਗੂ ਕੀਤੀਆਂ ਜਾਣ ਦੀ ਜ਼ੋਰਦਾਰ ਮੰਗ ਕੀਤੀ ਅਤੇ ਇਨ੍ਹਾਂ ਨੂੰ ਸਕੂਲ ਵਿੱਚ ਖਪਾਉਣ ਲਈ ਮੰਗ ਵੀ ਕੀਤੀ ਗਈ।

ਸੂਬਾ ਪ੍ਰਧਾਨ ਨੇ ਕਿਹਾ ਕਿ ਮਾਨਯੋਗ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨਾਲ ਪੰਜਾਬ ਮਿਊਂਸਿਪਲ ਭਵਨ, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਸਰਕਾਰੀ ਸਕੂਲਾਂ ਤੇ ਸਰਕਾਰੀ ਕਾਲਜਾਂ ਦੇ ਇਸ਼ੂ ਉਠਾਏ ਗਏ ਅਤੇ ਘੱਟੋ—ਘੱਟ ਉਜਰਤਾ ਸਕੂਲ ਸਿੱਖਿਆ ਅਤੇ ਕਾਲਜਾਂ ਸਿੱਖਿਆ ਵਿੱਚ ਲਾਗੂ ਕਰਨ ਦੀ ਮੰਗ ਕੀਤੀ ਗਈ ਪਰੰਤੂ ਸਿੱਖਿਆ ਮੰਤਰੀ ਵਲੋਂ ਕੋਈ ਵੀ ਹੁੰਗਾਰਾ ਨਹੀਂ ਭਰਿਆ ਗਿਆ। ਸਿੱਖਿਆ ਮੰਤਰੀ ਦੇ ਇਹ ਵੀ ਧਿਆਨ ਵਿੱਚ ਲਿਆਦਾ ਕਾਲਜਾਂ ਵਿਚਲੇ ਚੌਥਾ ਦਰਜਾ ਕਰਮੀਆਂ ਨੂੰ ਪੱਕਾ ਕਰਨ ਲਈ ਜ਼ੋ ਨੀਤੀ 2023 ਨੂੰ ਤੈਅ ਕੀਤੀ ਗਈ ਇਸ ਨੀਤੀ ਨਾਲ ਕਰਮਚਾਰੀਆਂ ਦਾ ਸ਼ੋਸ਼ਣ ਹੋਵੇਗਾ। ਇਸ ਮੌਕੇ ਤੇ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਜੱਜਮੈਂਟ ਦੀ ਕਾਪੀ ਦਿੱਤੀ ਗਈ ਤੇ ਮੰਗ ਕੀਤੀ ਗਈ ਇਸ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ ਦੇਣਾ, ਠੇਕੇਦਾਰੀ ਪ੍ਰਥਾ ਨੂੰ ਸਮਾਪਤ ਕਰਨਾ, ਕੱਚੇ ਕਰਮਚਾਰੀਆਂ ਦੀ ਸੇਵਾਵਾਂ 3 ਸਾਲ 5ਸਾਲ ਦੀ ਸੇਵਾ ਪੂਰ ਕਰ ਚੁੱਕੇ ਰੈਗੂਲਰ ਕਰਨਾ ਵਿਦਿਅਕ ਯੋਗਤਾ ਅਤੇ ਉਮਰ ਵਿੱਚ ਛੋਟ ਦੇਣਾ ਵਰਗੇ ਇਸ਼ੂ ਉਠਾਏ ਗਏ ਵਿੱਤ ਮੰਤਰੀ ਵੱਲੋਂ ਭਰੋਸੇ ਤੋਂ ਛੁਟ ਕੋਈ ਹੋਰ ਹੁੰਗਾਰਾ ਨਹੀਂ ਦਿੱਤਾ। ਇਸ ਕਰਕੇ ਯੂਨੀਅਨ ਸੰਘਰਸ਼ਾਂ ਦੇ ਮੈਦਾਨ ਵਿੱਚ ਉਤਰੇਗੀ। ਜਿਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਵਰਗੇ ਉਠਾਏ ਜਾਣਗੇ। ਠੇਕੇਦਾਰ ਪ੍ਰਥਾ ਨੂੰ ਖਤਮ ਕਰਨ।

ਅੱਜ ਦੇ ਇਕੱਠ ਵਿੱਚ ਜ਼ੋ ਹਰ ਆਗੂ ਸ਼ਾਮਲ ਸਨ ਚਰਨਜੀਤ ਮਰਦਾਪੁਰ, ਇੰਦਰਪਾਲ ਵਾਲੀਆ, ਸੋਨੂੰ ਪਾਲ, ਸਤਨਾਮ ਸਿੰਘ, ਕਾਲਾ ਸਿੰਘ, ਬਲਵਿੰਦਰ ਸਿੰਘ, ਸੰਦੀਪ ਕੌਰ, ਮੰਜੂ ਰਾਣੀ, ਧਰਮਿੰਦਰ ਸਿੰਘ, ਮਦਨ ਲਾਲ, ਭੀਮ ਪਾਲ, ਰਘਵੀਰ ਸਿੰਘ, ਜੱਗਾ ਸਿੰਘ, ਨਰਿੰਦਰ ਸਿੰਘ ਆਦਿ ਆਦਿ।

# ਸੁਨਾਮ ਊਧਮ ਸਿੰਘ ਵਾਲਾ ਵਿਖੇ ਮਿਊਸੀਪਲ ਕਮੇਟੀ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਬਾਜੀ ਮਾਰੀ



**ਸੁਨਾਮ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ ਊਧਮ ਸਿੰਘ ਵਾਲਾ ਵਿਖੇ ਮਿਊਸੀਪਲ ਕਮੇਟੀ ਦੀਆਂ ਵੋਟਾਂ ਦੀ ਗਿਣਤੀ ਪੂਰੇ ਅਮਨ ਅਮਾਨ ਨਾਲ ਨੇਪਰੇ ਚੜੀ ਸੁਨਾਮ ਮਿਊਸਪਲ ਕਮੇਟੀ ਦੇ ਆਏ ਨਤੀਜਿਆਂ ਮੁਤਾਬਕ ਕੁੱਲ ਵਾਰਡਾ ਦੀ ਗਿਣਤੀ ਦੇ ਨਤੀਜਿਆਂ ਵਿੱਚ ਵਾਰਡ ਨੰਬਰ 2 ਤੋਂ ਬਿਨਾਂ ਮੁਕਾਬਲਾ ਜਿੱਤੇ ਗੁਰਤੇਜ ਸਿੰਘ ਨਿੱਕਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਐਲਾਨੇ ਗਏ ਸਨ ਕਿਸੇ ਤਰ੍ਹਾਂ 6 ਨੰਬਰ ਵਾਰਡ ਤੋਂ ਵਰੁਣ ਮੈਦਾਨ ਮੋਟੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਐਲਾਨੇ ਗਏ ਸਨ ਬਾਕੀ ਵਾਰਡਾਂ ਵਿੱਚ ਵਾਰਡ ਨੰਬਰ 1 ਤੋਂ ਆਸ਼ਾ ਬਜਾਜ ਆਪ 424 ਵੋਟਾਂ ਨਾਲ ਜੇਤੂ ਰਹੀ ਵਾਰਡ ਨੰਬਰ 3 ਤੋਂ ਚਰਨਜੀਤ ਕੌਰ ਆਮ ਆਦਮੀ ਪਾਰਟੀ 37 ਵੋਟਾਂ ਨਾਲ ਜਿੱਤੀ ਵਾਰਡ ਨੰਬਰ 4 ਤੋਂ ਰੁਪਿੰਦਰ ਸਿੰਘ ਰਿੰਪੀ ਆਮ ਆਦਮੀ ਪਾਰਟੀ 1170 ਵੋਟਾਂ ਨਾਲ ਜੇਤੂ ਰਹੇ ਵਾਰਡ ਨੰਬਰ ਪੰਜ ਤੋਂ ਚਰਨਜੀਤ ਕੌਰ ਆਮ ਆਦਮੀ ਪਾਰਟੀ 504 ਵੋਟਾਂ ਨਾਲ ਜਿੱਤੇ ਵਾਰਡ ਨੰਬਰ 7 ਤੋਂ ਜਸਵਿੰਦਰ ਕੌਰ ਹਾਂਡਾ 634 ਵੋਟਾਂ ਨਾਲ ਜੇਤੂ ਰਹੀ ਵਾਰਡ ਨੰਬਰ 8 ਤੋਂ ਸਨੀ ਕਸਲ ਆਮ ਆਦਮੀ ਪਾਰਟੀ 200 ਵੋਟਾਂ ਨਾਲ ਜੇਤੂ ਰਹੇ ਵਾਰਡ ਨੰਬਰ 9 ਤੋਂ ਸੱਸੀ ਵਾਲਾ 931 ਵੋਟਾਂ ਨਾਲ ਜੇਤੂ ਰਹੀ ਵਾਰਡ ਨੰਬਰ 10 ਤੋਂ ਰਜਿੰਦਰ ਕੌਰ ਆਜ਼ਾਦ ਉਮੀਦਵਾਰ 88 ਵੋਟਾਂ ਨਾਲ ਜੇਤੂ ਰਹੇ ਵਾਰਡ ਨੰਬਰ 11 ਤੋਂ ਮੀਨਾ ਰਾਣੀ ਆਮ ਆਦਮੀ ਪਾਰਟੀ ਜੇਤੂ ਰਹੀ ਵਾਰਡ ਨੰਬਰ 12 ਤੋਂ ਆਰਤੀ ਆਮ ਆਦਮੀ ਪਾਰਟੀ ਜੇਤੂ ਰਹੀ ਵਾਰਡ ਨੰਬਰ 13 ਤੋਂ ਮੀਨਾ ਰਾਣੀ ਆਮ ਆਦਮੀ ਪਾਰਟੀ 75 ਵੋਟਾਂ ਨਾਲ ਜਿੱਤੀ ਵਾਰਡ ਨੰਬਰ 14 ਤੋਂ ਕੁਲਵੀਰ ਸਿੰਘ ਭੰਗੂ ਆਮ ਆਦਮੀ ਪਾਰਟੀ 260 ਵੋਟਾਂ ਨਾਲ ਜਿੱਤੇ ਵਾਰਡ ਨੰਬਰ 15 ਤੋਂ ਮੀਨਾ ਰਾਣੀ ਅਜਾਦ 200 ਵੋਟਾ ਨਾਲ ਜਿੱਤੀ ਵਾਰਡ ਨੰਬਰ 16 ਤੋਂ ਯਾਦਵਿੰਦਰ ਸਿੰਘ ਨਿਰਮਾਨ ਆਮ ਆਦਮੀ ਪਾਰਟੀ 530 ਵੋਟਾਂ ਨਾਲ ਜਿੱਤੇ ਵਾਰਡ ਨੰਬਰ 17 ਤੋਂ ਮੋਨਿਕਾ ਗੋਇਲ ਬੀਜੇਪੀ ਦੇ ਉਮੀਦਵਾਰ 48 ਵੋਟਾਂ ਨਾਲ ਜਿੱਤੀ ਵਾੜ ਨੰਬਰ 18 ਤੋਂ ਸਨੀ ਖਟਕ ਆਮ ਆਦਮੀ ਪਾਰਟੀ 92 ਵੋਟਾਂ ਨਾਲ ਜਿੱਤੇ ਵਾਰਡ ਨੰਬਰ 20 ਤੋਂ ਮਾਹੀ ਮਹੰਤ ਆਮ ਆਦਮੀ ਪਾਰਟੀ 503 ਵੋਟਾਂ ਨਾਲ ਜਿੱਤੀ ਵਾਰਡ ਨੰਬਰ 21 ਤੋਂ ਕੰਚਨ ਵਾਲਾ ਅਜਾਦ 150 ਵੋਟਾਂ ਨਾਲ ਜਿੱਤੀ ਵਾਰਡ ਨੰਬਰ 22 ਤੋਂ ਮਨਪ੍ਰੀਤ ਬੰਸਲ ਆਮ ਆਦਮੀ ਪਾਰਟੀ 800 ਵੋਟਾਂ ਦੇ ਫਰਕ ਨਾਲ ਜਿੱਤੇ ਵਾਰਡ ਨੰਬਰ 23 ਤੋਂ ਹਰਮੇਸ਼ ਸਿੰਘ ਪੱਪੀ ਆਮ ਆਦਮੀ ਪਾਰਟੀ ਦੇ ਉਮੀਦਵਾਰ 250 ਵੋਟਾਂ ਨਾਲ ਜਿੱਤੇ।

# ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਡੀਕਲ ਟੈਕਨਾਲੋਜੀ ਵਿਖੇ ਡਾ. ਬਲਬੀਰ ਸਿੰਘ ਨੇ ਫਸਟ ਏਡ ਸਿਖਲਾਈ ਕੇਂਦਰ ਦਾ ਕੀਤਾ ਉਦਘਾਟਨ





ਪਟਿਆਲਾ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ, ਪਟਿਆਲਾ ਵਿੱਚ ਇੱਕ ਗੌਰਵਮਈ ਅਤੇ ਯਾਦਗਾਰ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿੱਥੇ ਪੰਜਾਬ ਦੇ ਮਾਨਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਵੇਂ ਸਥਾਪਿਤ ਫਰਸਟ ਏਡ ਟ੍ਰੇਨਿੰਗ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਹ ਸਮਾਗਮ ਵਿਦਿਆਰਥੀਆਂ ਅਤੇ ਸਮਾਜ ਵਿੱਚ ਸਿਹਤ ਜਾਗਰੂਕਤਾ ਅਤੇ ਐਮਰਜੈਂਸੀ ਪ੍ਰਤੀਕਿਰਿਆ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

ਗੁਰੂ ਨਾਨਕ ਇੰਸਟੀਚਿਊਟ ਪਿਛਲੇ 35 ਸਾਲਾਂ ਤੋਂ ਐਲਾਈਡ ਹੈਲਥ ਐਜੂਕੇਸ਼ਨ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇੰਸਟੀਚਿਊਟ ਵੱਲੋਂ ਵੱਖ-ਵੱਖ ਪ੍ਰੋਫੈਸ਼ਨਲ ਸਿਹਤ ਸੰਬੰਧੀ ਕੋਰਸ ਸਫਲਤਾਪੂਰਵਕ ਚਲਾਏ ਜਾ ਰਹੇ ਹਨ, ਜਿਵੇਂ ਕਿ ਫਿਜ਼ੀਓਥੈਰੇਪੀ, ਰੇਡੀਓਲੋਜੀ, ਮੈਡੀਕਲ ਲੈਬੋਰੇਟਰੀ ਟੈਕਨੋਲੋਜੀ, ਓਪਰੇਸ਼ਨ ਥੀਏਟਰ ਟੈਕਨੋਲੋਜੀ, ਹਸਪਤਾਲ ਮੈਨੇਜਮੈਂਟ, ਆਪਟੋਮੈਟਰੀ, ਡਾਇਲਿਸਿਸ ਟੈਕਨੋਲੋਜੀ, ਹਸਪਤਾਲ ਸਟੀਰਿਲਾਈਜ਼ੇਸ਼ਨ ਟੈਕਨੋਲੋਜੀ, ਕਾਰਡਿਐਕ ਕੇਅਰ ਟੈਕਨੋਲੋਜੀ, ਆਦਿ। ਇਨ੍ਹਾਂ ਕੋਰਸਾਂ ਰਾਹੀਂ ਵਿਦਿਆਰਥੀ ਖੁਦਮੁਖਤਿਆਰ ਬਣ ਰਹੇ ਹਨ ਅਤੇ ਆਪਣੇ ਮਾਪਿਆਂ ਅਤੇ ਜੀਐਨਆਈਐਮਟੀ ਦਾ ਨਾਮ ਰੌਸ਼ਨ ਕਰ ਰਹੇ ਹਨ। ਡਾ. ਬਲਬੀਰ ਸਿੰਘ ਦੇ ਇੰਸਟੀਚਿਊਟ ਪਹੁੰਚਣ 'ਤੇ ਉਨ੍ਹਾਂ ਦਾ ਡਾ. ਸ਼ੁਭਾਸ਼ ਡਾਵਰ, ਡਾ. ਰਾਹੁਲ ਡਾਵਰ, ਸ. ਆਈਪੀ ਸਿੰਘ, ਜਿਤੇਨ ਡਾਵਰ ਅਤੇ ਜਤਿਨ ਡਾਵਰ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦਾ ਤਿਲਕ ਲਗਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਨਮਾਨ ਕੀਤਾ ਗਿਆ। ਇੰਸਟੀਚਿਊਟ ਮੈਨੇਜਮੈਂਟ ਵੱਲੋਂ ਡਾ. ਸ਼ੁਭਾਸ਼ ਡਾਵਰ ਅਤੇ ਸਟਾਫ ਮੈਂਬਰਾਂ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦੱਸਾ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਬਾਅਦ ਸਿਹਤ ਮੰਤਰੀ ਨੇ ਇੰਸਟੀਚਿਊਟ ਦੀਆਂ ਲੈਬੋਰਟਰੀਆਂ ਅਤੇ ਵਿਭਾਗਾਂ ਦਾ ਦੌਰਾ ਕੀਤਾ ਅਤੇ ਫਰਸਟ ਏਡ ਟ੍ਰੇਨਿੰਗ ਸੈਂਟਰ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਕੀਤੀਆਂ ਗਈਆਂ ਸ਼ਾਨਦਾਰ ਤਿਆਰੀਆਂ ਅਤੇ ਡੈਮੋਨਸਟ੍ਰੇਸ਼ਨਾਂ ਦੀ ਖੂਬ ਪ੍ਰਸ਼ੰਸਾ ਕੀਤੀ। ਵਿਦਿਆਰਥੀਆਂ ਵੱਲੋਂ ਸੀਪੀਆਰ ਅਤੇ ਡ੍ਰੈਸਿੰਗ ਤਕਨੀਕਾਂ ਦੇ ਸ਼ਾਨਦਾਰ ਪ੍ਰਦਰਸ਼ਨ ਕੀਤੇ ਗਏ, ਜਿਨ੍ਹਾਂ ਨੇ ਉਨ੍ਹਾਂ ਦੀ ਪ੍ਰਯੋਗਾਤਮਕ ਜਾਣਕਾਰੀ, ਆਤਮਵਿਸ਼ਵਾਸ ਅਤੇ ਪੇਸ਼ਾਵਰ ਕਾਬਲੀਅਤ ਨੂੰ ਦਰਸਾਇਆ। ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਇੰਸਟੀਚਿਊਟ ਵੱਲੋਂ ਦਿੱਤੀ ਜਾ ਰਹੀ ਗੁਣਵੱਤਾ ਵਾਲੀ ਸਿਹਤ ਸਿੱਖਿਆ ਅਤੇ ਪ੍ਰੈਕਟੀਕਲ ਟ੍ਰੇਨਿੰਗ ਦੀ ਪ੍ਰਸ਼ੰਸਾ ਕੀਤੀ।

ਆਪਣੇ ਸੰਬੋਧਨ ਦੌਰਾਨ ਡਾ. ਬਲਬੀਰ ਸਿੰਘ ਨੇ ਦੈਨਿਕ ਜੀਵਨ ਵਿੱਚ ਫਰਸਟ ਏਡ ਟ੍ਰੇਨਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਫਰਸਟ ਏਡ ਦੀ ਜਾਣਕਾਰੀ ਹਰ ਥਾਂ ਲਾਜ਼ਮੀ ਹੈ, ਚਾਹੇ ਘਰ ਹੋਵੇ, ਸਕੂਲ, ਕਾਲਜ, ਕਾਰਜਸਥਲ, ਜਨਤਕ ਸਥਾਨ ਜਾਂ ਸਿਹਤ ਸੰਸਥਾਵਾਂ। ਉਨ੍ਹਾਂ ਕਿਹਾ ਕਿ ਸਮੇਂ ਸਿਰ ਦਿੱਤੀ ਗਈ ਫਰਸਟ ਏਡ ਐਮਰਜੈਂਸੀ ਅਤੇ ਹਾਦਸਿਆਂ ਦੌਰਾਨ ਡਾਕਟਰੀ ਸਹਾਇਤਾ ਪਹੁੰਚਣ ਤੋਂ ਪਹਿਲਾਂ ਜਾਨਾਂ ਬਚਾ ਸਕਦੀ ਹੈ। ਮੰਤਰੀ ਨੇ ਇਹ ਵੀ ਸਮਝਾਇਆ ਕਿ ਫਰਸਟ ਏਡ ਸਿਰਫ਼ ਸੀਪੀਆਰ (ਕਾਰਡੀਓਪਲਮੋਨਰੀ ਰੀਸੱਸਿਟੇਸ਼ਨ) ਤੱਕ ਸੀਮਿਤ ਨਹੀਂ ਹੈ, ਸਗੋਂ ਇਸ ਵਿੱਚ ਜ਼ਖਮਾਂ ਦੀ ਸੰਭਾਲ, ਖੂਨ ਵਹਿਣ ਨੂੰ ਰੋਕਣਾ, ਹੱਡੀਆਂ ਨੂੰ ਸਹਾਰਾ ਦੇਣਾ, ਸੜਨ ਦੀ ਸੰਭਾਲ, ਮਰੀਜ਼ਾਂ ਦੀ ਸਹੀ ਹੈਂਡਲਿੰਗ ਅਤੇ ਐਮਰਜੈਂਸੀ ਰਿਸਪਾਂਸ ਵਰਗੀਆਂ ਕਈ ਜੀਵਨ ਬਚਾਉਣ ਵਾਲੀਆਂ ਤਕਨੀਕਾਂ ਸ਼ਾਮਲ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸਿਹਤ ਖੇਤਰ ਦੇ ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਦੇ ਵਿਦਿਆਰਥੀਆਂ ਲਈ ਸਰਕਾਰੀ ਟ੍ਰੇਨਿੰਗ ਮੌਕਿਆਂ ਉੱਤੇ ਖ਼ਾਸ ਧਿਆਨ ਦੇਵੇਗੀ। ਉਨ੍ਹਾਂ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਐਫੀਲੀਏਸ਼ਨ ਦੇ ਮੌਕਿਆਂ ਬਾਰੇ ਵੀ ਸਕਾਰਾਤਮਕ ਸਮਰਥਨ ਜਤਾਇਆ, ਜਿਸ ਨਾਲ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਪੇਸ਼ਾਵਰ ਤੌਰ 'ਤੇ ਵੱਡਾ ਲਾਭ ਮਿਲੇਗਾ।

ਇਸ ਮੌਕੇ ਐਮਸੀ ਦੀਪਕ ਮਿੱਤਲ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਨਿਸ਼ਾਂਤ ਐਮਸੀ ਆਫ ਫੈਕਟਰੀ ਏਰੀਆ, ਜਤਿੰਦਰ ਕੁਮਾਰ, ਜਗਰਣ ਤੋਂ ਮੀਡੀਆ ਪ੍ਰਤੀਨਿਧੀ, ਚੜ੍ਹਦੀਕਲਾ ਤੋਂ ਰੂਪਨ, ਪ੍ਰੈਸ ਕੀ ਤਾਕਤ ਤੋਂ ਸ਼ਿਵ ਕੁਮਾਰ ਜਾਂਗੜਾ, ਪੰਜਾਬ ਕੇਸਰੀ, ਪਰਵਿੰਦਰ ਕੁਮਾਰ ਅਤੇ ਭਾਸਕਰ ਦੇ ਪ੍ਰਤੀਨਿਧੀ ਵੀ ਸਮਾਗਮ ਵਿੱਚ ਮੌਜੂਦ ਰਹੇ ਅਤੇ ਉਨ੍ਹਾਂ ਨੇ ਆਪਣਾ ਪੂਰਾ ਸਹਿਯੋਗ ਦਿੱਤਾ।

ਸਮਾਗਮ ਦੇ ਅੰਤ ਵਿੱਚ ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਦੇ ਮੈਨੇਜਮੈਂਟ, ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਸ਼ੁਭਾਸ਼ ਡਾਵਰ, ਕੋਆਰਡੀਨੇਟਰ ਰਸ਼ਮੀ ਸ਼ਰਮਾ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਡਾ. ਬਲਬੀਰ ਸਿੰਘ ਦਾ ਉਨ੍ਹਾਂ ਦੇ ਪ੍ਰੇਰਣਾਦਾਇਕ ਦੌਰੇ, ਕੀਮਤੀ ਮਾਰਗਦਰਸ਼ਨ ਅਤੇ ਸਿਹਤ ਸਿੱਖਿਆ ਅਤੇ ਸਕਿਲ ਡਿਵੈਲਪਮੈਂਟ ਨੂੰ ਉਤਸ਼ਾਹਿਤ ਕਰਨ ਲਈ ਦਿਲੋਂ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਡਾ. ਸੁਭਾਸ਼ ਡਾਵਰ ਨੇ ਮੁੱਖ ਮਹਿਮਾਨ ਡਾ. ਬਲਬੀਰ ਸਿੰਘ, ਸਾਰੇ ਮੀਡੀਆ ਮੈਂਬਰਾਂ, ਪਤ੍ਰਕਾਰ ਅਤੇ ਵਿਦਿਆਰਥੀਆਂ ਦਾ ਦਿਲੋਂ ਧੰਨਵਾਦ ਕੀਤਾ ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ।

# ਜਨਗਣਨਾ 2027 ਦੇ ਪਹਿਲੇ ਫੇਜ ਦਾ ਕੰਮ 13 ਜੂਨ 2026 ਤੱਕ ਚੱਲੇਗਾ : ਮਨਰੀਤ ਰਾਣਾ



ਪਟਿਆਲਾ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਨੇ ਦੱਸਿਆ ਹੈ ਕਿ ਜਨਗਣਨਾ 2027 ਦੇ ਪਹਿਲੇ ਫੇਜ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਿਤੀ 15 ਮਈ ਤੋਂ ਸ਼ੁਰੂ ਹੋਈ ਜਨਗਣਨਾ ਦਾ ਕੰਮ ਮਿਤੀ 13 ਜੂਨ 2026 ਤੱਕ ਚੱਲਣਾ ਹੈ।

ਮਨਰੀਤ ਰਾਣਾ ਨੇ ਕੌਮੀ ਹਿਤਾਂ ਵਾਲੇ ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਮ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸੰਬੰਧੀ ਜੇਕਰ ਕੋਈ ਵੀ ਜਨਗਣਨਾ ਅਧਿਕਾਰੀ ਜਾਣਕਾਰੀ ਲੈਣ ਦੇ ਲਈ ਲੋਕਾਂ ਦੇ ਘਰ ਆਉਂਦੇ ਹਨ ਤਾਂ ਉਹਨਾਂ ਦਾ ਪੂਰਨ ਤੌਰ ਤੇ ਸਹਿਯੋਗ ਦਿੱਤਾ ਜਾਵੇ।

ਸੰਯੁਕਤ ਕਮਿਸ਼ਨਰ ਨੇ ਕਿਹਾ ਕਿ ਇਸ ਦੌਰਾਨ ਜੋ ਵੀ ਜਨਗਣਨਾ ਦੇ ਸੰਬੰਧ ਵਿੱਚ ਪੁੱਛੇ ਜਾਂਦੇ ਪ੍ਰਸ਼ਨਾਂ ਦਾ ਸਹੀ ਉੱਤਰ ਦਿੱਤਾ ਜਾਵੇ ਤਾਂ ਜੋ ਸਹੀ ਡਾਟਾ ਤਿਆਰ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਿਹਨਾਂ ਸਰਕਾਰੀ ਕਰਮਚਾਰੀਆਂ ਦੀ ਡਿਊਟੀ ਜਨਗਣਨਾ 2027 ਦੇ ਲਈ ਲਗਾਈ ਗਈ ਹੈ ਪਰ ਉਨ੍ਹਾਂ ਕਰਮਚਾਰੀਆਂ ਨੇ ਆਪਣੀ ਡਿਊਟੀ ਅਜੇ ਜੁਆਇੰਨ ਨਹੀਂ ਕੀਤੀ, ਉਹਨਾਂ ਦੇ ਖਿਲਾਫ਼ ਸੈਂਸਜ ਐਕਟ 1948 ਦੇ ਅਧੀਨ ਐਫ.ਆਈ.ਆਰ ਦਰਜ ਕਰਨ ਦੀ ਕਾਰਵਾਈ ਆਰੰਭੀ ਜਾ ਰਹੀ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਮ ਨਾਲ ਸੁਸ਼ੋਭਿਤ ਹੋਇਆ ਨਲੋਈਆਂ ਚੌਕ



ਹੁਸ਼ਿਆਰਪੁਰ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ, ਸੰਤ ਮਹਾਪੁਰਸ਼ਾਂ ਅਤੇ ਵੱਡੀ ਗਿਣਤੀ ਵਿਚ ਮੌਜੂਦ ਸੰਗਤ ਦੀ ਹਾਜ਼ਰੀ ਵਿਚ ਨਲੋਈਆਂ ਚੌਕ ਦੇ ਸੁੰਦਰੀਕਰਨ ਉਪਰੰਤ ਉਸ ਦਾ ਨਾਮਕਰਨ 'ਸ਼ਹੀਦ ਬਾਬਾ ਦੀਪ ਸਿੰਘ ਜੀ ਚੌਕ' ਦੇ ਰੂਪ ਵਿਚ ਕਰਕੇ ਸ਼ਹਿਰਵਾਸੀਆਂ ਅਤੇ ਸੰਗਤ ਨੂੰ ਸਮਰਪਿਤ ਕੀਤਾ।

ਇਸ ਮੌਕੇ ਧਾਰਮਿਕ ਸ਼ਰਧਾ, ਸਮਾਜਿਕ ਏਕਤਾ ਅਤੇ ਇਤਿਹਾਸਕ ਵਿਰਾਸਤ ਪ੍ਰਤੀ ਗਹਿਰਾ ਸਨਮਾਨ ਦੇਖਣ ਨੂੰ ਮਿਲਿਆ। ਸਮਾਰੋਹ ਦੌਰਾਨ ਚੌਕ ਵਿਚ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ ਜਿਸ ਨੇ ਪੂਰੇ ਵਾਤਾਵਰਣ ਨੂੰ ਅਧਿਆਤਮਿਕ ਅਤੇ ਗੌਰਵਮਈ ਬਣਾ ਦਿੱਤਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਚੌਕ ਪਹਿਲਾਂ ਤੋਂ ਹੀ ਸ਼ਹਿਰ ਦਾ ਇਕ ਮਹੱਤਵਪੂਰਨ ਸਥਾਨ ਰਿਹਾ ਹੈ ਜਿਥੋਂ ਪ੍ਰਤੀ ਦਿਨ ਵੱਡੀ ਗਿਣਤੀ ਵਿਚ ਸ਼ਰਧਾਲੂ ਪਠਾਨਕੋਟ ਅਤੇ ਮਾਤਾ ਚਿੰਤਪੁਰਨੀ ਨੂੰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਗੁਰਦੁਆਰਾ ਸ਼ਹੀਦ ਸਿੰਘਾ ਦੀ ਸੰਗਤ ਅਤੇ ਸ਼ਹਿਰਵਾਸੀਆਂ ਦੀ ਇਹ ਭਾਵਨਾ ਸੀ ਕਿ ਨਲੋਈਆਂ ਚੌਕ ਦਾ ਸੁੰਦਰੀਕਰਨ ਕਰਕੇ ਇਸ ਦਾ ਨਾਮ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਜਾਵੇ, ਤਾਂ ਜੋ ਇਹ ਸਥਾਨ ਸ਼ਰਧਾ, ਵੀਰਤਾ ਅਤੇ ਬਲੀਦਾਨ ਦੀ ਪ੍ਰੇਰਣਾ ਦਾ ਕੇਂਦਰ ਬਣ ਸਕੇ।

ਉਨ੍ਹਾਂ ਕਿਹਾ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਹਸ, ਤਿਆਗ ਅਤੇ ਧਰਮ ਦੀ ਰੱਖਿਆ ਲਈ ਸਮਰਪਣ ਦਾ ਸਰਵਉਚ ਉਦਾਹਰਨ ਹੈ। ਉਨ੍ਹਾਂ ਦੇ ਨਾਮ 'ਤੇ ਚੌਕ ਦਾ ਨਾਮਕਰਨ ਪੂਰੇ ਸ਼ਹਿਰ ਲਈ ਗੌਰਵ ਅਤੇ ਮਾਣ ਦੀ ਗੱਲ ਹੈ। ਇਸ ਨਾਲ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਅਤੇ ਮਹਾਨ ਸ਼ਹੀਦਾਂ ਦੇ ਆਦਰਸ਼ਾਂ ਦੀ ਪ੍ਰੇਰਣਾ ਮਿਲੇਗੀ।

ਵਿਧਾਇਕ ਜਿੰਪਾ ਨੇ ਵਿਸ਼ੇਸ਼ ਰੂਪ ਵਿਚ ਸੰਤ ਬਾਬਾ ਰਣਜੀਤ ਸਿੰਘ ਦੇ ਯਤਨਾਂ ਅਤੇ ਸੇਵਾਭਾਵ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਮਾਰਗਦਰਸ਼ਨ, ਆਸ਼ੀਰਵਾਦ ਅਤੇ ਸੰਗਤ ਦੀ ਨਿਰੰਤਰ ਮੰਗ ਦੇ ਚੱਲਦਿਆਂ ਇਹ ਕਾਰਜ ਸਾਕਾਰ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਸੰਤ ਮਹਾਪੁਰਸ਼ ਸਦਾ ਸਮਾਜ ਨੂੰ ਭਾਈਚਾਰੇ, ਸੇਵਾ ਅਤੇ ਮਾਨਵਤਾ ਦਾ ਸੰਦੇਸ਼ ਦਿੰਦੇ ਹਨ ਅਤੇ ਸਮਾਜ ਵਿਚ ਸਕਰਾਤਮਕ ਊਰਜਾ ਦਾ ਸੰਚਾਰ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਸੰਗਤਾਂ ਦੀ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਤਾਲਮੇਲ ਸਥਾਪਿਤ ਕਰਕੇ ਚੌਕ ਦੇ ਸੁੰਦਰੀਕਰਨ ਅਤੇ ਨਾਮਕਰਨ ਸਬੰਧੀ ਸਾਰੇ ਜ਼ਰੂਰੀ ਪ੍ਰਬੰਧ ਪੂਰੇ ਕੀਤੇ ਗਏ। ਵਿਧਾਇਕ ਜਿੰਪਾ ਨੇ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਲੋਕ ਭਾਵਨਾਵਾਂ ਅਤੇ ਧਾਰਮਿਕ ਆਸਥਾ ਨਾਲ ਜੁੜੇ ਕੰਮਾਂ ਨੂੰ ਪੂਰੀ ਮਰਿਆਦਾ ਅਤੇ ਸਨਮਾਨ ਨਾਲ ਪੂਰਾ ਕਰਨਾ ਉਨ੍ਹਾਂ ਦੀ ਪਹਿਲ ਹੈ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸਤਵੰਤ ਸਿੰਘ ਸਿਆਣ, ਸੰਜੇ ਸ਼ਰਮਾ, ਹਰਵਿੰਦਰ ਵਿਰਦੀ, ਮੁਕੇਸ਼ ਮੱਲ, ਵਰਿੰਦਰ ਸ਼ਰਮਾ, ਕਮਲਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਅਤੇ ਸ਼ਹਿਰਵਾਸੀ ਮੌਜੂਦ ਸਨ।

# ਸਪੈਸ਼ਲ ਇੰਟੈਂਸਿਵ ਰਿਵੀਜ਼ਨ ਸਬੰਧੀ ਸਮੁੱਚੀ ਪ੍ਰਕਿਰਿਆ ਨੂੰ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਚਾੜ੍ਹਿਆ ਜਾਵੇਗਾ ਨੇਪਰੇ: ਡਿਪਟੀ ਕਮਿਸ਼ਨਰ



ਸੰਗਰੂਰ, 12 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ, ਨਵੀ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਸਬੰਧੀ ਸ਼ਡਿਊਲ ਜਾਰੀ ਕੀਤਾ ਗਿਆ ਹੈ ਅਤੇ ਇਸ ਸਮੁੱਚੀ ਪ੍ਰਕਿਰਿਆ ਨੂੰ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰੋਂ-ਘਰੀਂ ਜਾ ਕੇ ਵੋਟਰਾਂ ਦੇ Enumeration Form ਭਰਵਾਉਣਗੇ। ਇਸ ਕਾਰਜ ਲਈ ਜ਼ਿਲ੍ਹੇ ਵਿੱਚ 1006 ਬੀ.ਐਲ.ਓਜ਼, 107 ਸੁਪਰਵਾਈਜ਼ਰ, 05 ਈ.ਆਰ.ਓ.ਜ਼ ਅਤੇ 10 ਏ.ਈ.ਆਰ.ਓਜ਼ ਸਮੇਤ ਹੋਰ ਸਹਾਇਕ ਚੋਣ ਅਮਲਾ ਲਗਾਇਆ ਗਿਆ ਹੈ।

ਜ਼ਿਲ੍ਹਾ ਸੰਗਰੂਰ ਵਿੱਚ ਇਸ ਸਮੇਂ 917330 ਵੋਟਰ ਹਨ, ਜਿਸ ਅਨੁਸਾਰ ਹਰੇਕ ਬੀ.ਐਲ.ਓ. ਨੂੰ ਔਸਤ 912 ਵੋਟਰਾਂ ਦੀ ਕਰਨੀ ਹੋਵੇਗੀ। ਉਨ੍ਹਾਂ ਨੂੰ ਐਸ.ਆਈ.ਆਰ. ਲਈ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਵੇਗੀ ਤਾਂ ਜੋ ਰਿਵੀਜ਼ਨ ਦਾ ਕੰਮ ਸੁਚਾਰੂ ਢੰਗ ਨਾਲ ਮੁਕੰਮਲ ਹੋ ਸਕੇ। ਉਨ੍ਹਾਂ ਹੋਰ ਦੱਸਿਆ ਕਿ 24 ਜੁਲਾਈ 2026 ਤਕ ਜ਼ਿਲ੍ਹੇ ਦੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਗਿਣਤੀ 1200 ਤੋਂ ਵੱਧ ਨਾ ਹੋਵੇ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦਾ ਮੁੱਖ ਉਦੇਸ਼ ਹਰ ਯੋਗ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਅਯੋਗ ਵਿਅਕਤੀਆਂ ਦੇ ਨਾਮ ਸੂਚੀ ਵਿੱਚੋਂ ਬਾਹਰ ਕਰਨਾ ਹੈ। ਉਨ੍ਹਾਂ ਕਿਹਾ ਕਿ ਦੋਹਰੀ ਵੋਟ ਰੱਖਣਾ ਭਾਰਤੀ ਕਾਨੂੰਨ ਅਨੁਸਾਰ ਦੰਡਯੋਗ ਅਪਰਾਧ ਹੈ, ਜਿਸ ਲਈ ਕੈਦ ਦੀ ਸਜ਼ਾ ਦਾ ਵੀ ਪ੍ਰਾਵਧਾਨ ਹੈ। ਉਨ੍ਹਾਂ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੀ.ਐਲ.ਓਜ਼ ਨੂੰ ਪੂਰਾ ਸਹਿਯੋਗ ਦੇਣ ਅਤੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਦੌਰਾਨ ਲੋੜੀਂਦੀ ਜਾਣਕਾਰੀ ਸਮੇਂ ਸਿਰ ਉਪਲਬਧ ਕਰਵਾਉਣ।

ਜ਼ਿਲ੍ਹੇ ਦੇ ਸਾਰੇ ਵੋਟਰਾਂ ਨੂੰ ਐਸ.ਆਈ.ਆਰ. ਅਧੀਨ ਭਰਨਾ ਪਵੇਗਾ। ਇਸ ਸਬੰਧੀ ਬੀ.ਐਲ.ਓਜ਼ ਵੱਲੋਂ ਘਰਾਂ ਵਿੱਚ ਤਿੰਨ ਵਾਰ ਸੰਪਰਕ ਕੀਤਾ ਜਾਵੇਗਾ ਤਾਂ ਜੋ ਕੋਈ ਵੀ ਯੋਗ ਵੋਟਰ ਇਸ ਪ੍ਰਕਿਰਿਆ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਨੂੰ ਸਿਰਫ਼ ਪਛਾਣ ਦੇ ਸਰੋਤ ਵਜੋਂ ਮੰਨਿਆ ਜਾਵੇਗਾ, ਨਾ ਕਿ ਨਾਗਰਿਕਤਾ ਜਾਂ ਰਿਹਾਇਸ਼ ਦੇ ਸਬੂਤ ਵਜੋਂ ਮੰਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰੀ ਐਸ.ਆਈ.ਆਰ. ਮੈਪਿੰਗ ਤਹਿਤ ਸੰਗਰੂਰ ਜ਼ਿਲ੍ਹੇ ਦੇ 9,17,330 ਵੋਟਰਾਂ ਵਿੱਚੋਂ 8,01,395 ਵੋਟਰਾਂ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ ਜੋ ਕਿ ਕੁੱਲ ਵੋਟਰਾਂ ਦਾ 87.36 ਫ਼ੀਸਦ ਬਣਦੀ ਹੈ। ਦਿਹਾਤੀ ਖੇਤਰਾਂ ਵਿੱਚ 91.74 ਫੀਸਦੀ ਅਤੇ ਸ਼ਹਿਰੀ ਖੇਤਰਾਂ ਵਿੱਚ ਕਰੀਬ 76.39 ਫੀਸਦੀ ਮੈਪਿੰਗ ਹੋ ਚੁੱਕੀ ਹੈ। ਜੇਕਰ ਕੋਈ ਵੋਟਰ SIR ਅਧੀਨ Enumeration Form ਨਹੀਂ ਭਰਦਾ ਹੈ ਤਾਂ ਉਸ ਨੂੰ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ, ਜੋ ਮਿਤੀ 31.07.2026 ਨੂੰ ਪ੍ਰਕਾਸ਼ਿਤ ਹੋਵੇਗੀ। ਦਾਅਵੇ ਅਤੇ ਇਤਰਾਜ਼ ਮਿਤੀ 31.07.2026 ਤੋਂ ਮਿਤੀ 30.08.2026 ਤਕ ਲਏ ਜਾਣਗੇ, ਜਿਹਨਾਂ ਦਾ ਨਿਪਟਾਰਾ ਮਿਤੀ 28.09.2026 ਤਕ ਕਰਦੇ ਹੋਏ ਮਿਤੀ 01.10.2026 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ। SIR ਸਬੰਧੀ ਜਾਣਕਾਰੀ ਦੇਣ ਅਤੇ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਪੱਧਰ 'ਤੇ ਜਿਲ੍ਹਾ ਚੋਣ ਦਫਤਰ, ਸੰਗਰੂਰ ਵਿਖੇ ਸਥਾਪਤ ਕੀਤਾ ਗਿਆ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਇਸ ਦਫਤਰ ਵਲੋਂ ਰਾਜਨੀਤਿਕ ਪਾਰਟੀਆਂ ਨੂੰ ਬੂਥ ਲੈਵਲ ਏਜੰਟ ਨਿਯੁਕਤ ਕਰਨ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਇਹ ਪ੍ਰਕਿਰਿਆ ਨਿਰਵਿਘਨ ਢੰਗ ਨਾਲ ਮੁਕੰਮਲ ਹੋ ਸਕੇ। ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਵੋਟਰਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੱਤਵਪੂਰਨ ਪ੍ਰਕਿਰਿਆ ਦੌਰਾਨ ਚੋਣ ਅਮਲੇ ਨੂੰ ਪੂਰਾ ਸਹਿਯੋਗ ਦੇਣ ਤਾਂ ਜੋ ਵੋਟਰ ਸੂਚੀਆਂ ਨੂੰ ਹੋਰ ਸ਼ੁੱਧ ਅਤੇ ਪਾਰਦਰਸ਼ੀ ਬਣਾਇਆ ਜਾ ਸਕੇ।

ਇਸ ਮੌਕੇ ਸੁਖਚੈਨ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਗਗਨਦੀਪ ਸਿੰਘ, ਐੱਸ.ਡੀ.ਐੱਮ, ਸੁਨਾਮ, ਸਤੀਸ਼ ਚੰਦਰ, ਐੱਸ.ਡੀ.ਐੱਮ, ਸੰਗਰੂਰ, ਰਾਜਵੀਰ ਸਿੰਘ, ਸਹਾਇਕ ਕਮਿਸ਼ਨਰ (ਜ) ਅਤੇ ਪਰਮਜੀਤ ਕੌਰ, ਚੋਣ ਤਹਿਸੀਲਦਾਰ ਹਾਜ਼ਰ ਸਨ।

# ਪੰਜਾਬ ਰਾਜ ਅਨੁਸੂਚਿਤ ਜਾਤੀਆ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਸਚਖੰਡ ਡੇਰਾ ਸੰਤ ਬਾਬਾ ਮੇਲਾ ਰਾਮ ਵਿਖੇ ਹੋਏ ਨਤਮਸਤਕ



ਜਲੰਧਰ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ ਨੇ ਅੱਜ ਆਪਣੇ ਫਿਲੌਰ ਇਲਾਕੇ ਦੇ ਦੌਰੇ ਦੌਰਾਨ ਸਚਖੰਡ ਡੇਰਾ ਸੰਤ ਬਾਬਾ ਮੇਲਾ ਰਾਮ, ਪਿੰਡ ਨਗਰ ਵਿਖੇ ਨਤਮਸਤਕ ਹੋ ਕੇ ਮੌਜੂਦਾ ਗੱਦੀ ਨਸ਼ੀਨ ਸੰਤ ਪਰਮਜੀਤ ਦਾਸ ਜੀ ਦਾ ਆਸ਼ੀਰਵਾਦ ਲਿਆ।

ਇਸ ਮੌਕੇ ਚੇਅਰਮੈਨ ਸ਼੍ਰੀ ਗੜ੍ਹੀ ਨੇ ਸੰਤਾਂ ਵੱਲੋਂ ਨਗਰ ਦੇ ਲੋਕਾਂ ਦੀ ਭਲਾਈ ਸਬੰਧੀ ਰੱਖੇ ਗਏ ਮੁੱਦਿਆਂ ਨੂੰ ਗਹੁ ਨਾਲ ਸੁਣਦਿਆਂ ਉਨ੍ਹਾਂ ਦਾ ਜਲਦ ਤੋਂ ਜਲਦ ਯੋਗ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ। ਪਿੰਡ ਦੇ ਛੱਪੜ ਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਫਰਵਰੀ ਮਹੀਨੇ ਇਸ ਮਸਲੇ ਦਾ ਸੂਓ ਮੋਟੋ ਲਿਆ ਸੀ ਅਤੇ ਇਸ ਸਬੰਧੀ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਾਲ ਵੀ ਗੱਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਮਾਮਲੇ ਸਬੰਧੀ ਜਲਦ ਹੀ ਮੌਕੇ ਦਾ ਦੌਰਾ ਕੀਤਾ ਜਾਵੇਗਾ। ਸ਼੍ਰੀ ਗੜ੍ਹੀ ਨੇ ਇਹ ਵੀ ਭਰੋਸਾ ਦਿਵਾਇਆ ਕਿ ਸਰਕਾਰੀ ਕੰਨਿਆ ਹਾਈ ਸਕੂਲ, ਨਗਰ ਦਾ ਨਾਮ ਸ਼੍ਰੀਮਾਨ 108 ਸੰਤ ਦਰਸ਼ਨ ਦਾਸ ਜੀ ਦੇ ਨਾਮ 'ਤੇ ਕਰਨ ਅਤੇ ਸਕੂਲ ਨੂੰ ਅਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਉਣ ਸਬੰਧੀ ਸਬੰਧਤ ਅਥਾਰਟੀਜ਼ ਨਾਲ ਰਾਬਤਾ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਸਚਖੰਡ ਡੇਰਾ ਸੰਤ ਬਾਬਾ ਮੇਲਾ ਰਾਮ ਵੱਲੋਂ ਸਮਾਜ ਸੇਵਾ ਖਾਸ ਕਰ ਆਮ ਲੋਕਾਂ ਦੀ ਭਲਾਈ ਅਤੇ ਵਿੱਦਿਅਕ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡੇਰੇ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜ ਪ੍ਰਸ਼ੰਸਾਯੋਗ ਹਨ।

ਸ਼੍ਰੀ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਦਾ ਫਿਲੌਰ ਇਲਾਕੇ ਦਾ ਦੌਰਾ ਖੇਤਰ ਦੇ ਐਸ.ਸੀ. ਭਾਈਚਾਰੇ ਸਮੇਤ ਹਰ ਵਰਗ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਮਕਸਦ ਨਾਲ ਕੀਤਾ ਗਿਆ ਹੈ।

ਉਪਰੰਤ ਸ਼੍ਰੀ ਜਸਵੀਰ ਸਿੰਘ ਗੜ੍ਹੀ ਵੱਲੋਂ ਗੋਪਾਲ ਗਊਧਾਮ ਦਾ ਵੀ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਸ਼੍ਰੀ ਕ੍ਰਿਸ਼ਨਾ ਪਿੰਗਲਵਾੜਾ ਚੈਰੀਟੇਬਲ ਟਰੱਸਟ ਅਤੇ ਗਊਧਾਮ ਵੱਲੋਂ ਗਊ ਸੇਵਾ ਦੇ ਨਾਲ-ਨਾਲ ਬੇਸਹਾਰਾ ਬੱਚੀਆਂ ਦੀ ਭਲਾਈ ਅਤੇ ਪੜ੍ਹਾਈ-ਲਿਖਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਨੇਕ ਕਾਰਜ ਇਨ੍ਹਾਂ ਬੱਚੀਆਂ ਦਾ ਭਵਿੱਖ ਸੰਵਾਰਨ ਤੇ ਇਨ੍ਹਾਂ ਨੂੰ ਸਸ਼ਕਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਇਸ ਗੱਲ 'ਤੇ ਵੀ ਸੰਤੋਸ਼ ਜ਼ਾਹਰ ਕੀਤਾ ਕਿ ਅੱਜ ਉਨ੍ਹਾਂ ਨੂੰ ਸ਼ਹਿਰ ਵਿਖੇ ਭਗਵਾਨ ਸ਼ਿਵ ਦੀ 122 ਫੁੱਟ ਉੱਚੀ ਮੂਰਤੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਸ ਤੋਂ ਬਾਅਦ ਸ਼੍ਰੀ ਗੜ੍ਹੀ ਵੱਲੋਂ ਸੰਕਟਮੋਚਨ ਸ਼੍ਰੀ ਹਨੂੰਮਾਨ ਮੰਦਿਰ ਵਿਖੇ ਨਤਮਸਤਕ ਹੋ ਕੇ ਪੰਜਾਬ ਵਾਸੀਆਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਅੰਮ੍ਰਿਤ ਭਾਖੜੀ ਤੇ ਹੋਰ ਵੀ ਮੌਜੂਦ ਸਨ।

ਸ਼੍ਰੀ ਗੜ੍ਹੀ ਵੱਲੋਂ ਪਿੰਡ ਸ਼੍ਰੀ ਮਾਓ ਸਾਹਿਬ ਵਿਖੇ ਵੱਡੀ ਮੀਟਿੰਗ ਕੀਤੀ ਗਈ, ਜਿਸ ਵਿੱਚ ਮਾਓ ਸਾਹਿਬ ਤੋਂ ਇਲਾਵਾ ਪਿੰਡ ਖੇਹਲਾ, ਮੀਓਵਾਲ ਅਤੇ ਪ੍ਰਤਾਪਪੁਰ ਦੇ ਵੱਡੀ ਗਿਣਤੀ ਲੋਕ ਸ਼ਾਮਲ ਹੋਏ।

ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਦੀ ਸੁਣਵਾਈ ਕਰਦਿਆਂ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਇਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇਗਾ।

ਇਸ ਤੋਂ ਬਾਅਦ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ ਨੇ ਗੁਰਾਇਆ ਦੇ ਸ਼੍ਰੀ ਗੀਤਾ ਭਵਨ ਵਿਖੇ ਸ਼ਹਿਰ ਦੀ ਸਫਾਈ ਸੇਵਕ ਯੂਨੀਅਨ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ਨੂੰ ਵਿਸਥਾਰ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀ ਸ਼ਹਿਰਾਂ ਦੀ ਸਫਾਈ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਫਾਈ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਤੇ ਮੁਸ਼ਕਲਾਂ ਦੇ ਹੱਲ ਲਈ ਗੰਭੀਰ ਹੈ। ਉਨ੍ਹਾਂ ਕਿਹਾ ਕਿ ਸਫਾਈ ਸੇਵਕ ਯੂਨੀਅਨ ਦੀਆਂ ਜਾਇਜ਼ ਮੰਗਾਂ ਮੁੱਖ ਮੰਤਰੀ ਪੰਜਾਬ ਪਾਸ ਪਹੁੰਚਾਈਆਂ ਜਾਣਗੀਆਂ ਤਾਂ ਜੋ ਉਨ੍ਹਾਂ ਦਾ ਜਲਦ ਤੋਂ ਜਲਦ ਹੱਲ ਕਰਵਾਇਆ ਜਾ ਸਕੇ।

ਉਪਰੰਤ ਸ਼੍ਰੀ ਗੜ੍ਹੀ ਨੇ ਪੰਜਾਬ ਦੇ ਪ੍ਰਸਿੱਧ ਗੀਤਕਾਰ ਅਤੇ ਲੇਖਕ ਸ਼੍ਰੀ ਚੰਨ ਗੁਰਾਇਆ ਜੀ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸ਼੍ਰੀ ਚੰਨ ਗੁਰਾਇਆ ਦੀਆਂ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਮਹਿਮਾ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਲਿਖਤਾਂ ਨੂੰ ਯਾਦ ਕਰਦਿਆਂ ਉਨ੍ਹਾਂ ਪਰਿਵਾਰ ਨਾਲ ਹਰ ਦੁੱਖ-ਸੁਖ ਵਿੱਚ ਖੜ੍ਹੇ ਹੋਣ ਦਾ ਭਰੋਸਾ ਦਿਵਾਇਆ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪਿੰਡ ਕੱਟੋਵਾਲ ਵਿਖੇ ਵਿਕਾਸ ਕਾਰਜਾਂ ਦੀ ਦੀ ਸ਼ੁਰੂਆਤ



ਹੁਸ਼ਿਆਰਪੁਰ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਨੇੜਲੇ ਪਿੰਡ ਕੱਟੋਵਾਲ ਵਿਖੇ ਨਵੇਂ ਬਣੇ ਖੇਡ ਗਰਾਊਂਡ ਦਾ ਉਦਘਾਟਨ ਕਰਨ ਦੇ ਨਾਲ-ਨਾਲ ਭੂਮੀ ਅਤੇ ਜਲ ਸੰਭਾਲ ਵਿਭਾਗ ਵੱਲੋਂ ਸੋਲਰ ਸਿਸਟਮ ਨਾਲ ਚੱਲਣ ਵਾਲੇ ਨਵੇਂ ਲਾਏ ਲਿਫਟ ਇਰੀਗੇਸ਼ਨ ਪ੍ਰੋਜੈਕਟ ਨੂੰ ਵੀ ਲੋਕਾਂ ਨੂੰ ਸਮਰਪਿਤ ਕੀਤਾ ਗਿਆ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਕਿਸਾਨੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪਿੰਡ ਵਿੱਚ ਬਣੇ ਖੇਡ ਗਰਾਊਂਡ ਨਾਲ ਨੌਜਵਾਨਾਂ ਨੂੰ ਖੇਡਾਂ ਨਾਲ ਜੁੜ ਕੇ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਦੇ ਮੌਕੇ ਮਿਲਣਗੇ।ਡਾ ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਕਿਸਾਨਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਦੇ ਹਰ ਪਿੰਡ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਨ ਦਾ ਮਿਸ਼ਨ ਲਗਾਤਾਰ ਅੱਗੇ ਵੱਧ ਰਿਹਾ ਹੈ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਕਿ ਲਗਭਗ 12 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਇਹ ਲਿਫਟ ਇਰੀਗੇਸ਼ਨ ਪ੍ਰੋਜੈਕਟ ਪਿੰਡ ਦੇ ਕਿਸਾਨਾਂ ਲਈ ਵੱਡੀ ਸੌਗਾਤ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸੋਲਰ ਸਿਸਟਮ ਆਧਾਰਿਤ ਇਹ ਯੋਜਨਾ ਕਿਸਾਨਾਂ ਨੂੰ ਸਿੰਚਾਈ ਲਈ ਬਿਜਲੀ ਦੇ ਕੱਟਾਂ ਤੋਂ ਮੁਕਤੀ ਦੇਵੇਗੀ ਅਤੇ ਮੁਫ਼ਤ ਊਰਜਾ ਰਾਹੀਂ ਖੇਤੀਬਾੜੀ ਦਾ ਖਰਚ ਵੀ ਘਟੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਖੇਤੀ ਨੂੰ ਹੋਰ ਮਜ਼ਬੂਤ ਅਤੇ ਲਾਭਕਾਰੀ ਬਣਾਉਣ ਲਈ ਆਧੁਨਿਕ ਤਕਨੀਕਾਂ ਨੂੰ ਪਿੰਡ ਪੱਧਰ ਤੱਕ ਪਹੁੰਚਾ ਰਹੀ ਹੈ ਤਾਂ ਜੋ ਕਿਸਾਨ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਹੋ ਸਕਣ। ਉਨ੍ਹਾਂ ਕਿਹਾ ਕਿ ਪਾਣੀ ਅਤੇ ਬਿਜਲੀ ਦੀ ਬਚਤ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਇਸ ਤਰ੍ਹਾਂ ਦੇ ਸੋਲਰ ਪ੍ਰੋਜੈਕਟ ਭਵਿੱਖ ਲਈ ਇੱਕ ਮਿਸਾਲ ਬਣ ਰਹੇ ਹਨ। ਇਸ ਪ੍ਰੋਜੈਕਟ ਨਾਲ ਨਾ ਸਿਰਫ਼ ਖੇਤੀ ਨੂੰ ਫਾਇਦਾ ਹੋਵੇਗਾ, ਸਗੋਂ ਵਾਤਾਵਰਣ ਦੀ ਸੰਭਾਲ ਵਿੱਚ ਵੀ ਯੋਗਦਾਨ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਪਿੰਡ ਵਿੱਚ ਇਸ ਤਰ੍ਹਾਂ ਦੀਆਂ ਵਿਕਾਸ ਯੋਜਨਾਵਾਂ ਨੂੰ ਲਾਗੂ ਕਰਨਾ ਹੈ ਤਾਂ ਜੋ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਲਈ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਸਰਹੱਦ ਪਾਰੋਂ ਹਥਿਆਰ ਤਸਕਰੀ ਵਾਲੇ ਮਾਡਿਊਲ ਨਾਲ ਸਬੰਧਤ ਪੰਜ ਮੁਲਜ਼ਮ 8 ਪਿਸਤੌਲਾਂ ਸਮੇਤ



ਅੰਮ੍ਰਿਤਸਰ, 31 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਆਪਣੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਮੁਲਜ਼ਮਾਂ ਨੂੰ ਅੱਠ ਆਧੁਨਿਕ ਪਿਸਤੌਲਾਂ ਅਤੇ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਰਸ਼ਦੀਪ ਸਿੰਘ ਉਰਫ਼ ਡੀ (21) ਵਾਸੀ ਗੁਰੂ ਕੀ ਵਡਾਲੀ ਅੰਮ੍ਰਿਤਸਰ; ਮਨਪ੍ਰੀਤ ਸਿੰਘ ਉਰਫ਼ ਮਾਨ (26) ਵਾਸੀ ਪਿੰਡ ਭੈਣੀ ਅੰਮ੍ਰਿਤਸਰ; ਸੁਖਰਾਜ ਸਿੰਘ ਉਰਫ਼ ਬਿੱਲਾ (29) ਵਾਸੀ ਪਿੰਡ ਨੌਸ਼ਹਿਰਾ ਢੱਲਾ ਤਰਨ ਤਾਰਨ; ਰਾਹੁਲ ਗਿੱਲ ਉਰਫ ਰਾਹੁਲ (22), ਜੋ ਭਿੱਖੀਵਿੰਡ ਦਾ ਵਾਸੀ ਹੈ ਅਤੇ ਮੌਜੂਦਾ ਸਮੇਂ ਪਿੰਡ ਦਰਾਜਕੇ ਤਰਨਤਾਰਨ ਰਹਿ ਰਿਹਾ ਸੀ; ਅਤੇ ਅਰਸ਼ਦੀਪ ਸਿੰਘ ਉਰਫ ਗੱਗੜ (25) ਵਾਸੀ ਪਿੰਡ ਲੋਹਕੇ ਤਰਨਤਾਰਨ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦਾ ਪੁਰਾਣਾ ਅਪਰਾਧਕ ਪਿਛੋਕੜ ਹੈ, ਜਿਨ੍ਹਾਂ ਖ਼ਿਲਾਫ਼ ਅਸਲਾ ਐਕਟ, ਐਨਡੀਪੀਐਸ ਐਕਟ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਜੇਲ੍ਹ ਐਕਟ ਤਹਿਤ ਕਈ ਮਾਮਲੇ ਦਰਜ ਹਨ।

ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ 9 ਐਮਐਮ ਜ਼ਿਗਾਨਾ, ਇੱਕ .30 ਬੋਰ ਪੀਐਕਸ 3 (ਚੀਨ ਦਾ ਬਣਿਆ), ਇੱਕ .30 ਬੋਰ ਬੇਰੇਟਾ (ਇਟਲੀ ਦਾ ਬਣਿਆ), ਤਿੰਨ 9 ਐਮਐਮ ਗਲੌਕ ਅਤੇ ਦੋ .32 ਬੋਰ ਪਿਸਤੌਲ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਤਸਕਰ ਨਾਲ ਸੰਪਰਕ ਲਈ ਵਰਚੁਅਲ ਨੰਬਰਾਂ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਹ ਮਾਡਿਊਲ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀਆਂ ਜਾਂਦੀਆਂ ਹਥਿਆਰਾਂ ਅਤੇ ਨਸ਼ਿਆਂ ਦੀਆਂ ਖੇਪਾਂਪ੍ਰਾਪਤ ਕਰਕੇ ਇਨ੍ਹਾਂ ਨੂੰ ਪੰਜਾਬ ਵਿੱਚ ਅੱਗੇ ਅਪਰਾਧਕ ਤੱਤਾਂ ਨੂੰ ਸਪਲਾਈ ਕਰਦਾ ਸੀ।

ਡੀਜੀਪੀ ਨੇ ਕਿਹਾ ਕਿ ਨੈੱਟਵਰਕ ਨਾਲ ਜੁੜੇ ਹੋਰ ਮੈਂਬਰਾਂ ਦੀ ਪਛਾਣ ਲਈ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਮੁਲਜ਼ਮ ਰਾਹੁਲ ਗਿੱਲ ਉਰਫ ਰਾਹੁਲ ਨੂੰ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਰਾਹੁਲ ਦੇ ਖੁਲਾਸਿਆਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਅੱਗੇ ਮੁਲਜ਼ਮ ਅਰਸ਼ਦੀਪ ਉਰਫ ਗੱਗੜ ਨੂੰ ਇੱਕ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੌਰਾਨ, ਪੁਲਿਸ ਟੀਮਾਂ ਨੇ ਦੋ ਹੋਰ ਕਾਰਕੁਨਾਂ - ਅਰਸ਼ਦੀਪ ਉਰਫ ਡੀ ਅਤੇ ਮਨਪ੍ਰੀਤ ਉਰਫ ਮਾਨ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਛੇਹਰਟਾ, ਅੰਮ੍ਰਿਤਸਰ ਵਿਖੇ ਮੀਰੀ ਪੀਰੀ ਅਕੈਡਮੀ ਰੋਡ ਨੇੜੇ ਮੋਟਰਸਾਈਕਲ 'ਤੇ ਜਾ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਹੋਰ ਪਿਸਤੌਲ ਬਰਾਮਦ ਹੋਏ। ਇਸ ਤੋਂ ਇਲਾਵਾ ਉਕਤ ਮੁਲਜ਼ਮਾਂ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਪੁਲਿਸ ਨੇ ਦੋ ਹੋਰ ਪਿਸਤੌਲ ਬਰਾਮਦ ਕਰ ਲਏ।ਪੁਲਿਸ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਵਾਂ ਮੁਲਜ਼ਮਾਂ ਅਰਸ਼ਦੀਪ ਉਰਫ਼ ਡੀ ਅਤੇ ਮਨਪ੍ਰੀਤ ਉਰਫ਼ ਮਾਨ ਨੇ ਖੁਲਾਸਾ ਕੀਤਾ ਕਿ ਬਰਾਮਦ ਕੀਤੇ ਗਏ ਹਥਿਆਰ ਅਤੇ ਗੋਲਾ-ਸਿੱਕਾ ਉਨ੍ਹਾਂ ਨੇ ਮੁਲਜ਼ਮ ਸੁਖਰਾਜ ਉਰਫ਼ ਬਿੱਲਾ ਤੋਂ ਖਰੀਦੇ ਸਨ ਅਤੇ ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਸੁਖਰਾਜ ਉਰਫ਼ ਬਿੱਲਾ ਨੂੰ .30 ਬੋਰ ਬੇਰੇਟਾ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧ ਵਿੱਚ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਐਫਆਈਆਰ ਨੰਬਰ 106 ਮਿਤੀ 18-05-2026 ਅਤੇ ਅਸਲਾ ਐਕਟ ਦੀ ਧਾਰਾ 25 (6,7,8) ਅਧੀਨ ਐਫਆਈਆਰ ਨੰਬਰ 110 ਮਿਤੀ 21-05-2026 ਅਧੀਨ ਦੋ ਵੱਖ-ਵੱਖ ਕੇਸ ਦਰਜ ਹਨ।

ਕੌਮੀ ਪਤ੍ਰਿਕਾ

# ਸੱਪਾਂ ਦੇ ਕੱਟਣ ਬਾਰੇ ਮੁੱਢਲੀ ਜਾਣਕਾਰੀ

ਜੁਝਾਰ ਖੁਸ਼ਦਿਲ

ਸੱਪਾਂ ਦਾ ਨਾਂ ਸੁਣ ਕੇ ਹੀ ਬਹੁਤ ਸਾਰੇ ਲੋਕ ਡਰ ਜਾਂਦੇ ਹਨ । ਆਕੜਿਆਂ ਮੁਤਾਬਿਕ ਭਾਰਤ ਵਿਚ ਹਰ ਸਾਲ 250 ਲੱਖ ਲੋਕ ਸੱਪਾਂ ਦੇ ਕੱਟਣ ਦਾ ਸ਼ਿਕਾਰ ਹੁੰਦੇ ਹਨ। ਜਿਨ੍ਹਾਂ ਵਿੱਚੋਂ 50 ਹਜ਼ਾਰ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਹ ਜਾਨਾਂ ਜਾਣਕਾਰੀ ਦੀ ਘਾਟ ਹੋਣ ਕਰ ਕੇ ਜਾਂਦੀਆਂ ਹਨ। ਭਾਰਤ ਵਿਚ ਸੱਪਾਂ ਦੀਆਂ 250 ਕਿਸਮਾਂ ਮਿਲਦੀਆਂ ਹਨ। ਇੱਥੇ ਜ਼ਿਕਰ ਯੋਗ ਗੱਲ ਇਹ ਹੈ ਕਿ ਸਿਰਫ਼ 10 ਕਿਸਮ ਦੇ ਸੱਪ ਹੀ ਜ਼ਹਿਰੀਲੇ ਹੁੰਦੇ ਹਨ। ਜਿਸ ਦਾ ਮਤਲਬ 240 ਕਿਸਮ ਦੇ ਸੱਪਾਂ ਤੋਂ ਇਨਸਾਨ ਨੂੰ ਕੋਈ ਖ਼ਤਰਾ ਨਹੀਂ। ਵਿਸ਼ਵ ਵਿਚ ਸੱਪਾਂ ਦੀਆਂ ਲਗਪਗ 2500 ਕਿਸਮਾਂ ਪਾਈਆਂ ਜਾਂਦੀਆਂ ਹਨ। ਦੁਨੀਆ ਦੇ ਜ਼ਿਆਦੇ ਜ਼ਹਿਰੀਲੇ ਸੱਪ ਹਨ ਜਿਵੇਂ ਆਸਟਰੇਲੀਆ ਟਾਇਗਰ , ਅਫਰੀਕਾ ਵਿਚ ਮਿਲਣ ਵਾਲਾ ਬਲੈਕ ਬਾਮਾ , ਇਹ ਸੱਪ ਆਪਣੇ ਦੰਦਾਂ ਵਿਚ ਸਭ ਤੋਂ ਵੱਧ ਜ਼ਹਿਰ ਸਟੋਰ ਕਰਦੇ ਹਨ। ਜਿਸ ਨੂੰ ਕੱਟਣ ਸਮੇਂ ਇਨਸਾਨ ਦੇ ਸਰੀਰ ਵਿਚ ਛੱਡ ਦਿੰਦੇ ਹਨ, ਜ਼ਹਿਰ ਦੀ ਮਾਤਰਾ 6 ਐੱਮਐੱਲਏ ਤੋਂ 7 ਐੱਮਐੱਲਏ ਤਕ ਹੋ ਸਕਦੀ ਹੈ। ਸੱਪਾਂ ਦੇ ਕੱਟਣ ’ਤੇ ਇਸ ਦਾ ਡਰ ਇਨ੍ਹਾਂ ਹੁੰਦਾ ਹੈ ਕਿ ਬਹੁਤ ਗਿਣਤੀ ਦੇ ਇਨਸਾਨ ਹਾਰਟ ਅਟੈਕ ਨਾਲ ਮਰ ਜਾਂਦੇ ਹਨ, ਨਾ ਕੇ ਜ਼ਹਿਰ ਨਾਲ। ਜੇ ਇਨਸਾਨ ਨੂੰ ਕਾਫ਼ੀ ਜ਼ਹਿਰੀਲਾ ਸੱਪ ਕੱਟ ਲੈਂਦਾ ਹੈ ਤਾਂ ਉਸ ਦੀ 99 ਫ਼ੀਸਦੀ ਮੌਤ ਹੋ ਸਕਦੀ ਹੈ। ਮਾਹਿਰਾਂ ਮੁਤਾਬਿਕ ਉਸ ਕੋਲ ਢਾਈ ਘੰਟਿਆਂ ਦਾ ਸਮਾਂ ਹੁੰਦਾ ਹੈ। ਇਸ ਸਮੇਂ ’ਚ ਮੁੱਢਲੀ ਸਹਾਇਤਾ ਲੈਣੀ ਚਾਹੀਦੀ ਹੈ। ਥੋੜ੍ਹੀ ਜਿਹੀ ਹੁਸ਼ਿਆਰੀ ਤੇ ਜਾਣਕਾਰੀ ਹੋਣੀ ਚਾਹੀਦਾ ਹੈ ਕਿਉਂਕਿ ਮਾਹਿਰਾਂ ਮੁਤਾਬਿਕ ਜ਼ਹਿਰ ਨੂੰ ਪੂਰੇ ਸਰੀਰ ਵਿਚ ਫੈਲਣ ਲਈ ਢਾਈ ਘੰਟਿਆਂ ਦਾ ਸਮਾਂ ਲੱਗ ਸਕਦਾ ਹੈ। ਜੇ ਲੱਤ, ਬਾਂਹ ’ਤੇ ਕੱਟਿਆ ਹੋਵੇ ਤਾਂ ਉਸ ਨੂੰ ਬਰੀਕ ਰੱਸੀ ਨਾਲ ਦੋ- ਤਿੰਨ ਜਗ੍ਹਾ ਤੋਂ ਬੰਨੋ। ਜਦੋਂ ਦਿਮਾਗ਼ ਤਕ ਜ਼ਹਿਰ ਪਹੁੰਚ ਜਾਂਦਾ ਹੈ ਤਾਂ ਮੌਤ ਯਕੀਨੀ ਹੈ। ਸੱਪਾਂ ਦਾ ਖ਼ੂਨ ਠੰਢਾ ਹੋਣ ਕਰਕੇ ਜ਼ਿਆਦਾ ਤਰ ਗਰਮੀਆਂ ਵਿਚ ਦੇਖੇ ਜਾਂਦੇ ਹਨ। ਸਰਦੀਆਂ ਵਿਚ ਖ਼ੂਨ ਜੰਮਣ ਕਰ ਕੇ ਘੱਟ ਘਟਨਾਵਾਂ ਹੁੰਦੀਆਂ ਹਨ। ਗਰਮੀਆਂ ਵਿਚ ਵੱਧ ਸਾਵਧਾਨੀਆਂ ਦੀ ਲੋੜ ਹੈ । ਜਾਣਕਾਰੀ ਦੀ ਘਾਟ ਮੌਤਾਂ ਦਾ ਕਾਰਨ ਬਣ ਜਾਂਦੀ ਹੈ। ਭਾਰਤ ਵਿਚ ਮਿਲਣ ਵਾਲੇ ਕੁੱਝ ਖ਼ਤਰਨਾਕ ਜ਼ਹਿਰੀਲੇ ਸੱਪਾਂ ਬਾਰੇ ਜਿਵੇ:- ਕਿੰਗ ਕੋਬਰਾ (ਕਾਲਾ ਨਾਗ) ,ਵਾਇਪਰ, ਰੂਸਲ ਵਾਇਪਰ, ਮੋਨਸ, ਫਰਜਾ, ਮਨਨੀਲ, ਕਰੈਟ, ਇਹ ਬਹੁਤ ਹੀ ਜ਼ਿਆਦਾ ਜ਼ਹਿਰੀਲੇ ਸੱਪ ਹਨ।

### ਇਲਾਜ

*ਆਯੁਰਵੈਦਿਕ ਦੇ ਸਿਧਾਂਤ ਮੁਤਾਬਿਕ ਜਿਵੇਂ ਲੋਹਾ ਲੋਹੇ ਨੂੰ ਕੱਟਦਾ ਹੈ। ਸੱਪ ਦੇ ਕੱਟੇ ਇਨਸਾਨ ਨੂੰ ਵੀ ਬਹੁਤ ਜ਼ਿਆਦਾ ਜ਼ਹਿਰੀਲੇ ਸੱਪ ਦੇ ਜ਼ਹਿਰ ਤੋਂ ਬਣੀ ਦਵਾਈ ਦੇ ਕੇ ਜ਼ਹਿਰ ਕੱਢਿਆ ਜਾਂਦਾ ਹੈ। ਇਹ ਦਵਾਈ ਕਰੈਟ ਨਾਂ ਦੇ ਸੱਪ ਤੋਂ ਬਣਦੀ ਹੈ। ਕੋਈ ਖ਼ਤਰੇ ਵਾਲੀ ਗੱਲ ਨਹੀਂ ਕਿ ਦਵਾਈ ਜ਼ਹਿਰ ਤੋਂ ਬਣੀ ਹੈ। ਦੇਸੀ ਭਾਸ਼ਾ ਵਿਚ ਸ਼ੁੱਧ ਕਰਕੇ ਬਣਾਈ ਕਹਿ ਸਕਦੇ ਹਾਂ। ਤੁਹਾਡੀ ਥੋੜ੍ਹੀ ਜਿਹੀ ਜਾਣਕਾਰੀ ਹਸਪਤਾਲ ਸਹੀ ਸਲਾਮਤ ਪਹੁੰਚਾਉਣ ਵਿਚ ਸਹਾਈ ਹੋ ਸਕਦੀ ਹੈ। ਹੋ ਸਕਦਾ ਇਸ ਦੀ ਲੋੜ ਨਾ ਵੀ ਪਵੇ। ਮਰੀਜ਼ ਨੂੰ ਮਾਨਸਿਕ ਤੌਰ ’ਤੇ ਇਨ੍ਹਾਂ ਹੌਸਲਾ ਦੇਵੇ ਕਿ ਜ਼ਹਿਰ ਦੇ ਡਰ ਕਾਰਨ ਉਸ ਦਾ ਮਨੋਬਲ ਨਾ ਟੁਟੇ।*

### ਸਹਾਇਤਾ

ਜੇ ਲੱਤ ਜਾਂ ਬਾਂਹ ’ਤੇ ਡੰਗ ਹੈ ਤਾਂ ਬਰੀਕ ਰੱਸੀ ਨਾਲ ਦੋ- ਤਿੰਨ ਥਾਵਾਂ ਤੋਂ ਬੰਨ੍ਹ ਦੇਵੋ।

ਇਕ ਵਧੀਆ ਸਰਿੰਜ ਲਵੋ ਆਮ ਨਾਲੋਂ ਥੋੜ੍ਹੀ ਵੱਡੀ ਹੋਵੇ ਤਾਂ ਜ਼ਿਆਦਾ ਵਧੀਆ ਸਰਿੰਜ ਦਾ ਅਗਲਾ ਹਿੱਸਾ ਜਿੱਥੇ ਸੂਈਆਂ ਚੜ੍ਹਦੀਆਂ ਹਨ ਉਸ ਨੂੰ ਕੱਟ ਦੇਵੋ। ਉਸ ਤੋਂ ਬਾਅਦ ਡੰਗ ਦੇ ਦੋਵੇ ਨਿਸ਼ਾਨਾਂ ਤੇ ਵਾਰੀ -ਵਾਰੀ ਸਰਿੰਜ ਦਾ ਮੂੰਹ ਕੱਟਿਆ ਹੋਇਆ ਟਿਕਾ ਕੇ ਰੱਖੋ ਅਤੇ ਸਰਿੰਜ ਨੂੰ ਪਿੱਛੇ ਨੂੰ ਖਿੱਚੋ ਸਰਿੰਜ ਖ਼ੂਨ ਨਾਲ ਭਰ ਜਾਵੇ ਤਾਂ ਖ਼ਾਲੀ ਕਰ ਦੇਵੋ। ਇਹ ਪ੍ਰਕਿਰਿਆ ਓਨੀ ਕੁ ਦੇਰ ਕਰੋ ਕਿ ਖ਼ੂਨ ਵਿਚ ਰਲਿਆ ਜ਼ਹਿਰ ਸਰਿੰਜ ਰਾਹੀਂ ਨਿਕਲ ਜਾਵੇ। ਨਿਸ਼ਾਨੀ ਦੇ ਤੌਰ ’ਤੇ ਜ਼ਹਿਰ ਵਾਲਾ ਖ਼ੂਨ ਆਮ ਨਾਲੋਂ ਥੋੜ੍ਹਾ ਕਾਲਾ ਹੋਵੇਗਾ । ਜਦੋਂ ਸਹੀ ਰੰਗ ਦਾ ਖ਼ੂਨ ਆ ਜਾਵੇ ਰੁਕ ਜਾਵੋ। 94172-10015

# ਕਰੋ ਯੋਗ ਰਹੋ ਅਰੋਗ

***ਲੋਕਾਂ ਦਾ ਹਾਜ਼ਮਾ ਅਕਸਰ ਇਸ ਕਰਕੇ ਖ਼ਰਾਬ ਹੋ ਜਾਂਦਾ ਹੈ ਕਿ ਉਸ ਭਾਗ ਵਿਚ ਪੂਰੀ ਤਰ੍ਹਾਂ ਖ਼ੂਨ ਨਹੀਂ ਪਹੁੰਚਦਾ ਪਰ ਯੋਗ ਕਰਨ ਨਾਲ ਸਰੀਰ ਦੇ ਹਰ ਹਿੱਸੇ ਵਿਚ ਖ਼ੂਨ ਦਾ ਸੰਚਾਰ ਇਕੋ ਜਿਹਾ ਹੋਣ ਕਰਕੇ ਪਾਚਨ ਸ਼ਕਤੀ ਠੀਕ ਰਹਿੰਦੀ ਹੈ। ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗਾ ਜਾਂ ਕਸਰਤ ਕਰਨੀ ਬਹੁਤ ਜ਼ਰੂਰੀ ਹੈ...***

ਡਾ. ਫ਼ਕੀਰ ਚੰਦ ਸ਼ੁਕਲਾ

ਯੋਗ ਸੰਸਕ੍ਰਿਤ ਸ਼ਬਦ ‘ਯੁਜ’ ਤੋਂ ਲਿਆ ਗਿਆ ਹੈ ਜਿਸ ਦਾ ਮਤਲਬ ਹੈ ਜੋੜ੍ਹਨਾ ਜਾਂ ਇੱਕਠੇ ਹੋਣਾ। ਸਰੀਰ ਨੂੰ ਇੰਦਰੀਆਂ ਨਾਲ ਅਤੇ ਇੰਦਰੀਆਂ ਨੂੰ ਮਨ ਨਾਲ ਜੋੜ ਕੇ ਪ੍ਰਮਾਤਮਾ ਵਿਚ ਲੀਨ ਹੋ ਜਾਣਾ ਹੀ ਯੋਗ ਹੈ। ਜੋ ਦਿਮਾਗ਼ ਅਤੇ ਸਰੀਰ, ਮਨੁੱਖ ਅਤੇ ਕੁਦਰਤ ਵਿਚਾਲੇ ਸ਼ਾਨਦਾਰ ਇਕਸੁਰਤਾ ਦੀ ਸੂਚਕ ਹੈ। ਯੋਗ ਦਾ ਉਦੇਸ਼ ਸਵੈ ਅਨੁਭਵ ਕਰਨਾ ਹੈ। ਸਾਰੇ ਦੁਖਾਂ ’ਤੇ ਕਾਬੂ ਪਾਉਣਾ ਹੈ ਜਿਸ ਨਾਲ ਮੁਕਤੀ ਜਾਂ ਆਜ਼ਾਦੀ ਦੀ ਪ੍ਰਾਪਤੀ ਹੁੰਦੀ ਹੈ। ਜ਼ਿੰਦਗੀ ਦੇ ਸਾਰੇ ਪੱਖਾਂ ਵਿਚ ਆਜ਼ਾਦੀ ਨਾਲ ਰਹਿਣਾ ਸਿਹਤ ਅਤੇ ਇਕਸੁਰਤਾ ਇਹ ਯੋਗ ਦੇ ਪ੍ਰਮੁੱਖ ਉਦੇਸ਼ ਹੋਣੇ ਚਾਹੀਦੇ ਹਨ। ਯੋਗ ਪ੍ਰਥਾ ਦਾ ਆਰੰਭ ਸੱਭਿਅਤਾ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ ਭਾਵੇਂ ਕਿ ਯੋਗ ਪੂਰਵ-ਵੇਦਿਕ ਕਾਲ ਵਿਚ ਵੀ ਪਰਚਲਤ ਸੀ। ਮਹਾਨ ਸੰਤ ਮਹਾਂਰਿਸ਼ੀ ਪੰਤੀਜਲੀ ਨੇ ਆਪਣੇ ਯੋਗ ਸੂਤਰਾਂ ਦੁਆਰਾ ਉਦੋਂ ਦੀਆਂ ਯੋਗ ਪ੍ਰਥਾਵਾਂ ਇਸ ਦੇ ਮਤਲਬ ਅਤੇ ਸੰਬੰਧਿਤ ਜਾਣਕਾਰੀ ਨੂੰ ਪ੍ਰਣਾਲੀਗਤ ਅਤੇ ਸੂਚੀਬੱਧ ਕੀਤਾ। ਇਸ ਤੋਂ ਬਾਅਦ ਬਹੁਤ ਸਾਰੇ ਸੰਤਾਂ ਅਤੇ ਯੋਗ ਸ਼ਾਸਤਰੀਆਂ ਨੇ ਆਪਣੀਆਂ ਦਸਤਾਵੇਜ਼ੀ ਪ੍ਰਥਾਵਾਂ ਅਤੇ ਸਾਹਿਤ ਦੁਆਰਾ ਇਸ ਖੇਤਰ ਦੀ ਸੰਭਾਲ ਅਤੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਮਹਾਂਰਿਸ਼ੀ ਪਤੰਜਲੀ ਦੇ ਮੁਤਾਬਕ ਯੋਗ ਦੇ ਅੱਠ ਅੰਗ ਕਹੇ ਗਏ ਹਨ। ‘ਯਮ’ ਸਮਾਜ ਭਲਾਈ ਲਈ, ‘ਨਿਯਮ’ ਅਪਣੇ ਵਰਤਾਓ ਨੂੰ ਚੰਗਾ ਬਨਾਉਣ ਲਈ, ‘ਆਸਨ’ ਸਰੀਰ ਨੂੰ ਤੰਦਰੁਸਤ ਬਨਾਉਣ ਲਈ, ‘ਪ੍ਰਾਣਾਯਾਮ’ ਮਾਨਸਿਕ ਵਿਕਾਰ (ਅਲਾਮਤਾਂ) ਦੂਰ ਕਰਨ ਲਈ, ‘ਪ੍ਰਤਿਹਾਰਾ’ ਆਪਣੀ ਚੇਤਨਾ ਅਤੇ ਇੰਦਰੀਆਂ ਨੂੰ ਅੰਤਰਮੁਖੀ ਬਨਾਉਣ ਲਈ, ‘ਧਾਰਣਾ’ ਇਕਸੁਰਤਾ ਵਧਾਉਣ ਲਈ ਹੈ, ‘ਧਿਆਨ’ ਮਨ ਨੂੰ ਸ਼ੁੱਧ ਕਰਨ ਲਈ ਹੈ। ਇਸ ਤਰ੍ਹਾਂ ਯੋਗ ਸਾਡੇ ਨਿੱਜੀ ਜੀਵਨ ਤੋਂ ਲੈ ਕੇ ਸਮਾਜਿਕ ਜੀਵਨ ਤਕ ਸਭ ਕੁਝ ਤਰਤੀਬ ਵਿਚ ਲਿਆ ਦੇਂਦਾ ਹੈ।

### ਲਾਭ

ਅੱਜਕੱਲ੍ਹ ਦੀ ਨੱਠ-ਭੱਜ ਦੀ ਜ਼ਿੰਦਗੀ ਵਿਚ ਨਾ ਬੰਦੇ ਨੂੰ ਚੈਨ ਹੈ ਅਤੇ ਨਾ ਹੀ ਆਰਾਮ ਅਤੇ ਨਾ ਹੀ ਉਹ ਆਪਣੀ ਖ਼ੁਰਾਕ ਵੱਲ ਧਿਆਨ ਦੇਂਦਾ ਹੈ ਜਿਸ ਕਰਕੇ ਬਿਮਾਰੀਆਂ ਲੱਗ ਜਾਣੀਆਂ ਆਮ ਜਿਹੀ ਗੱਲ ਹੋ ਗਈ ਹੈ। ਜੇ ਅੱਜ ਦੀ ਗੱਲ ਕਰੀਏ ਤਾਂ ਸਾਡੇ ਰਹਿਣ-ਸਹਿਣ ਤੇ ਜੀਵਨ ਦਾ ਢੰਗ ਵੀ ਬਦਲ ਗਿਆ ਹੈ। ਹਰ ਵੇਲੇ ਪੈਸੇ ਕਮਾਉਣ ਦਾ ਹੀ ਫਿਕਰ ਰਹਿੰਦਾ ਹੈ ਤੇ ਬੰਦੇ ਨੂੰ ਬਹੁਤ ਘੱਟ ਸਰੀਰਕ ਅਤੇ ਮਾਨਸਿਕ ਆਰਾਮ ਮਿਲਦਾ ਹੈ। ਇਹੋ ਜਿਹੀ ਹਾਲਤ ਵਿਚ ਬਿਮਾਰੀਆਂ ਨਹੀਂ ਚਿੰਬੜਣਗੀਆਂ ਤਾਂ ਹੋਰ ਕੀ ਹੋਵੇਗਾ। ਹਰ ਬੰਦਾ ਚਾਹੁੰਦਾ ਹੈ ਕਿ ਉਹ ਨਿਰੋਗ ਹੋਵੇ ਭਾਵ ਉਸ ਨੂੰ ਕੋਈ ਰੋਗ ਨਾ ਹੋਵੇ ਪਰ ਸਿਰਫ਼ ਚਾਹੁਣ ਨਾਲ ਤਾਂ ਗੱਲ ਨਹੀਂ ਬਣਦੀ। ਸਾਨੂੰ ਸਰੀਰਕ ਕੰਮ ਤਾਂ ਕਰਨਾ ਹੀ ਪਵੇਗਾ। ਕੁਝ ਲੋਕ ਸੈਰ ਕਰਦੇ ਹਨ ਪਰ ਸੈਰ ਕਰਨ ਵਾਲੇ ਵਿਅਕਤੀ ਦੇ ਪੈਰਾਂ ਵਿਚ ਹਰਕਤ ਹੋਣ ਨਾਲ ਸਿਰਫ਼ ਹੇਠਲੇ ਪਾਸੇ ਹੀ ਖ਼ੂਨ ਦਾ ਸੰਚਾਰ ਹੁੰਦਾ ਹੈ। ਦੌੜਾਂ ਲਗਾਉਣ ਵਾਲੇ ਬੰਦੇ ਦੀ ਸਰੀਰਕ ਹਰਕਤ ਤੇਜ਼ ਹੋਣ ਕਰਕੇ ਦਿਲ ’ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ ਜਿਹੜਾ ਕਿ ਉਮਰ ਵਧਣ ਨਾਲ ਨੁਕਸਾਨ ਦੇਹ ਸਾਬਤ ਹੋ ਸਕਦਾ ਹੈ। ਸੈਰ ਦਾ ਲਾਭ ਲਗਪਗ 4-5 ਕਿੱਲੋਮੀਟਰ ਕਰਨ ਵਾਲੇ ਨੂੰ ਹੀ ਹੁੰਦਾ ਹੈ ਪਰ ਇਸ ਲਈ ਸਮਾਂ ਵੀ ਤਾਂ ਕਾਫ਼ੀ ਚਾਹੀਦਾ ਹੈ। ਅੱਜਕੱਲ੍ਹ ਦੇ ਮਨੁੱਖ ਕੋਲ ਸਮੇਂ ਦੀ ਤਾਂ ਹਮੇਸ਼ਾ ਹੀ ਘਾਟ ਰਹਿੰਦੀ ਹੈ। ਭਲਵਾਨਾਂ ਨੂੰ ਵੀ ਤੁਸੀਂ ਵੇਖਿਆ ਹੀ ਹੈ। ਜੁਆਨੀ ਵਿਚ ਖ਼ੂਬ ਡੰਡ ਬੈਠਕਾਂ ਮਾਰਦੇ ਨੇ ਪਰ ਉਮਰ ਵਧਣ ’ਤੇ ਜੋੜਾਂ ਦੇ ਦਰਦ ਉਨ੍ਹਾਂ ਦੀ ਬਸ ਕਰਵਾ ਦੇਂਦੇ ਹਨ। ਇਸ ਲਈ ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗ ਕਰਨਾ ਚਾਹੀਦਾ ਹੈ। ਹੋਰ ਤਰ੍ਹਾਂ ਦੇ ਵਯਾਯਾਮ ਕਰਨ ਨਾਲੋਂ ਯੋਗ ਆਸਨਾਂ ਦੇ ਕਈ ਲਾਭ ਹਨ। ਆਮ ਵਯਾਯਾਮ ਕਰਨ ਨਾਲ ਸਰੀਰ ਵਿਚ ਕੈੜਾਪਨ ਆ ਜਾਂਦਾ ਹੈ ਪਰ ਯੋਗ ਕਰਨ ਨਾਲ ਸਰੀਰ ਲਚੀਲਾ ਬਣਦਾ ਹੈ। ਯੋਗ ਕਰਨ ਨਾਲ ਸਰੀਰ ਲਈ ਲੌੜੀਂਦੀਆਂ ਗ੍ਰੰਥੀਆਂ ’ਚੋਂ ਸਮਾਨ ਰੂਪ ਵਿਚ ਰਸ ਨਿਕਲਦਾ ਹੈ ਜਦੋਂ ਕਿ ਹੋਰ ਤਰ੍ਹਾਂ ਦੇ ਸਰੀਰਕ ਵਯਾਯਾਮ ਕਰਨ ਨਾਲ ਇੰਝ ਨਹੀਂ ਹੁੰਦਾ। ਆਮ ਤਰ੍ਹਾਂ ਨਾਲ ਵਰਜਿਸ਼ ਕਰਨ ਨਾਲ ਥਕਾਵਟ ਹੋ ਜਾਂਦੀ ਹੈ ਜਦੋਂ ਕਿ ਯੋਗ ਕਰਨ ਨਾਲ ਥਕਾਵਟ ਤਾਂ ਦੂਰ ਹੁੰਦੀ ਹੀ ਹੈ ਸਰੀਰ ਹਲਕਾ ਅਤੇ ਫੁਰਤੀਲਾ ਬਣਦਾ ਹੈ।

ਯੋਗ ਕਰਨ ਨਾਲ ਇਕਸੁਰਤਾ ਅਤੇ ਜੀਵਨ ਵਿਚ ਸੁਧਾਰ ਆਉਂਦਾ ਹੈ। ਫਜ਼ੂਲ ਦੇ ਵਿਚਾਰਾਂ ਦੀ ਬਜਾਏ ਚੰਗੇ ਵਿਚਾਰ ਮਨ ਵਿਚ ਪੈਦਾ ਹੁੰਦੇ ਹਨ। ਬਜ਼ੁਰਗ ਅਤੇ ਕਮਜ਼ੋਰ ਬੰਦੇ ਹਰ ਤਰ੍ਹਾਂ ਦੇ ਵਯਾਯਾਮ ਨਹੀਂ ਕਰ ਸਕਦੇ ਪਰ ਯੋਗ ਵਿਚ ਅਜਿਹੀ ਕੋਈ ਅੜਚਨ ਨਹੀਂ ਆਉਂਦੀ। ਕਮਜ਼ੋਰ ਅਤੇ ਰੋਗੀ ਵੀ ਯੋਗ ਦੇ ਮਾਹਿਰ ਦੀ ਸਲਾਹ ਮੁਤਾਬਕ ਯੋਗ ਕਰ ਸਕਦੇ ਹਨ। 12 ਸਾਲ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਵੀ ਅਸਾਨੀ ਨਾਲ ਯੋਗ ਕਰ ਸਕਦੇ ਹਨ। ਯੋਗ ਕਰਨ ਨਾਲ ਰੋਗ ਨਹੀਂ ਲੱਗਦੇ ਪਰ ਹੋਰ ਤਰ੍ਹਾਂ ਦੇ ਵਯਾਯਾਮ ਕਰਨ ਨਾਲ ਰੋਗਾਂ ਤੋਂ ਹਮੇਸ਼ਾ ਲਈ ਛੁਟਕਾਰਾ ਨਹੀਂ ਮਿਲਦਾ। ਲੋਕਾਂ ਦਾ ਹਾਜਮਾ ਅਕਸਰ ਇਸ ਕਰਕੇ ਖ਼ਰਾਬ ਹੋ ਜਾਂਦਾ ਹੈ ਕਿ ਉਸ ਭਾਗ ਵਿਚ ਪੂਰੀ ਤਰ੍ਹਾਂ ਖ਼ੂਨ ਨਹੀਂ ਪਹੁੰਚਦਾ ਪਰ ਯੋਗ ਕਰਨ ਨਾਲ ਸਰੀਰ ਦੇ ਹਰ ਹਿੱਸੇ ਵਿਚ ਖ਼ੂਨ ਦਾ ਸੰਚਾਰ ਇਕੋ ਜਿਹਾ ਹੋਣ ਕਰਕੇ ਪਾਚਨ ਸ਼ਕਤੀ ਠੀਕ ਰਹਿੰਦੀ ਹੈ। ਯੋਗ ਆਸਨ ਰੋਗ ਵਿਕਾਰਾਂ ਨੂੰ ਨਸ਼ਟ ਕਰਦੇ ਹਨ ਕਿਉਂਕਿ ਇਸ ਨਾਲ ਸਰੀਰ ਦੇ ਹਰ ਭਾਗ ’ਤੇ ਇਸ ਦਾ ਪ੍ਰਭਾਵ ਪੈਂਦਾ ਹੈ ਅਤੇ ਸਰੀਰ ਦੇ ਸਾਰੇ ਅੰਗ ਆਪਣੇ ਕੰਮ ਠੀਕ ਤਰੀਕੇ ਨਾਲ ਕਰਨ ਲੱਗਦੇ ਹਨ। ਯੋਗ ਆਸਨ ਕਰਨ ਨਾਲ ਬੰਦੇ ਦੀ ਨਜ਼ਰ ਵੀ ਤੇਜ਼ ਹੋ ਜਾਂਦੀ ਹੈ। ਆਸਨਾਂ ਨੂੰ ਨੀਮਤ ਤੌਰ ’ਤੇ ਕਰਨ ਵਾਲਿਆਂ ਦੇ ਐਨਕ ਵੀ ਨਹੀਂ ਲੱਗਦੀ। ਕਈ ਬੰਦਿਆਂ ਦੇ ਤਾਂ ਨੀਮਤ ਯੋਗ ਆਸਨ ਕਰਨ ਨਾਲ ਐਨਕਾਂ ਵੀ ਉਤਰ ਗਈਆਂ ਹਨ।



### ਸਾਵਧਾਨੀਆਂ

ਯੋਗ ਚਿਕਿਤਸਾ ਨੂੰ ਅੱਜਕੱਲ੍ਹ ਦੁਨੀਆ ਦੇ ਬਹੁਤ ਸਾਰੇ ਭਾਗਾਂ ਵਿਚ ਵਿਕਲਪਕ ਸਿਹਤ ਸੰਭਾਲ ਪ੍ਰਥਾ ਵੱਜੋਂ ਵਰਤਿਆ ਜਾ ਰਿਹਾ ਹੈ। ਯੋਗ ਕਰਨ ਦੇ ਬੇਸ਼ੁਮਾਰ ਲਾਭ ਹਨ ਪਰ ਯੋਗ ਆਸਨਾਂ ਨੂੰ ਕਰਨ ਵੇਲੇ ਕੁਝ ਸਾਵਧਾਨੀਆਂ ਜ਼ਰੂਰ ਵਰਤਣੀਆਂ ਚਾਹੀਦੀਆਂ ਹਨ ਨਹੀਂ ਤਾਂ ਕਈ ਵਾਰੀ ਨੁਕਸਾਨ ਵੀ ਹੋ ਸਕਦਾ ਹੈ। ਸ਼ੁਰੂ-ਸ਼ੁਰੂ ਵਿਚ ਯੋਗ ਕਿਸੇ ਯੋਗ ਮਾਹਿਰ ਦੀ ਨਿਗਰਾਨੀ ਵਿਚ ਕਰਨਾ ਚਾਹੀਦਾ ਹੈ। ਕਿਤਾਬਾਂ ਵਿਚ ਪੜ੍ਹ ਕੇ ਜਾਂ ਟੀ ਵੀ ’ਤੇ ਵੇਖ ਕੇ ਤੁਸੀਂ ਆਸਨ ਠੀਕ ਤਰ੍ਹਾਂ ਨਹੀਂ ਕਰ ਪਾਓਗੇ ਤੇ ਇਸ ਤਰ੍ਹਾਂ ਯੋਗ ਕਰਨਾ ਦਾ ਲਾਭ ਨਹੀਂ ਮਿਲੇਗਾ। ਯੋਗ ਆਸਨ ਖ਼ਾਲੀ ਪੇਟ ਕਰਨੇ ਚਾਹੀਦੇ ਹਨ। ਚੰਗਾ ਹੋਵੇ ਤੁਸੀਂ ਸਵੇਰੇ-ਸਵੇਰੇ ਆਸਨ ਕਰੋ ਕਿਉਂਕਿ ਉਸ ਵੇਲੇ ਵਾਤਾਵਰਨ ਸਾਫ਼ ਹੁੰਦਾ ਹੈ ਅਤੇ ਹਵਾ ਵਿਚ ਆਕਸੀਜਨ ਦੀ ਮਾਤਰਾ ਵੀ ਜ਼ਿਆਦਾ ਹੁੰਦੀ ਹੈ। ਆਸਨ ਕਰਨ ਤੋਂ ਅੱਧਾ ਘੰਟਾ ਮਗਰੋਂ ਹਲਕਾ ਭੋਜਨ ਕਰਨਾ ਚਾਹੀਦਾ ਹੈ। ਆਸਨਾਂ ਦੇ ਅੱਧਾ ਘੰਟਾ ਮਗਰੋਂ ਇਕ ਗਲਾਸ ਪਾਣੀ ਪੀ ਸਕਦੇ ਹੋ।

- ਜਿੰਨ੍ਹਾਂ ਨੂੰ ਦਿਲ ਦੀ ਪਰੇਸ਼ਾਨੀ ਹੈ ਭਾਵ ਦਿਲ ਦਾ ਦੌਰ ਪਿਆ ਹੋਵੇ ਤਾਂ ਉਹ ਦਿਲ ਦੇ ਦੌਰੇ ਤੋਂ ਇਕ-ਡੇਢ ਮਹੀਨੇ ਮਗਰੋਂ ਆਸਨ ਸ਼ੁਰੂ ਕਰ ਸਕਦੇ ਹਨ ਪਰ ਪਹਿਲਾਂ ਸ਼ਵਆਸਨ ਤੋਂ ਸ਼ੁਰੂ ਕਰਕੇ ਹਲਕੇ-ਫੁਲਕੇ ਆਸਨ ਬਾਅਦ ਵਿਚ ਕਰੋ।
- ਮੌਸਮ ਦੇ ਮੁਤਾਬਕ ਕਪੜੇ ਪਾਉਣੇ ਚਾਹੀਦੇ ਹਨ। ਗਰਮੀਆਂ ਵਿਚ ਘੱਟ ਅਤੇ ਖੁੱਲ੍ਹ-ਡੁਲ੍ਹੇ ਕਪੜੇ ਅਤੇ ਸਰਦੀਆਂ ਵਿਚ ਸਿਰਫ਼ ਓਨੇ ਹੀ ਕਪੜੇ ਪਾਓ ਜਿਹਦੇ ਨਾਲ ਠੰਢ ਤੋਂ ਬਚਿਆ ਜਾ ਸਕੇ।
- ਦਿਲ ਦੇ ਰੋਗੀਆਂ ,ਹਾਈ ਬਲੱਡ ਪ੍ਰੈਸ਼ਰ ਵਾਲੇ ਬੰਦਿਆਂ ਨੂੰ ਆਸਨ ਕਰਨ ਵੇਲੇ ਕੋਈ ਵੀ ਅਜਿਹਾ ਆਸਨ ਨਹੀਂ ਕਰਨਾ ਚਾਹੀਦਾ ਜਿਸ ਵਿਚ ਕੁਝ ਸਮੇਂ ਲਈ ਸਾਹ ਰੋਕਣਾ ਹੋਵੇ। ਅੱਜਕੱਲ੍ਹ ਆਮ ਜਿਹੀ ਬਿਮਾਰੀ ਹੋਣ ’ਤੇ ਹੀ ਇਲਾਜ ਕਰਵਾਉਂਦਿਆਂ ਬੰਦੇ ਦੀ ਬਸ ਹੋ ਜਾਂਦੀ ਹੈ। ਮਹਿੰਗਾਈ ਦਾ ਜ਼ਮਾਨਾ ਹੈ। ਆਮ ਬੰਦੇ ਲਈ ਤਾਂ ਗੁਜ਼ਾਰਾ ਕਰਨਾ ਔਖਾ ਹੈ ਫੇਰ ਮਹਿੰਗੀਆਂ ਦਵਾਈਆਂ ਅਤੇ ਡਾਕਟਰਾਂ ਦੀਆਂ ਫੀਸਾਂ ਕਿੱਥੋਂ ਭਰਨ, ਇਸ ਲਈ ਆਪਣੇ ਸਰੀਰ ਨੂੰ ਨਿਰੋਗ ਰੱਖਣ ਲਈ ਯੋਗ ਨੂੰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਓ। ਯੋਗ ਕਰਨ ’ਤੇ ਕੋਈ ਖ਼ਰਚ ਨਹੀਂ ਹੁੰਦਾ ਅਤੇ ਨਾ ਹੀ ਬਹੁਤੇ ਸਮਾਨ ਦੀ ਲੋੜ ਪੈਂਦੀ ਹੈ। 98153 59222





# ਹੈਜ਼ੇ ਦਾ ਹੋਮਿਓਪੈਥਿਕ ਇਲਾਜ

**ਇਸ ਮੌਸਮ ’ਚ ਹੈਜ਼ਾ ਹੋਣ ਦਾ ਪ੍ਰਕੋਪ ਸਭ ਤੋ ਜ਼ਿਆਦਾ ਹੁੰਦਾ ਹੈ। ਮਰੀਜ਼ ਨੂੰ ਟੱਟੀਆਂ ਤੇ ਉਲਟੀਆਂ ਲੱਗ ਜਾਂਦੀਆਂ ਹਨ...**

ਡਾ. ਅਨਿਲ ਕੁਮਾਰ ਬੱਗਾ

ਗਰਮੀਆਂ ਦੇ ਮੌਸਮ ਵਿਚ ਦੂਸ਼ਿਤ ਪਾਣੀ-ਪੀਣ ਕਰ ਕੇ ਅਸੀਂ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਸ ਮੌਸਮ ਵਿਚ ਹੈਜ਼ਾ ਹੋਣ ਦਾ ਪ੍ਰਕੋਪ ਸਭ ਤੋ ਜ਼ਿਆਦਾ ਹੁੰਦਾ ਹੈ। ਜਿਸ ਕਰਕੇ ਮਰੀਜ਼ ਨੂੰ ਟੱਟੀਆਂ ਤੇ ਉਲਟੀਆਂ ਲੱਗ ਜਾਂਦੀਆਂ ਹਨ। ਹੈਜ਼ਾ ਹੋਣ ’ਤੇ ਸਰੀਰ ਵਿਚ ਪਾਣੀ ਦੀ ਘਾਟ ਹੋ ਜਾਂਦੀ ਹੈ ਜਿਸ ਨਾਲ ਮਰੀਜ਼ ਦੀ ਜਾਨ ਵੀ ਜਾ ਸਕਦੀ ਹੈ। ਇਸ ਰੋਗ ਤੋਂ ਬਚਣ ਲਈ ਰੋਗੀ ਵਿਅਕਤੀਆਂ ਤੇ ਛੋਟੇ ਬੱਚਿਆਂ ਨੂੰ ਇਲੈਕਟ੍ਰੋਲਾਈਟਸ ਦਾ ਘੋਲ ਦੇਣ ਨਾਲ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।

### ਕਾਰਨ

ਕੋਮਾ ਬੈਸੀਲਸ ਦੇ ਨਾਂ ਦਾ ਕੀਟਾਣੂ ਇਸ ਰੋਗ ਨੂੰ ਫੈਲਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਇਹ ਕੀਟਾਣੂ ਮਰੀਜ਼ ਦੀ ਛੋਟੀ ਆਂਤੜੀ ਵਿਚ ਪਾਇਆ ਜਾਂਦਾ ਹੈ। ਇਹ ਰੋਗ ਭੀੜ-ਭੜੱਕੇ ਵਾਲੀਆਂ ਥਾਵਾਂ ’ਤੇ ਕੈਂਪਾਂ ਤੇ ਝੌਂਪੜੀਨੁਮਾਂ ਘਰਾਂ ਵਿਚ ਜ਼ਿਆਦਾ ਫੈਲਦਾ ਹੈ। ਰੇਹੜੀ ਮਾਰਕਾ ਫੂਡ, ਛੋਲੇ-ਭਟੂਰੇ, ਬਰਗਰ, ਬੇਹਾ ਭੋਜਨ, ਅੱਧ ਪੱਕਿਆ ਭੋਜਨ, ਸਾਫ਼-ਸਫ਼ਾਈ ਦੀ ਘਾਟ ਤੇ ਗੰਦੀਆਂ-ਮੰਦੀਆਂ ਚੀਜ਼ਾਂ ਖਾਣ ਕਰਕੇ ਫੈਲਦਾ ਹੈ। ਬੋਤਲ ਨਾਲ ਦੁੱਧ ਪੀਣ ਨਾਲ ਤੇ ਅੰਗੂਠਾ ਚੂਸਣ ਨਾਲ ਇਨਫੈਕਸ਼ਨ ਦੇ ਜਰਾਸੀਨ ਮੂੰਹ ਤੋਂ ਹੁੰਦੇ ਹੋਏ ਪੇਟ ਵਿਚ ਚਲੇ ਜਾਂਦੇ ਹਨ। ਪੇਟ ਵਿਚ ਅਮੀਬਾ ਤੇ ਪੇਟ ਦੇ ਕੀੜੇ ਵੀ ਹੈਜ਼ਾ ਹੋਣ ਦਾ ਕਾਰਨ ਹੋ ਸਕਦੇ ਹਨ। ਬੇਹਾ ਭੋਜਨ ਖਾਣ ਨਾਲ ਵੀ ਹੈਜ਼ਾ ਰੋਗ ਹੋ ਸਕਦਾ ਹੈ। ਜਿਸ ਨੂੰ ਡਾਕਟਰੀ ਭਾਸ਼ਾ ਵਿਚ ਫੂਡ ਪੁਆਜਨਿੰਗ ਕਹਿੰਦੇ ਹਨ। ਇਹ ਵਾਇਰਸ, ਬੈਕਟੀਰੀਅਲ, ਪ੍ਰੋਟੋਜੋਆ ਜਾਂ ਬੇਲੋੜੀ ਐਂਟੀਬਾਓਟਿਕ ਦਵਾਈਆਂ ਦੀ ਵਰਤੋ ਨਾਲ ਡਾਇਰੀਆ ਰੋਗ ਹੋ ਸਕਦਾ ਹੈ।

### ਅਲਾਮਤਾਂ

- *ਪੇਟ ਦਰਦ ਤੇ ਬੁਖ਼ਾਰ ਹੋ ਜਾਣਾ।*
- *ਮੂੰਹ ਦਾ ਸੁਕਣਾ, ਪਾਣੀ ਦੀ ਪਿਆਸ ਜ਼ਿਆਦਾ ਲੱਗਣਾ ਤੇ ਮਾਸਪੇਸ਼ੀਆਂ ਵਿਚ ਦਰਦ ਹੋਣਾ।*
- *ਅੱਖਾਂ ਦਾ ਅੰਦਰ ਨੂੰ ਚੱਲ ਜਾਣਾ ਤੇ ਸਰੀਰ ਨਿਢਾਲ ਹੋ ਜਾਂਦਾ ਹੈ।*
- *ਸਰੀਰ ਦਾ ਤਾਪਮਾਨ ਘੱਟ ਜਾਂਦਾ ਹੈ।*
- *ਪਿਸ਼ਾਬ ਦਾ ਨਾ ਬਨਣਾ।*
- *ਸਿਰਦਰਦ ਤੇ ਚੱਕਰ ਆਉਣਾ।*
- *ਚਮੜੀ ਦਾ ਢਿੱਲੇ ਪੈ ਜਾਣਾ।*
- *ਚਿੜਚਿੜਾਪਨ ਤੇ ਬੇਚੈਨੀ ਹੋਣਾ।*
- *ਬੇਹੋਸ਼ ਹੋ ਜਾਣਾ।*

*ਸਰੀਰ ਵਿਚ ਪਾਣੀ ਤੇ ਲੂਣ ਦੀ ਘਾਟ ਕਰਕੇ ਸਰੀਰ ਨਿਢਾਲ ਹੋ ਜਾਂਦਾ ਹੈ। ਇਸ ਹਾਲਤ ਵਿਚ ਮਰੀਜ਼ ਨੂੰ ਹਸਪਤਾਲ ਵਿਚ ਦਾਖ਼ਲ ਕਰਕੇ ਨਾੜੀ ਰਾਹੀ ਗੁਲੂਕੋਜ਼ ਸਿਲਾਈਨ ਵਾਟਰ ਦੇਣਾ ਜ਼ਰੂਰੀ ਹੈ।*

### ਇਲਾਜ

- ਹੈਜੇ ਲਈ ਸਾਫ਼-ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ।
- ਆਪਣੇ ਆਪ ਐਂਟੀ ਬਾਇਓਟਿਕ ਦਵਾਈਆਂ ਦੀ ਵਰਤੋ ਨਹੀਂ ਕਰਨੀ ਚਾਹੀਦੀ ਹੈ।
- ਭੋਜਨ ਖਾਣ ਤੋ ਪਹਿਲਾਂ ਤੇ ਬਾਅਦ ਵਿਚ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ।



- ਕੱਚੇ ਨਾਰੀਅਲ ਦਾ ਪਾਣੀ, ਸੰਕਜਵੀ, ਖਿਚੜੀ, ਚੌਲਾਂ ਦਾ ਪਾਣੀ, ਸੂਜੀ ਦੀ ਖੀਰ, ਕੇਲਾ, ਲੱਸੀ ਅਤੇ ਦਹੀਂ ਖਾਣਾ ਚਾਹੀਦਾ ਹੈ।
- ਜੂਸ, ਕੋਕ, ਬੋਤਲ ਦਾ ਦੁੱਧ, ਜ਼ਿਆਦਾ ਖੰਡ, ਚਾਹ, ਕੌਫੀ ਤੇ ਮਸਾਲੇਦਾਰ ਭੋਜਨ ਨਾ ਵਰਤੋਂ।
- ਬਿਮਾਰੀ ਫੈਲਣ ’ਤੇ ਉਬਲਿਆ ਹੋਇਆ ਪਾਣੀ ਪੀਣਾ ਲਾਭਦਾਇਕ ਹੈ ਕਿਉਂਕਿ ਗਰਮ ਹੋਣ ’ਤੇ ਪਾਣੀ ਦੇ ਕੀਟਾਣੂ ਨਸ਼ਟ ਹੋ ਜਾਂਦੇ ਹਨ। ਕਿਸੇ ਵੀ ਪੈਥੀ ਨਾਲ ਇਲਾਜ ਕਰਵਾਉਣ ਤੋਂ ਪਹਿਲਾਂ ਡਾਕਟਰ ਨਾਲ ਮਿਲਣਾ ਚਾਹੀਦਾ ਹੈ। ਆਪਣੇ ਆਪ ਕੀਤੇ ਗਏ ਇਲਾਜ ਜਾਨਲੇਵਾ ਹੋ ਸਕਦੇ ਹਨ। ਇਸ ਕਰਕੇ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਇਸ ਦੇ ਲੱਛਣ ਪਛਾਣ ਕੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

9779884393

# ਬੇਔਲਾਦ ਜੋੜਿਆਂ ਦੀ ਆਸ ਟੈਸਟ ਟਿਊਬ ਬੇਬੀ

ਗੁਰਜੀਵਨ ਸਿੰਘ ਸਿੱਧੂ

ਹਰ ਮਨੁੱਖ ਦਾ ਇਹ ਸੁਪਨਾ ਹੁੰਦਾ ਹੈ ਕਿ ਵਿਆਹ ਤੋਂ ਬਾਅਦ ਉਸ ਦੇ ਘਰ ਨੰਨੇ ਮੁੰਨੇ ਬੱਚਿਆਂ ਦੀਆਂ ਕਿਲਕਾਰੀਆਂ ਸੁਣਾਈ ਦੇਣ। ਜਦ ਔਰਤ ਗਰਭਵਤੀ ਹੋ ਜਾਂਦੀ ਹੈ ਤਾਂ ਉਹ ਬਹੁਤ ਖ਼ੁਸ਼ੀ ਮਹਿਸੂਸ ਕਰਦੀ ਹੈ ਅਤੇ ਉਸ ਲਈ ਉਹ ਦਿਨ ਬੜ੍ਹਾ ਹੀ ਸੁਭਾਗਾ ਹੁੰਦਾ ਹੈ ਜਦੋਂ ਆਪਣੇ ਪੇਟ ’ਚੋਂ ਬੱਚੇ ਨੂੰ ਜਨਮ ਦੇ ਕੇ ਮਾਂ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਜਨੇਪੇ ਦੌਰਾਨ ਉਠੀਆਂ ਪੀੜਾਂ ਦਾ ਦਰਦ ਬੱਚੇ ਦੀ ਪਹਿਲੀ ਕਿਲਕਾਰੀ ਨਾਲ ਉਸ ਨੂੰ ਭੁੱਲਣਾ ਸ਼ੁਰੂ ਹੋ ਜਾਂਦਾ ਹੈ। ਸਮਾਜ ਅੰਦਰ ਔਰਤ ਦੇ ਸੰਤਾਨ ਨਾ ਪੈਦਾ ਹੋਣ ’ਤੇ ਉਸਨੂੰ ਅਦੂਰੀ ਹੀ ਮੰਨਿਆ ਜਾਂਦਾ ਹੈ ਪੁਰਾਣੇ ਜ਼ਮਾਨਿਆਂ ਵਿਚ ਅਜਿਹੀ ਸਥਿਤੀ ਪੈਦਾ ਹੋ ਜਾਣ ’ਤੇ ਉਸ ਨੂੰ ਆਪਣੇ ਸਰੀਕੇ ਦੀਆਂ ਔਰਤਾਂ ਦੇ ਤਾਨਿਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਨੁਕਸ ਮਰਦ ਵਿਚ ਹੁੰਦਾ ਸੀ ਤੇ ਸੁਣਾਇਆ ਔਰਤ ਨੂੰ ਜਾਂਦਾ ਸੀ ਕਿਉਂਕਿ ਉਸ ਸਮੇਂ ਸਰੀਰਿਕ ਜਾਂਚ ਲਈ ਬਹੁਤੀ ਤਕਨੀਕ ਨਹੀਂ ਹੁੰਦੀ ਸੀ। ਸਮੇਂ ਦੇ ਨਾਲ-ਨਾਲ ਜਿਵੇਂ ਵਿਗਿਆਨ ਨੇ ਤਰੱਕੀ ਕੀਤੀ ਹੈ ਉਸੇ ਤਰ੍ਹਾਂ ਹੀ ਬੇਔਲਾਦ ਜੋੜਿਆਂ ਲਈ ਟੈਸਟ ਟਿਊਬ ਬੇਬੀ ਖ਼ੁਸ਼ੀ ਦੀ ਕਿਰਨ ਵਿਖਾਈ ਦਿੰਦੀ ਹੈ। ਇਸ ਵਿਧੀ ਰਾਹੀ ਔਰਤ ਆਪਣੀ ਕੁੱਖੋਂ ਆਪਣੀ ਮਮਤਾ ਨੂੰ ਜਨਮ ਦੇ ਸਕਦੀ ਹੈ।

### ਬਾਂਝਪਨ ਕੀ ਹੈ?

ਵਿਆਹ ਤੋਂ ਬਾਅਦ ਜਿਨ੍ਹਾਂ ਜੋੜਿਆਂ ਦੇ ਔਲਾਦ ਨਹੀਂ ਹੁੰਦੀ ਉਸਨੂੰ ਬਾਂਝਪਨ ਕਿਹਾ ਜਾਂਦਾ ਹੈ। ਦਸ ਤੋਂ ਪੰਦਰ੍ਹਾ ਫ਼ੀਸਦੀ ਜੋੜਿਆਂ ਵਿਚ ਬਾਂਝਪਨ ਦੀ ਸਮੱਸਿਆ ਪਾਈ ਗਈ ਹੈ। ਪ੍ਰਦੂਸ਼ਣ ਖਾਣ-ਪੀਣ ਵਾਲੀਆਂ ਵਸਤੂਆਂ ਵਿਚ ਮਿਲਾਵਟ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਦਿਲ ਦੇ ਰੋਗ, ਨਸ਼ਿਆਂ ਦੀ ਵਰਤੋਂ ਤੇ ਸ਼ਰਾਬ ਦਾ ਸੇਵਨ ਆਦਿ ਬਾਂਝਪਨ ਹੋਣ ਦੇ ਵੱਡੇ ਕਾਰਨ ਹਨ ਪਰ ਅੱਜ ਦੇ ਵਿਗਿਆਨਕ ਯੁੱਗ ਵਿਚ ਇਸ ਦਾ ਇਲਾਜ ਸੰਭਵ ਹੈ।

### ਇਲਾਜ

ਵਿਆਹ ਤੋਂ ਤਕਰੀਬਨ ਇਕ ਸਾਲ ਬੀਤ ਜਾਣ ’ਤੇ ਜੇ ਔਰਤ ਗਰਭਧਾਰਨ ਨਹੀਂ ਕਰ ਪਾਉਂਦੀ ਤਾਂ ਮਰਦ ਅਤੇ ਔਰਤ ਨੂੰ ਕਿਸੇ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਲੋੜੀਂਦੀ ਜਾਂਚ ਕਰਵਾਉਣੀ ਚਾਹੀਦੀ ਹੈ। ਬੇਔਲਾਦ ਜੋੜਿਆਂ ਦੇ ਬੱਚਾਂ ਪੈਦਾ ਕਰਨ ਲਈ ਨਵੀਂ ਤਕਨੀਕ ਦੇ ਯੰਤਰਾਂ ਨਾਲ ਵੱਖ ਵੱਖ ਟੈਸਟ ਕਰਕੇ ਉਨ੍ਹਾਂ ਦਾ ਇਲਾਜ ਬਿਲਕੁਲ ਸੰਭਵ ਹੈ।



### ਕਾਰਨ

*ਬਾਂਝਪਨ ਮਰਦ ਅਤੇ ਔਰਤ ਦੋਵਾਂ ਵਿਚ ਹੀ ਹੋ ਸਕਦਾ ਹੈ। ਔਰਤ ਦੀ ਅੰਡੇਦਾਨੀ ਜਾਂ ਬੱਚੇਦਾਨੀ ’ਚ ਰਸੌਲੀਆਂ, ਟਿਊਬਾਂ ਦਾ ਬੰਦ ਹੋਣਾ, ਮਹਾਂਵਾਰੀ ਦਾ ਠੀਕ ਸਮੇਂ ਤੇ ਨਾ ਆਉਣਾ, ਹਾਰਮੋਨਜ਼ ਦੀ ਸਮੱਸਿਆ ਅਤੇ ਪੁਰਸ਼ਾਂ ਵਿਚ ਸਕਰਾਣੂਆਂ ਦੀ ਘੱਟ ਹੋਣਾ, ਬਿਲਕੁਲ ਵੀ ਨਾ ਹੋਣਾ ਜਾਂ ਫਿਰ ਵਧੀਆਂ ਕੁਆਲਟੀ ਦੇ ਸਕਰਾਣੂਆਂ ਦੀ ਘਾਟ ਬਾਂਝਪਨ ਦੇ ਮੁੱਖ ਕਾਰਨ ਹਨ। ਹਾਰਮੋਨਜ਼ ਸਰੀਰ ਵਿਚ ਕੁਝ ਖ਼ਾਸ ਗਿਲਟੀਆਂ ਵਿੱਚੋਂ ਪੈਦਾ ਹੋਣ ਵਾਲਾ ਰਸ ਹੈ ਜੋ ਸਿੱਧੇ ਹੀ ਲਹੂ ਵਿਚ ਘੁਲਦਾ ਹੈ। ਹਾਰਮੋਨਜ਼ ਦਾ ਸਾਡੀ ਜ਼ਿੰਦਗੀ ਵਿਚ ਬਹੁਤ ਵੱਡਾ ਮਹੱਤਵ ਹੈ। ਇਸਤਰੀਆਂ ਵਿਚ ਕਈ ਪ੍ਰਕਾਰ ਦੇ ਹਾਰਮੋਨਜ਼ ਦੇ ਵਾਧੇ ਘਾਟੇ ਹੋ ਸਕਦੇ ਹਨ ਅਤੇ ਔਰਤ ਦੀ ਸਰੀਰਿਕ ਜਾਂਚ ਤੋਂ ਇਲਾਵਾ ਹਾਰਰਮੋਨਜ਼ ਜਾਂਚ ਵੀ ਜ਼ਰੂਰ ਕਰਵਾਉਣੀ ਚਾਹੀਦੀ ਹੈ ਤਾਂ ਜੋ ਹਾਰਮੋਨਜ਼ ਦਾ ਪੂਰਾ ਪਤਾ ਲੱਗ ਸਕੇ। ਔਰਤ ਜਾਂ ਮਰਦ ਦੇ ਹਾਰਮੋਨਜ਼ ਦੀ ਮਾਤਰਾ ਨੂੰ ਸਹੀ ਕਰਨ ’ਤੇ ਹੀ ਉਹ ਆਪਣੀ ਸੰਤਾਨ ਲੈ ਸਕਦੇ ਹਨ।*

### ਅਲਟਰਾਸਾਊਂਡ

ਇਸ ਰਾਹੀ ਸਾਨੂੰ ਇਸਤਰੀ ਦੇ ਅੰਡਕੋਸ਼, ਬੱਚੇਦਾਨੀ ਅਤੇ ਟਿਊਬਾਂ ਦੀ ਜਾਂਚ ਕਰਨ ਵਿਚ ਮਦਦ ਮਿਲਦੀ ਹੈ। ਸਭ ਤੋਂ ਪਹਿਲਾ ਔਰਤ ਅਤੇ ਪੁਰਸ਼ ਦੇ ਟੈਸਟ ਕਰਕੇ ਬਾਂਝਪਨ ਦਾ ਸਹੀ ਕਾਰਨ ਲੱਭਿਆ ਜਾਂਦਾ ਹੈ। ਬਹੁਤ ਸਾਰੇ ਕੇਸਾਂ ਵਿਚ ਬਾਂਝਪਨ ਦੀ ਸਮੱਸਿਆ ਦਵਾਈਆਂ ਨਾਲ ਹੀ ਹੱਲ ਹੋ ਜਾਂਦੀ ਹੈ। ਜੇ ਬੱਚੇਦਾਨੀ ਜਾਂ ਅੰਡੇਦਾਨੀ ’ਚ ਰਸੌਲੀਆਂ ਹੋਣ ਤਾਂ ਅਪ੍ਰੇਸ਼ਨ ਵੀ ਕਰਨਾ ਪੈ ਸਕਦਾ ਹੈ। ਟਿਊਬਾਂ ਬੰਦ ਹੋਣ ਦੀ ਹਾਲਤ ਵਿਚ ਜਾਂ ਜਿਥੇ ਕੋਈ ਕਾਰਨ ਪਤਾ ਨਾ ਲੱਗੇ ਉਥੇ ਟੈਸਟ ਟਿਊਬ ਬੇਬੀ ਵਿਧੀ ਰਾਹੀ ਬਾਂਝਪਨ ਦੀ ਸਮੱਸਿਆ ਨੂੰ ਹੱਲ ਕਰਨ ਦਾ ਇਕ ਵਧੀਆ ਤਰੀਕਾ ਹੈ। ਇਸ ਵਿਧੀ ਨਾਲ ਅਲਟ੍ਰਾਸਾਊਡ ਕਰਕੇ ਔਰਤ ਦੀ ਅੰਡੇਦਾਨੀ ਵਿੱਚੋਂ ਅੰਡਾ ਕੱਢ ਲਿਆ ਜਾਂਦਾ ਹੈ ਅਤੇ ਇਕ ਟਰੇਅ ਵਿਚ ਮਾਇਕਰੋਸਕੋਪੀ ਦੇ ਥੱਲੇ ਰੱਖ ਕੇ ਪੁਰਸ਼ ਦੇ ਸ਼ੁਕਰਾਣੂਆਂ ਨਾਲ ਮੇਲ ਕਰਵਾਇਆ ਜਾਂਦਾ ਹੈ। ਫਿਰ 48 ਤੋਂ 72 ਘੰਟਿਆਂ ਲਈ ਇਕ ਮਸ਼ੀਨ ਵਿਚ ਰੱਖ ਦਿੱਤਾ ਜਾਂਦਾ ਹੈ। ਇਸ ਮਸ਼ੀਨ ਦੇ ਵਿਚਲਾ ਤਾਪਮਾਨ ਬਿਲਕੁਲ ਬੱਚੇਦਾਨੀ ਦੇ ਤਾਪਮਾਨ ਅਨੁਕੂਲ ਹੁੰਦਾ ਹੈ। 48 ਤੋਂ 72 ਘੰਟੇ ਬਾਅਦ ਵਿਕਸਿਤ ਹੋ ਚੁੱਕੇ ਭਰੂਣ ਨੂੰ ਔਰਤ ਦੀ ਬੱਚੇਦਾਨੀ ਵਿਚ ਆਧੁਨਿਕ ਯੰਤਰਾਂ ਨਾਲ ਰੱਖ ਦਿੱਤਾ ਜਾਂਦਾ ਹੈ। ਇਸਤਰੀ ਦੀ ਬੱਚੇਦਾਨੀ ਵਿਚ ਰੱਖੇ ਗਏ ਭਰੂਣ ਦਾ ਵਿਕਾਸ ਕੁਦਰਤੀ ਤਰੀਕੇ ਨਾਲ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਵਿਧੀ ਨੂੰ ਵਿਗਿਆਨੀ ਭਾਸ਼ਾ ਵਿਚ ਆਈਵੀਐਫ ਕਿਹਾ ਜਾਂਦਾ ਹੈ 9417079435



# ਜੋੜਾਂ ਨੂੰ ਮਜ਼ਬੂਤ ਕਰਦਾ ਹੈ ਪੌਸ਼ਟਿਕ ਭੋਜਨ

**ਜਦੋਂ ਅਸੀਂ ਖਾਣ-ਪੀਣ ਨੂੰ ਅਣਗੌਲਿਆ ਕਰਦੇ ਹਾਂ ਤਾਂ ਸਾਨੂੰ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ...**

ਡਾ. ਸੋਨਾਲੀ ਸ਼ਰਮਾ

ਉਮਰ ਦੇ ਇਕ ਪੜਾਅ ਤੋਂ ਬਾਅਦ ਲੋਕੀ ਭੁੱਲ ਜਾਂਦੇ ਹਨ ਕਿ ਪ੍ਰਮਾਤਮਾ ਨੇ ਉਨਾਂ ਦਾ ਸਰੀਰ ਕਿੰਨਾ ਅਦਭੁੱਤ ਬਣਾਇਆ ਹੈ। ਪੌਸ਼ਟਿਕ ਭੋਜਨ ਸਾਡੇ ਸਰੀਰ ਲਈ ਬੇਹੱਦ ਜ਼ਰੂਰੀ ਹੈ। ਕੋਈ ਵੀ ਭੁੱਖਾ ਨਹੀਂ ਰਹਿ ਸਕਦਾ ਪਰ ਸਵਾਲ ਇਹ ਉੱਠਦਾ ਹੈ ਕਿ ਭੁੱਖ ਮਿਟਾਉਣ ਲਈ ਅਸੀਂ ਕੀ ਖਾ ਰਹੇ ਹਾਂ। ਜਦੋਂ ਅਸੀਂ ਖਾਣ-ਪੀਣ ਨੂੰ ਅਣਗੌਲਿਆ ਕਰਦੇ ਜਾਂ ਘਰ ਦਾ ਛੱਡ ਕੇ ਬਾਹਰ ਦਾ ਖਾਦੇ ਹਾਂ ਤਾਂ ਇਨਸਾਨ ਨੂੰ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਗੱਲ ਕਰਦੇ ਹਾਂ ਜੋੜਾਂ ਦੀ ਇਹ ਸਮੱਸਿਆ ਆਮ ਹੋ ਗਈ ਹੈ ਹਰ ਕੋਈ ਵਿਅਕਤੀ ਇਸ ਤੋਂ ਪਰੇਸ਼ਾਨ ਹੈ। ਜੋੜਾਂ ਦਾ ਦਰਦ ਵਧਦੀ ਉਮਰ ਦੇ ਨਾਲ-ਨਾਲ ਇਹ ਵੀ ਵਧਦਾ ਜਾਂਦਾ ਹੈ। ਇਹ ਹੌਲੀ-ਹੌਲੀ ਜੋੜਾਂ ਨੂੰ ਖ਼ਰਾਬ ਕਰ ਦਿੰਦਾ ਹੈ ਅਤੇ ਤੁਰਨ-ਫਿਰਨ ’ਚ ਵੀ ਮੁਸ਼ਕਿਲ ਹੋਣ ਲਗਦੀ ਹੈ। ਇਸ ਦਾ ਕਾਰਨ ਕੋਈ ਪੁਰਾਣੀ ਸੱਟ ਵੀ ਹੋ ਸਕਦੀ ਹੈ, ਜੋੜਾਂ ਦੀ ਬਿਮਾਰੀ, ਜੋੜਾਂ ਦਾ ਘਸ ਜਾਣਾ, ਜੋੜਾਂ ’ਚ ਖਿਚ ਪੈਣਾ ਜਾਂ ਫਿਰ ਸਾਡਾ ਖਾਣ ਪੀਣ ਵੀ ਹੋ ਸਕਦਾ ਹੈ। ਬਹੁਤ ਸਾਲਾਂ ਤੋਂ ਲੋਕ ਮੰਨਦੇ ਆ ਰਹੇ ਹਨ ਕਿ ਭੋਜਨ ’ਚ ਕੁਝ ਖ਼ਾਸ ਪਦਾਰਥ ਸ਼ਾਮਿਲ ਕਰਨ ਨਾਲ ਉਨ੍ਹਾਂ ਦੇ ਜੋੜਾਂ ਦੀ ਦਰਦ ਅਤੇ ਸੋਜਿਸ਼ ਘੱਟ ਹੋਈ ਹੈ। ਮਾਹਿਰ ਕਾਫ਼ੀ ਸਾਲਾਂ ਤੋਂ ਜੋੜਾਂ ਦੇ ਦਰਦ ਨੂੰ ਘਟਾਉਣ ’ਚ ਭੋਜਨ ਅਤੇ ਮਸਾਲਿਆਂ ਦੀ ਭੂਮਿਕਾ ਅਤੇ ਇਸਦੇ ਪਿੱਛੇ ਲੁਕੇ ਕਾਰਨਾਂ ਦਾ ਅਧਿਐਨ ਕਰਦੇ ਆ ਰਹੇ ਹਨ। ਚੰਗੀ ਸਿਹਤ ਤੇ ਜੋੜਾਂ ਦੇ ਦਰਦ ਲਈ ਵਿਅਕਤੀ ਨੂੰ ਆਪਣੇ ਭੋਜਨ ’ਚ ਪੌਸ਼ਟਿਕ ਆਹਾਰ ਅਤੇ ਬਹੁਤ ਸਾਰੇ ਫਲ਼, ਸਬਜ਼ੀਆਂ, ਸਾਬਤ ਦਾਲਾਂ, ਦੁੱਧ, ਦਹੀਂ, ਘਿਓ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਜੋੜਾਂ ਦੇ ਦਰਦ ਤੋਂ ਮੁਕਤੀ ਪਾਉਣ ਲਈ ਕੋਈ ਥੈਰੇਪੀ ਜਾਂ ਦਵਾਈਆਂ ਹੀ ਨਹੀਂ। ਪੌਸ਼ਟਿਕ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ। ਭੋਜਨ ’ਚ ਕੁਝ ਅਜਿਹੇ ਪੌਸ਼ਟਿਕ ਤੱਤ ਸ਼ਾਮਿਲ ਹੁੰਦੇ ਹਨ ਜੋ ਜੋੜਾਂ ਨੂੰ ਮਜ਼ਬੂਤ ਅਤੇ ਸੋਜਿਸ਼ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜੋੜਾਂ ਦੇ ਦਰਦ ਨੂੰ ਦੂਰ ਕਰਨ ’ਚ ਸੰਤੁਲਿਤ ਆਹਾਰ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਸਾਈਨੋਵਿਅਮ ਇਕ ਅਜਿਹਾ ਟਿਸ਼ੂ ਹੈ ਜੋ ਜੋੜਾਂ ਦੀ ਅੰਦਰੂਨੀ ਪਰਤ ਨਾਲ ਜੁੜਿਆ ਹੁੰਦਾ ਹੈ ਅਤੇ ਫ੍ਰੀ ਰੈਡੀਕਲਜ਼ ਦੇ ਕਾਰਨ ਜਲਦੀ ਖ਼ਰਾਬ ਹੁੰਦਾ ਹੈ।

### ਸ਼ਰਾਬ ਅਤੇ ਤੰਬਾਕੂ

*ਅਜਿਹੇ ਉਤਪਾਦਾਂ ਦਾ ਇਸਤੇਮਾਲ ਬਹੁਤ ਸਾਰੀਆਂ ਸਿਹਤ ਸਬੰਧੀ ਮੁਸ਼ਕਿਲਾਂ ਦੀ ਜੜ੍ਹ ਹੁੰਦੇ ਹਨ। ਸਿਗਰੇਟ ਪੀਣ ਵਾਲਿਆਂ ਨੂੰ ਫੇਫੜਿਆਂ ਸਬੰਧੀ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਰਾਬ ਦਾ ਸੇਵਨ ਕਰਨ ਵਾਲਿਆਂ ਨੂੰ ਗਠੀਆ ਹੋਣ ਦੀ ਵਧੇਰੇ ਸੰਭਾਵਨਾ ਰਹਿੰਦੀ ਹੈ।*

### ਹਰੀਆਂ ਸਬਜ਼ੀਆਂ

*ਚੰਗੀ ਸਿਹਤ ਬਣਾਉਣ ਲਈ ਹਰੀਆਂ ਸਬਜ਼ੀਆਂ ਤੇ ਰੇਸ਼ੇਦਾਰ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਜੇ ਤੁਸੀ ਜ਼ਿਆਦਾ ਸੁੱਕੀ ਸਬਜ਼ੀ ਨਹੀਂ ਖਾ ਸਕਦੇ ਤਾਂ ਇਸ ਦੇ ਨਾਲ ਦਹੀਂ ਵੀ ਲੈ ਸਕਦੇ ਹੋ। ਹਰੀਆਂ ਸਬਜ਼ੀਆਂ ਦਾ ਸੇਵਨ ਜੋੜਾਂ ਲਈ ਬਹੁਤ ਹੀ ਲਾਭਕਾਰੀ ਹੈ। ਸਬਜ਼ੀਆਂ ਦੇ ਨਾਲ-ਨਾਲ ਦਾਲਾਂ ਦਾ ਵੀ ਇਸਤੇਮਾਲ ਕਰਨਾ ਚਾਹੀਦਾ ਹੈ।*



### ਸ਼ੂਗਰ

ਮਿੱਠੇ ਦੀ ਵਧੇਰੇ ਮਾਤਰਾ ਸਰੀਰ ਲਈ ਬਹੁਤ ਹੀ ਨੁਕਸਾਨਦਾਇਕ ਹੈ। ਵਧੇਰੇ ਕੈਲੋਰੀਜ਼ ਹੋਣ ਕਾਰਨ ਸਰੀਰ ਦਾ ਭਾਰ ਵੀ ਵਧਦਾ ਹੈ, ਜਿਸ ਨਾਲ ਜੋੜਾਂ ’ਤੇ ਦਬਾਅ ਵੱਧ ਜਾਂਦਾ ਹੈ ਅਤੇ ਦਰਦ ਦੇ ਨਾਲ-ਨਾਲ ਜੋੜਾਂ ’ਤੇ ਸੋਜ ਵੀ ਪੈ ਜਾਂਦੀ ਹੈ।

### ਨਮਕ

ਲੰਬੀ ਉਮਰ ਲਈ ਵਧੇਰੇ ਨਮਕ ਖਾਣ ਤੋਂ ਬਚਣਾ ਚਾਹੀਦਾ ਹੈ। ਨਮਕ ਦੀ ਵਧੇਰੇ ਮਾਤਰਾ ਜੋੜਾਂ ’ਚ ਸੋਜਿਸ਼ ਦਾ ਕਾਰਨ ਬਣਦਾ ਹੈ।

### ਓਮੇਗਾ-6 ਫੈਟੀ ਐਸਿਡ

ਬਾਜ਼ਾਰ ’ਚ ਓਮੇਗਾ-6 ਫੈਟੀ ਐਸਿਡ ਵਾਲੇ ਤਲ਼ੇ ਹੋਏ ਭੋਜਨ ਪਦਾਰਥ ਬਹੁਤ ਮਿਲਦੇ ਹਨ।

ਇਹ ਤੁਹਾਨੂੰ ਖਾਣ ’ਚ ਤਾਂ ਬਹੁਤ ਸਵਾਦ ਲਗਦੇ ਹਨ ਪਰ ਇਹ ਸਰੀਰ ’ਚ ਸੋਜਿਸ਼ ਦਾ ਕਾਰਨ ਬਣਦੇ ਹਨ।

### ਅੰਡੇ

ਅੰਡੇ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਨਿਯਮਿਤ ਰੂਪ ਨਾਲ ਅੰਡੇ ਖਾਣ ਨਾਲ ਜੋੜਾਂ ਦਾ ਦਰਦ ਅਤੇ ਸੋਜਿਸ਼ ਵਧ ਸਕਦੀ ਹੈ। ਅੰਡੇ ਦੀ ਜ਼ਰਦੀ ’ਚ ਅਜਿਹਾ ਐਸਿਡ ਹੁੰਦਾ ਹੈ ਜੋ ਅਜਿਹੇ ਐਨਜਾਇਮ ਪੈਦਾ ਕਰਦਾ ਹੈ ਜਿਸ ਨਾਲ ਸੋਜ ਵੱਧ ਜਾਂਦੀ ਹੈ। ਅਜਿਹੇ ਭੋਜਨ ਪਦਾਰਥਾਂ ਦਾ ਤਿਆਗ ਕੇ ਅਜਿਹਾ ਭੋਜਨ ਚੁਣੋ ਜਿਸਦਾ ਤੁਹਾਡੀ ਸਿਹਤ ਨੂੰ ਫ਼ਾਇਦਾ ਵੀ ਮਿਲੇ ਅਤੇ ਤੁਸੀਂ ਤੰਦਰੁਸਤ ਵੀ ਰਹੋ।

### ਲਸਣ

ਲਸਣ ਦੇ ਸੇਵਨ ਨਾਲ ਖ਼ੂਨ ਦਾ ਦੌਰਾ ਸਹੀ ਚੱਲਦਾ ਰਹਿੰਦਾ ਹੈ। ਜੇ ਕਿਸੇ ਇਨਸਾਨ ਦਾ ਖ਼ੂਨ ਪਤਲਾ ਹੁੰਦਾ ਹੈ ਤਾਂ ਉਸ ਨੂੰ ਲਸਣ ਦਾ ਸੇਵਨ ਕਰਨਾ ਚਾਹੀਦਾ ਹੈ।

### ਹਲਦੀ

ਹਲਦੀ ਨੂੰ ਦਰਦ ਅਤੇ ਸੋਜਿਸ਼ ਦੂਰ ਕਰਨ ਵਾਲਾ ਸਰਬੋਤਮ ਮਸਲਾ ਮੰਨਿਆ ਜਾਂਦਾ ਹੈ। ਹਲਦੀ ’ਚ ਕਰਕੁਮਿਨ ਨਾਮਕ ਪਦਾਰਥ ਪਾਇਆ ਜਾਂਦਾ ਹੈ ਜੋ ਜੋੜਾਂ ’ਚ ਸੋਜਿਸ਼ ਨੂੰ ਰੋਕਣ ’ਚ ਲਾਭਦਾਇਕ ਹੁੰਦਾ ਹੈ। ਭਾਰਤ ’ਚ ਇਸ ਦਾ ਇਸਤੇਮਾਲ ਸਦੀਆਂ ਤੋਂ ਸੋਜਿਸ਼ ਅਤੇ ਦਰਦ ਸਬੰਧੀ ਰੋਗਾਂ ਦੇ ਇਲਾਜ ਲਈ ਹੁੰਦਾ ਆ ਰਿਹਾ ਹੈ।

### ਫੈਟੀ ਮੱਛੀ

ਜੇ ਤੁਸੀਂ ਮਾਸਾਹਾਰੀ ਹੋ ਅਤੇ ਇਸ ਦਾ ਤਿਆਗ ਨਹੀਂ ਕਰ ਸਕਦੇ ਤਾਂ ਫੈਟੀ ਮੱਛੀ ਜਿਵੇਂ ਕਿ ਸੇਲਮੋਨ, ਟੂਨਾ, ਟ੍ਰਾਊਟ ਅਤੇ ਮੈਕਰੀਲ ਆਦਿ ਦਾ ਇਸਤੇਮਾਲ ਕਰੋ। ਇਸ ਨਾਲ ਸੋਜਿਸ਼ ਅਤੇ ਦਰਦ ਦੂਰ ਹੋ ਸਕਦੀ ਹੈ। ਇਨ੍ਹਾਂ ’ਚ ਓਮੇਗਾ-3 ਫੈਟੀ ਐਸਿਡ ਦੀ ਭਰਪੂਰ ਮਾਤਰਾ ਹੁੰਦੀ ਹੈ। ਲਾਭ ਲਈ ਹਰ ਹਫ਼ਤੇ ਮੱਛੀ ਖਾਓ।

# ਸਾਉਣੀ ਫ਼ਸਲਾਂ ਲਈ ਵੀਰ ਕਿਸਾਨੋ ਫਾਸਫੋਰਸ ਦਾ ਸੁਚੱਜਾ ਪ੍ਰਬੰਧ



ਅਜੋਕੀ ਖੇਤੀ ਵਿਚ ਫ਼ਸਲਾਂ ਦੇ ਚੰਗੇ ਝਾੜ ਵਿਚ ਖ਼ਾਦਾਂ ਦੀ ਅਹਿਮ ਭੂਮਿਕਾ ਹੋਣ ਦੇ ਨਾਲ ਨਾਲ ਖਾਦਾਂ ਦਾ ਖੇਤੀ ਖ਼ਰਚਿਆਂ ਵਿਚ ਵੀ ਵੱਡਾ ਹਿੱਸਾ ਹੈ। ਇਸ ਲਈ ਖਾਦਾਂ ਦੀ ਵਰਤੋਂ ਬੜੇ ਸੰਜਮ ਨਾਲ ਕਰਨੀ ਚਾਹੀਦੀ ਹੈ। ਲੋੜ ਨਾਲੋਂ ਘੱਟ ਖਾਦਾਂ ਦੀ ਵਰਤੋਂ ਨਾਲ ਜਿੱਥੇ ਫ਼ਸਲਾਂ ਤੋਂ ਪੂਰਾ ਝਾੜ ਨਹੀਂ ਲਿਆ ਜਾ ਸਕਦਾ, ਉਸ ਦੇ ਨਾਲ-ਨਾਲ ਲੋੜ ਨਾਲੋਂ ਵੱਧ ਖਾਦਾਂ ਦੀ ਵਰਤੋਂ ਵੀ ਚੰਗੇ ਝਾੜ ਦੀ ਗਰੰਟੀ ਨਹੀਂ ਹੈ। ਇਸ ਲਈ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਇਹ ਦੇਖਿਆ ਗਿਆ ਹੈ ਕਿ ਜਿਹੜੀ ਫਾਸਫੋਰਸ ਖ਼ਾਦ ਹਾੜ੍ਹੀ ਦੀ ਫ਼ਸਲ ਵਿਚ ਪਾਈ ਜਾਂਦੀ ਹੈ ਉਸ ਵਿਚੋਂ 15-30 ਪ੍ਰਤੀਸ਼ਤ ਫਾਸਫੋਰਸ ਹੀ ਹਾੜ੍ਹੀ ਦੀ ਫ਼ਸਲ ਨੂੰ ਪ੍ਰਾਪਤ ਹੁੰਦੀ ਹੈ ਅਤੇ ਬਾਕੀ ਫਾਸਫੋਰਸ ਜ਼ਮੀਨ ਵਿਚ ਪਈ ਰਹਿੰਦੀ ਹੈ। ਸਾਉਣੀ ਦੇ ਮੌਸਮ ਵਿਚ ਜਦੋਂ ਤਾਪਮਾਨ ਵਧਦਾ ਹੈ ਤਾਂ ਉਹੀ ਫਾਸਫੋਰਸ ਸਾਉਣੀ ਦੀ ਫ਼ਸਲ ਨੂੰ ਮਿਲ ਜਾਂਦੀ ਹੈ। ਇਸ ਲਈ ਜੇਕਰ ਝੋਨੇ, ਬਾਸਮਤੀ, ਮੱਕੀ, ਨਰਮਾ ਅਤੇ ਮੂੰਗਫਲੀ ਤੋਂ ਪਹਿਲਾਂ ਕਣਕ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਵਿਚ ਫਾਸਫੋਰਸ ਤੱਤ ਪਾਇਆ ਹੋਵੇ ਤਾਂ ਸਾਉਣੀ ਵਿਚ ਇਨ੍ਹਾਂ ਫ਼ਸਲਾਂ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਜੇ ਸਿਫ਼ਾਰਸ਼ ਕੀਤੀ ਫਾਸਫੋਰਸ, ਸੋਇਆਬੀਨ ਤੋਂ ਪਹਿਲਾਂ ਬੀਜੀ ਕਣਕ ਨੂੰ ਪਾਈ ਗਈ ਹੋਵੇ ਤਾਂ ਸੋਇਆਬੀਨ ਦੀ ਫ਼ਸਲ ਨੂੰ 32 ਕਿਲੋ ਫਾਸਫੋਰਸ ਪ੍ਰਤੀ ਏਕੜ ਦੀ ਥਾਂ 24 ਕਿਲੋ ਫਾਸਫੋਰਸ ਹੀ ਪਾਉਣੀ ਚਾਹੀਦੀ ਹੈ। ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਦੀ ਪੂਰਤੀ ਲਈ ਡੀਏਪੀ ਖ਼ਾਦ ਦੀ ਥਾਂ ਸਿੰਗਲ ਸੁਪਰ ਫਾਸਫੇਟ ਖ਼ਾਦ ਨੂੰ ਤਰਜੀਹ ਦੇਣੀ ਚਾਹੀਦੀ ਹੈ।

**• ਆਰ ਐੱਸ ਗਿੱਲ**

ਭੂਮੀ ਵਿਗਿਆਨ ਵਿਭਾਗ (ਮੋਬਾਈਲ : 98785-00598)

# ਬਰਸਾਤ ਰੁੱਤੇ ਫਲ਼ਦਾਰ ਪੌਦਿਆਂ ਦਾ ਬਚਾਅ

**ਅੰਗੂਰਾਂ ਦੀਆਂ ਵੇਲਾਂ ਨੂੰ ਟਾਹਣੀਆਂ ਸੁੱਕਣ ਦਾ ਰੋਗ ਵੀ ਇਸ ਰੁੱਤੇ ਲੱਗਦਾ ਹੈ। ਇਸ ਬਿਮਾਰੀ ਕਰਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਗੋਲੀਆਂ ਦੇ ਨਿਸ਼ਾਨ ਵਾਂਗ ਮੋਰੀਆਂ ਦਿਖਾਈ ਦਿੰਦੀਆਂ ਹਨ। ਇਸ ਦੀ ਰੋਕਥਾਮ ਲਈ ਅਗਸਤ ਦੇ ਅੱਧ ਵਿਚ ਬੋਰਡੋ ਮਿਸ਼ਰਨ ਦਾ ਛਿੜਕਾਅ ਕਰੋ...**

**• ਡਾ. ਮਨਦੀਪ ਸਿੰਘ ਗਿੱਲ**



ਪੰਜਾਬ ਵਿਚ ਬਾਗ਼ਬਾਨੀ ਖੇਤਰ ਵਿਚ ਦਿਨੋਂ ਦਿਨ ਰਕਬਾ ਵਧ ਰਿਹਾ ਹੈ ਕਿਉਂਕਿ ਮੁੱਖ ਫ਼ਸਲੀ ਚੱਕਰ ਕਣਕ, ਝੋਨੇ ਦੀ ਲਗਾਤਾਰ ਵੱਧ ਰਹੀ ਲਾਗਤ ਕਾਰਨ ਮੁਨਾਫ਼ਾ ਘੱਟ ਰਿਹਾ ਹੈ। ਬਾਗ਼ਬਾਨੀ ਇਕ ਅਜਿਹੇ ਕਿੱਤੇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਿਹਾ ਹੈ। ਜਿਸ ਨਾਲ ਵੱਧ ਰਹੀ ਆਬਾਦੀ ਦੀਆਂ ਖ਼ੁਰਾਕੀ ਜ਼ਰੂਰਤਾਂ ਦੇ ਨਾਲ ਨਾਲ ਪੌਸ਼ਟਿਕ ਲੋੜਾਂ ਵੀ ਪੂਰੀਆਂ ਹੋ ਸਕਦੀਆਂ ਹਨ। ਬਾਗ਼ਬਾਨਾਂ ਨੂੰ ਬਾਗ਼ਾਂ 'ਚੋਂ ਚੰਗਾ ਮੁਨਾਫ਼ਾ ਲੈਣ ਲਈ ਬਰਸਾਤੀ ਮੌਸਮ ਵਿਚ ਫ਼ਲਾਂ ਦੀਆਂ ਮੁੱਖ ਸਮੱਸਿਆਵਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦੀ ਲੋੜ ਪੈਂਦੀ ਹੈ।

ਫਲ਼ਦਾਰ ਪੌਦਿਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੇ ਰੋਕਥਾਮ ਬਰਸਾਤ ਦੇ ਦਿਨਾਂ ਵਿਚ ਆਮ ਤੌਰ 'ਤੇ ਕਿੰਨੂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ ਜਿਵੇਂ ਕਿ ਗੂੰਦੀਆ ਰੋਗ ਤੇ ਜੜ੍ਹਾਂ ਦਾ ਗਲਣਾ। ਜੜ੍ਹਾਂ ਦੇ ਗਲਣ ਤੋਂ ਭਾਵ ਹੈ ਬੂਟਿਆਂ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਦਾ ਗਲਣਾ ਜਿਸ ਦੀਆਂ ਮੁੱਖ ਨਿਸ਼ਾਨੀਆਂ ਹਨ ਗੂੰਦ ਨਿਕਲਣਾ, ਪੱਤੇ ਹਲਕੇ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਹੌਲੀ ਹੌਲੀ ਟਾਹਣੀਆਂ ਸੁੱਕ ਜਾਂਦੀਆਂ ਹਨ। ਇਸ ਸਮੱਸਿਆ ਦਾ ਹੱਲ ਕਰਨ ਲਈ ਗਲੀ ਹੋਈ ਛਿੱਲ ਨੂੰ ਥੋੜੀ ਜਿਹੀ ਨਰੋਈ ਛਿੱਲ ਸਮੇਤ ਚਾਕੂ ਨਾਲ ਖੁਰਚ ਕੇ ਜਖ਼ਮ ਨੂੰ ਕੀਟਾਣੂ ਰਹਿਤ ਘੋਲ ਨਾਲ ਸਾਫ਼ ਕਰੋ ਅਤੇ ਜਖ਼ਮ 'ਤੇ ਬੋਰਡੋ ਪੇਸਟ ਲਗਾ ਦੇਵੋ। ਇਸ ਉਪਰੰਤ ਜਾਂ ਤਾਂ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ ਜਾਂ ਦੋ ਵਾਰ ਰਿਡੋਮਿਲ ਐਮ.ਜੈਡ. ਜਾਂ ਮੈਟਕੋ 8-64 (2 ਗ੍ਰਾਮ ਪ੍ਰਤੀ 100 ਮਿਲੀਲੀਟਰ ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ 'ਤੇ ਬਿਮਾਰੀ ਵਾਲੇ ਤਣੇ 'ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ ਅਗਸਤ ਅਤੇ ਫਿਰ ਫਰਵਰੀ ਮਾਰਚ ਵਿਚ ਰਿਡੋਮਲ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਨਾਲ ਚੰਗੀ ਤਰਾਂ ਭਿਉਂ ਦਿਓ ਜਾਂ ਬਿਮਾਰੀ ਵਾਲੇ ਬੂਟਿਆਂ ਨੂੰ ਐਲੀਏਟ 80 ਤਾਕਤ ਦੇ ਦੋ ਸਪਰੇਅ (0.25 ਪ੍ਰਤੀਸ਼ਤ, 2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਅਪ੍ਰੈਲ ਅਤੇ ਸਤੰਬਰ ਵਿਚ ਕਰੋ ਅਤੇ ਨਾਲ ਹੀ ਜ਼ਮੀਨ ਵਿਚ ਰਿਡੋਮਿਲ ਐਮ.ਜੈਡ ਜਾਂ ਮੈਟਕੋ 8-64 (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਨੂੰ ਫਰਵਰੀ ਮਾਰਚ ਅਤੇ ਫਿਰ ਜੁਲਾਈ ਅਗਸਤ ਵਿਚ ਜ਼ਰੂਰ ਪਾਓ।

## ਅੰਗੂਰ

ਅੰਗੂਰਾਂ ਦੀਆਂ ਵੇਲਾਂ ਨੂੰ ਟਾਹਣੀਆਂ ਸੁੱਕਣ ਦਾ ਰੋਗ ਵੀ ਇਸ ਰੁੱਤੇ ਲੱਗ ਜਾਂਦਾ ਹੈ। ਇਸ ਬਿਮਾਰੀ ਕਰਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਗੋਲੀਆਂ ਦੇ ਨਿਸ਼ਾਨ ਵਾਂਗ ਮੋਰੀਆਂ ਦਿਖਾਈ ਦਿੰਦੀਆਂ ਹਨ। ਨਵੀਆਂ ਕਰੂੰਬਲਾਂ ਅਤੇ ਟਾਹਣੀਆਂ ਉਤੇ ਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ। ਫਲ਼ਾਂ ਉਤੇ ਇਹ ਚਟਾਖ਼ ਪੰਛੀ ਦੀ ਅੱਖ ਵਰਗੇ ਨਜ਼ਰ ਆਉਂਦੇ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਅਗਸਤ ਦੇ ਅੱਧ ਵਿਚ ਬੋਰਡੋ ਮਿਸ਼ਰਨ (2:2:250) ਦਾ ਛਿੜਕਾਅ ਕਰੋ। ਸਤੰਬਰ ਦੇ ਪਹਿਲੇ ਹਫਤੇ 500 ਲਿਟਰ ਪਾਣੀ ਵਿਚ 500 ਗ੍ਰਾਮ ਪ੍ਰਤੀ ਏਕੜ ਬਾਵਿਸਟਨ 50 ਘੁਲਣਸ਼ੀਲ ਦਾ ਛਿੜਕਾਅ ਕਰੋ। ਟਹਿਣੀਆਂ ਸੁੱਕਣ ਦੇ ਰੋਗ ਤੋਂ ਇਲਾਵਾ ਅੰਗੂਰਾਂ ਦੇ ਪੱਤਿਆਂ ਦੇ ਉਪਰ ਵਾਲੇ ਪਾਸੇ ਹਲਕੇ ਪੀਲੇ ਰੰਗ ਦੇ ਤੇਲ ਵਰਗੇ ਚਟਾਖ਼ ਪੈ ਜਾਦੇ ਹਨ। ਜੋ ਥੱਲੇ ਵਾਲੇ ਪਾਸਿਓਂ ਉਲੀ ਦੇ ਚਿੱਟੇ ਜੰਮ ਨਾਲ ਢੱਕੇ ਹੁੰਦੇ ਹਨ। ਇਸ ਦਾ ਅਸਰ ਨਵੇਂ ਫੁਟਾਰੇ 'ਤੇ ਵੀ ਪੈਂਦਾ ਹੈ। ਇਸ ਦੀ ਰੋਕਥਾਮ ਲਈ ਅੱਧ ਸਤੰਬਰ ਵਿਚ ਬੋਰਡੋ ਮਿਸ਼ਰਨ (2:2:250) ਦਾ 500 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰਨਾ ਚਾਹੀਦਾ ਹੈ।

## ਨਿੰਬੂ

ਨਿੰਬੂ ਜਾਤੀ ਦੇ ਬੂਟਿਆਂ ਦਾ ਟਹਿਣੀਆਂ ਦੇ ਰੋਗ ਨਾਲ ਟਹਿਣੀਆਂ ਸੁੱਕ ਜਾਂਦੀਆਂ ਹਨ। ਗੋਲ ਚਟਾਕ ਪੱਤਿਆਂ 'ਤੇ ਪੈਦਾ ਹੋਣ ਕਰਕੇ ਫਲ਼ ਗਲਣ ਲੱਗ ਜਾਂਦਾ ਹੈ। ਇਸ ਦੀ ਰੋਕਥਾਮ ਲਈ ਰੋਗੀ ਟਹਿਣੀਆਂ ਫਰਵਰੀ ਦੇ ਮਹੀਨੇ ਕੱਟ ਦਿਉ ਅਤੇ ਬੋਰਡੋ ਮਿਸ਼ਰਣ (2:2:250 ਜਾਂ 50 ਪ੍ਰਤੀਸ਼ਤ ਕੋਪਰ ਆਕਸੀਕਲੋਰਾਈਡ (0.31 ਪ੍ਰਤੀਸ਼ਤ) ਦਾ ਛਿੜਕਾਅ ਸਤੰਬਰ ਵਿਚ ਕਰੋ।

## ਅਮਰੂਦ

ਬਰਸਾਤ ਰੁੱਤ ਵਿਚ ਅਮਰੂਦ ਦੇ ਬੂਟਿਆਂ ਦਾ ਮੁਰਝਾਉਣ ਦਾ ਰੋਗ ਵੀ ਬਹੁਤ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਇਸ ਰੋਗ ਨਾਲ ਟਾਹਣੀਆਂ ਰੋਡੀਆਂ ਹੋ ਜਾਂਦੀਆਂ ਹਨ। ਪੱਤੇ ਵਿਰਲੇ ਅਤੇ ਪੀਲੇ ਹੋ ਕੇ ਮੁਰਝਾ ਜਾਂਦੇ ਹਨ। ਇਸ ਦੀ ਰੋਕਥਾਮ ਲਈ ਮਿੱਟੀ ਨੂੰ 2 ਪ੍ਰਤੀਸ਼ਤ ਫਾਰਮਾਲੀਨ ਦੇ ਘੋਲ ਨਾਲ ਗਿੱਲੀ ਕਰਕੇ ਉਪਰੋਂ ਸਰਕੰਡੇ ਜਾਂ ਗਿੱਲੀਆਂ ਬੋਰੀਆਂ ਨਾਲ ਢੱਕ ਦਿਓ ਅਮਰੂਦ ਦੇ ਸਿਹਤਮੰਦ ਬੂਟੇ ਚੰਗੇ ਪਾਣੀ ਦੇ ਨਿਕਾਸ ਵਾਲੀ ਜ਼ਮੀਨ ਵਿਚ ਲਾਓ। ਮੁਰਝਾਉਣ ਦੇ ਰੋਗ ਤੋਂ ਇਲਾਵਾ ਫਲ਼ ਦਾ ਗਲਣਾ/ਟਾਹਣੀਆਂ ਸੁੱਕਣਾ ਵੀ ਅਰਮੂਦ ਦੀ ਮੁੱਖ ਸਮੱਸਿਆ ਹੈ। ਇਸ ਦਾ ਜ਼ਿਆਦਾ ਹਮਲਾ ਪੱਕੇ ਰਸੇ ਫਲ਼ 'ਤੇ ਵਧੇਰੇ ਹੁੰਦਾ ਹੈ। ਫਲ਼ਾਂ ਉਪਰ ਡੂੰਘੇ ਗੋਲ ਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ। ਇਸ ਬਿਮਾਰੀ ਨਾਲ ਛੋਟੇ ਬੂਟੇ ਦੀਆਂ ਸ਼ਾਖਾਂ 'ਤੇ ਪੱਤੇ ਵੀ ਪ੍ਰਭਾਵਤ ਹੁੰਦੇ ਹਨ ਅਤੇ ਕਰੂੰਬਲਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਪਾਣੀ ਨੂੰ ਬੂਟਿਆਂ ਦੀਆਂ ਦੌਰਾਂ ਵਿਚ ਖੜਨ ਨਾ ਦਿਓ। ਰੋਗੀ ਫਲ਼ ਅਤੇ ਸੁੱਕੀਆਂ ਸ਼ਾਖਾ ਕੱਟਣ ਉਪਰੰਤ 300 ਗ੍ਰਾਮ ਬਲਾਈਟੌਕਸ ਜਾਂ ਕੈਪਟਾਨ ਨੂੰ 100 ਲਿਟਰ ਪਾਣੀ ਵਿਚ ਘੋਲ ਕੇ 10-15 ਦਿਨਾਂ ਦੇ ਵਕਫੇ 'ਤੇ ਸਪਰੇਅ ਕਰੋ। ਉਪਰੋਕਤ ਫਲ਼ਾਂ ਦੀਆਂ ਸਮੱਸਿਆਵਾਂ ਤੋਂ ਇਲਾਵਾ ਪਪੀਤੇ ਦੇ ਮੁੱਢਾਂ ਅਤੇ ਤਣੇ ਦਾ ਗਲਣਾ ਵੀ ਇਸ ਰੁੱਤ ਵਿਚ ਆਮ ਵੇਖਣ ਨੂੰ ਮਿਲਦਾ ਹੈ। ਇਸ ਬਿਮਾਰੀ ਨਾਲ ਬੂਟੇ ਦੀਆਂ ਜੜ੍ਹਾਂ ਅਤੇ ਤਣਾ ਗਲ ਜਾਂਦੇ ਹਨ। ਇਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ। ਬੂਟੇ ਅਤੇ ਫਲ਼ ਦਾ ਵਾਧਾ ਰੁਕ ਜਾਂਦਾ ਹੈ। ਇਸ ਦੀ ਰੋਕਥਾਮ ਲਈ ਚੰਗਾ ਜਲ ਨਿਕਾਸ ਕਰੋ ਅਤੇ ਹਮਲੇ ਵਾਲੇ ਸਾਰੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ।•







# ਕਿਵੇਂ ਕਰੀਏ ਪਾਣੀ ਵਾਲੀ ਮੋਟਰ ਦੀ ਸੰਭਾਲ

**• ਜਸਵਿੰਦਰ ਸਿੰਘ**

ਪੰਜਾਬ ਵਿਚ ਕਣਕ ਝੋਨੇ ਦੇ ਫ਼ਸਲੀ ਚੱਕਰ ਨੂੰ ਬਦਲਣ ਲਈ ਸਰਕਾਰ ਨੇ ਭਾਵੇਂ ਬਹੁਤ ਜ਼ੋਰ ਦਿੱਤਾ ਪਰ ਇਸ ਵਿਚ ਸ਼ਫ਼ਲਤਾ ਪ੍ਰਾਪਤ ਨਹੀਂ ਹੋਈ। ਜ਼ਿਆਦਾ ਝੋਨਾ ਲੱਗਣ ਨਾਲ ਪੰਜਾਬ ਵਿਚ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਪਾਣੀ ਦੀ ਜ਼ਿਆਦਾ ਲੋੜ ਕਰਕੇ ਖੇਤਾਂ ਵਿਚ ਜ਼ਿਆਦਾ ਮਾਤਰਾ ਵਿਚ ਮੋਟਰਾਂ ਲੱਗ ਗਈਆਂ ਹਨ। ਕਿਸਾਨ ਨੇ ਮੋਟਰਾਂ ਜ਼ਿਆਦਾ ਡੂੰਘੇ ਟੋਏ ਪੁੱਟ ਕੇ ਰੱਖੀਆਂ ਹੋਈਆਂ ਹਨ, ਜਿਸ ਕਰਕੇ ਮੋਟਰਾਂ ਦੀ ਸੰਭਾਲ 'ਤੇ ਵੀ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਮੋਟਰ ਛੇਤੀ ਖ਼ਰਾਬ ਨਾ ਹੋਵੇ ਅਤੇ ਬਹੁਤੀ ਖੱਜਲ ਖੁਆਰੀ 'ਤੇ ਪੈਸੇ ਦੀ ਬੱਚਤ ਕੀਤੀ ਜਾ ਸਕੇ। ਜੇ ਅਸੀਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਵਾਂਗੇ ਤਾਂ ਆਪਣੀ ਮੋਟਰ ਜ਼ਿਆਦਾ ਦੇਰ ਤੱਕ ਠੀਕ ਰੱਖ ਸਕਦੇ ਹਾਂ।

- ਅੱਜ ਕੱਲ੍ਹ ਮੋਟਰਾਂ ਟੋਆ ਪੁੱਟ ਕੇ ਵੀਹ ਤੋਂ 50 ਫੁੱਟ ਤੱਕ ਰੱਖੀਆਂ ਹੋਈਆਂ ਹਨ। ਇਸ ਲਈ ਟੋਏ ਵਿਚ ਮੋਟਰ ਥੜ੍ਹੀ ਬੰਨ੍ਹ ਕੇ ਜਾਂ ਐਂਗਲ ਲਗਾ ਕੇ ਘੱਟੋ ਘੱਟ ਧਰਤੀ ਤੋਂ ਦੋ ਫੁੱਟ ਉਪਰ ਰੱਖੋ ਤਾਂ ਜੋ ਟੋਏ ਵਿਚ ਥੋੜ੍ਹਾ ਪਾਣੀ ਪੈਣ 'ਤੇ ਮੋਟਰ ਨੂੰ ਪਾਣੀ ਨਾ ਲੱਗੇ।
- ਝੋਨਾ ਲਗਾਉਣ ਤੋਂ ਪਹਿਲਾ ਮੋਟਰ ਨੂੰ ਵਾਰਨਿਸ਼ 'ਤੇ ਗਰੀਸ ਜ਼ਰੂਰ ਕਰੋ। ਨਾਲ ਹੀ ਸਟਾਰਟਰ ਦੀਆਂ ਪੱਤੀਆਂ ਵੀ ਬਦਲ ਦਿਓ।
- ਕੋਸ਼ਿਸ਼ ਕਰੋ ਕਿ ਮੋਟਰ ਨੂੰ ਸਟਾਰਟਰ ਤੋਂ ਜਾਂਦੀ ਤਾਰ ਵਿਚ ਕੋਈ ਜੋੜ ਨਾ ਹੋਵੇ।
- ਗਰਮੀ ਦੇ ਸੀਜ਼ਨ ਵਿਚ ਮੋਟਰ ਨਾਲ ਵਾਧੂ ਪੱਖਾ ਲਗਾ ਦਿਓ ਤਾਂ ਜੋ ਮੋਟਰ ਗਰਮ ਨਾ ਹੋਵੇ।
- ਮੋਟਰ ਨੂੰ ਕਦੇ ਵੀ ਦੋ ਫੇਸ 'ਤੇ ਨਾ ਚਲਾਓ।
- ਮੋਟਰ ਨੂੰ ਦੋ ਤਿੰਨ ਦਿਨਾਂ ਬਾਅਦ ਚੈੱਕ ਕਰਦੇ ਰਹੋ ਕਿ ਮੋਟਰ ਜ਼ਿਆਦਾ ਗਰਮ ਤਾਂ ਨਹੀਂ ਹੁੰਦੀ। ਜੇ ਗਰਮ ਹੁੰਦੀ ਹੈ ਤਾਂ ਮਕੈਨਿਕ ਨੂੰ ਦਿਖਾਓ।
- ਮੋਟਰ ਦੀ ਡੋਰੀ ਵਿਚੋਂ ਪਾਣੀ ਨਾ ਨਿਕਲਣ ਦਿਓ।
- ਮੋਟਰ ਦੇ ਟੋਏ ਦੇ ਆਸ ਪਾਸ ਕਿਸੇ ਜਾਨਵਰ ਦੀ ਖੁੱਡ ਨਾ ਹੋਣ ਦਿਓ।
- ਮੱਛੀ ਮੋਟਰ ਦੇ ਪੱਖੇ ਨੂੰ ਚੈੱਕ ਕਰੋ ਕਿ ਉਹ ਘੱਸ ਤਾਂ ਨਹੀਂ ਗਿਆ ਜੇ ਘੱਸ ਗਿਆ ਤਾਂ ਬਦਲ ਦਿਓ।
- ਜੇ ਮੱਛੀ ਮੋਟਰ ਚੱਲਦੀ ਚੱਲਦੀ ਖੜ੍ਹ ਗਈ ਤਾਂ ਉਸ ਨੂੰ ਹੱਥ ਨਾ ਲਗਾਓ ਟੈਸਟ ਪਿੰਨ ਨਾਲ ਚੈੱਕ ਕਰੋ 'ਤੇ ਮਕੈਨਿਕ ਨੂੰ ਦਿਖਾਓ। ਜੇ ਤੁਸੀਂ ਉਪਰੋਕਤ ਗੱਲਾਂ ਦਾ ਧਿਆਨ ਰੱਖੋਗੇ ਤਾਂ ਯਕੀਨਨ ਤੁਹਾਡੀ ਮੋਟਰ ਦੀ ਉਮਰ ਲੰਮੀ ਹੋਵੇਗੀ।•

# ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹੈ ਖੇਤੀ ਆਧਾਰਿਤ ਮੈਂਥਾ ਉਦਯੋਗ ਤੇ ਕਾਸ਼ਤ

**• ਅਮਰੀਕ ਸਿੰਘ ਢੀਂਡਸਾ**



ਅੱਜ ਤੋਂ ਦੋ-ਢਾਈ ਦਹਾਕੇ ਪਹਿਲਾਂ ਰਵਾਇਤੀ ਖੇਤੀ ਤੋਂ ਹਟ ਕੇ ਪੰਜਾਬ ਦੇ ਖਾਸ ਕਰਕੇ ਜਲੰਧਰ ਜ਼ਿਲ੍ਹੇ ਵਿਚ ਇਕ ਨਵੀਂ ਫਸਲ ਦੀ ਕਾਸ਼ਤ ਦਾ ਰੁਝਾਨ ਪੈਦਾ ਹੋਇਆ ਸੀ ਤੇ ਇਸ ਨਾਲ ਖੇਤੀ ਵਿਚ ਇਕ ਨਵੀਂ ਕ੍ਰਾਂਤੀ ਆਉਣ ਦੀ ਸੰਭਾਵਨਾ ਦਿਸਣ ਲੱਗੀ ਕਿਉਂਕਿ ਇਹ ਪੰਜਾਬ ਦੀ ਧਰਤੀ ਦੇ ਬਿਲਕੁਲ ਅਨੁਕੂਲ ਹੈ। ਇਸ ਦੀਆਂ ਪ੍ਰਚੱਲਤ ਕਿਸਮਾਂ ਪੰਜਾਬ ਸਪੀਅਰ ਮੈਂਟ, ਕੋਸੀ, ਰਸ਼ੀਅਨ ਮਿੰਟ, ਸ਼ਿਵਾਲਿਕ ਦੀ ਕਿਸਾਨਾਂ ਵੱਲੋਂ ਨਾ ਸਿਰਫ ਕਾਸ਼ਤ ਹੀ ਕੀਤੀ ਸਗੋਂ ਇਸ ਤੋਂ ਤੇਲ ਕੱਢਣ ਲਈ ਵੱਡੀ ਪੱਧਰ 'ਤੇ ਉਦਯੋਗ (ਮੈਂਥਾ ਪਲਾਂਟ) ਵੀ ਸਥਾਪਿਤ ਕਰ ਲਏ। ਕਿਸਾਨਾਂ ਨੂੰ ਪਹਿਲਾਂ-ਪਹਿਲਾਂ ਇਸ ਉਪਜ ਦੀ ਕੀਮਤ ਵੀ ਚੰਗੀ ਮਿਲੀ ਜਿਸ ਕਾਰਨ ਮੈਂਥੇ ਦੀ ਕਾਸ਼ਤ ਹੇਠ 18000 ਹੈਕਟੇਅਰ ਰਕਬਾ ਜੋ ਅੱਜ 10000 ਹੈਕਟੇਅਰ ਤੋਂ ਵੀ ਘਟ ਗਿਆ। ਕਿਸਾਨਾਂ ਵੱਲੋਂ ਸਾਉਣੀ ਦੀ ਫਸਲ ਦੀ ਕਟਾਈ ਉਪੰਰਤ ਖੇਤ ਖਾਲੀ ਰੱਖ ਕੇ ਸ਼ੁਰੂ ਜਨਵਰੀ ਵਿਚ ਮੈਂਥੇ ਦੀ ਕਾਸ਼ਤ ਆਰੰਭ ਕੀਤੀ ਜਾਂਦੀ ਹੈ। ਇੰਡੋਮਿੰਟ ਕੰਪਨੀ ਵੱਲੋਂ ਕਿਸਾਨਾਂ ਨਾਲ ਐਗਰੀਮੈਂਟ ਕਰਕੇ ਇਸ ਦੀ ਬਿਜਾਈ ਅਕਤੂਬਰ ਵਿਚ ਹੀ ਕਰਵਾ ਦਿੱਤੀ ਜਾਂਦੀ ਸੀ ਜਿਸ ਤੋਂ ਜ਼ਿਆਦਾ ਝਾੜ ਪ੍ਰਾਪਤ ਹੁੰਦਾ ਰਿਹਾ। ਪ੍ਰੰਤੂ ਬਾਅਦ ਵਿਚ ਇਹ ਕੰਪਨੀ ਵੀ ਹੱਥ ਖੜ੍ਹੇ ਕਰ ਗਈ। ਪਹਿਲਾਂ-ਪਹਿਲਾਂ ਪ੍ਰਤੀ ਏਕੜ ਵਿਚੋਂ 60-70 ਕਿੱਲੋ ਤੇਲ ਝਾੜ ਮਿਲਦਾ ਰਿਹਾ ਜਿਸ ਤੋਂ ਕਿਸਾਨ ਕਾਫੀ ਸਤੁੰਸ਼ਟ ਰਿਹਾ ਪ੍ਰੰਤੂ ਮੌਸਮ ਦੇ ਬਦਲਦੇ ਮਿਜਾਜ਼ ਨਾਲ ਇਸ ਦਾ ਝਾੜ 40 ਕਿੱਲੋ ਪ੍ਰਤੀ ਏਕੜ ਸੁੰਗੜ ਕੇ ਰਹਿ ਗਿਆ। ਮੈਂਥਾ ਇਕ ਅਜਿਹੀ ਫਸਲ ਹੈ ਜੋ ਜੜ੍ਹ ਦੁਆਰਾ ਲਗਾਈ ਜਾਂਦੀ ਹੈ ਇਹ ਪ੍ਰਤੀ ਏਕੜ ਦੋ ਕੁਇੰਟਲ ਤਕਰੀਬਨ 10-12 ਮਰਲੇ ਥਾਂ ਤੋਂ ਪ੍ਰਾਪਤ ਹੋ ਜਾਂਦੀਆਂ ਹਨ ਜ਼ਿਆਦਾਤਰ ਕਿਸਾਨ ਭੱਠੀਆਂ ਵਾਲੇ (ਮੈਂਥਾ ਪਲਾਂਟ ਉਦਯੋਗਪਤੀਆਂ) ਲੈਂਦੇ ਹਨ ਤੇ ਇਸ ਦੀ ਉਪਜ ਤੋਂ ਤੇਲ ਅਤੇ ਕੈਸਟਰੋਲ ਪ੍ਰਾਪਤ ਹੁੰਦਾ ਹੈ ਜਿਸ ਦੀ ਵਰਤੋਂ ਵੱਖ-ਵੱਖ ਦਵਾਈਆਂ, ਖੁਸ਼ਬੂਦਾਰ ਤੇਲ, ਹਾਰ-ਸ਼ਿੰਗਾਰ ਦਾ ਸਮਾਨ, ਟੌਫੀਆਂ ਤੋਂ ਇਲਾਵਾ ਹੋਰ ਕਾਰਜਾਂ ਲਈ ਵੀ ਕੀਤੀ ਜਾਂਦੀ ਹੈ। ਇਸ ਦੇ ਤੇਲ ਦੀ ਰੱਖ-ਰਖਾਵ ਲਈ ਕਿਸੇ ਤਰ੍ਹਾਂ ਦੇ ਸਟੋਰ ਦੀ ਲੋੜ ਨਹੀਂ ਪੈਂਦੀ, ਇਸ ਨੂੰ ਕਿਸੇ ਪ੍ਰਕਾਰ ਦੀ ਉੱਲੀ ਜਾਂ ਕੋਈ ਹੋਰ ਕੀੜਾ-ਮਕੌੜਾ ਨਹੀਂ ਲਗਦਾ ਤੇ ਇਸ ਨੂੰ ਕਾਫੀ ਦੇਰ ਤੱਕ ਭੰਡਾਰ ਕਰਕੇ ਰੱਖਣ ਨਾਲ ਇਸ ਦੀ ਗੁਣਵੱਤਾ 'ਤੇ ਕੋਈ ਅਸਰ ਵੀ ਨਹੀਂ ਪੈਂਦਾ ਅਤੇ ਇਸ ਦੀ ਰਹਿੰਦ-ਖੂੰਹਦ ਵਿਚ ਬੇਅਥਾਹ ਔਰਗੈਨਿਕ ਸਮੱਗਰੀ ਹੁੰਦੀ ਹੈ ਜੋ ਬਾਅਦ ਵਿਚ ਕੀਤੀ ਜਾਣ ਵਾਲੀ ਫਸਲ ਲਈ ਭਰਪੂਰ ਲਾਭਦਾਇਕ ਸਿੱਧ ਹੁੰਦੀ ਹੈ ਤੇ ਬਹੁਤੀ ਰਸਾਇਣਕ ਖਾਦਾਂ ਦਾ ਲੋੜ ਨਹੀਂ ਰਹਿੰਦੀ। ਪੰਜਾਬ ਤੋਂ ਇਲਾਵਾ ਇਸ ਦੀ ਕਾਸ਼ਤ ਯੂ.ਪੀ., ਹਰਿਆਣਾ ਤੇ ਹੋਰ ਪ੍ਰਾਂਤਾਂ ਵਿਚ ਵੀ ਕੀਤੀ ਜਾਂਦੀ ਹੈ। ਚੀਨ ਇਸ ਦੀ ਕਾਸ਼ਤ ਅਤੇ ਵਰਤੋਂ ਦੀ ਸਭ ਤੋਂ ਵੱਡੀ ਮੰਡੀ ਹੈ। ਮੰਡੀਕਰਨ ਕਿਸੇ ਵੀ ਉਪਜ ਦਾ ਲੋਕ ਪ੍ਰਿਯ ਹੋਣਾ ਉਸਦੇ ਮੰਡੀਕਰਨ ਤੋਂ ਹੁੰਦਾ ਹੈ ਤੇ ਇਸ ਦੇ ਮੰਡੀਕਰਨ ਦੀ ਤਰਾਸਦੀ ਇਹ ਹੈ ਕਿ ਪੂਰੇ ਸੰਸਾਰ ਵਿਚ ਇਸ ਦੇ ਚਾਰ ਵਪਾਰੀ ਹਨ ਜੋ ਆਪਸ ਵਿਚ ਪੂਰੀ ਤਰਾਂ ਰਲੇ ਹੋਏ ਹਨ ਤੇ ਉਨ੍ਹਾਂ ਵੱਲੋਂ ਦੇਸ਼ਾਂ ਦੀ ਵੰਡ ਕੀਤੀ ਹੋਈ ਹੈ, ਪੂਰੇ ਭਾਰਤ ਭਰ ਵਿਚ ਇਸਦਾ ਇਕੋ ਇਕ ਵਪਾਰੀ ਹੈ। ਮੈਂਥਾ ਤੇਲ ਦੀ ਕਿੰਨੀ ਵੀ ਜ਼ਿਆਦਾ ਮੰਗ ਹੋਵੇ ਪਰੰਤੂ ਵਪਾਰੀਆਂ ਦੀ ਸਿੰਡੀਕੇਟ ਕਰਕੇ ਇਸ ਦੀ ਕੀਮਤ ਹਰ ਵੇਲੇ ਘੱਟ ਹੀ ਰੱਖਦੇ ਹਨ ਹਾਂ ਕਦੇ-ਕਦਾਈਂ ਮੁੱਲ ਵਿਚ ਥੋੜ੍ਹਾ ਉਤਰਾਅ-ਚੜ੍ਹਾਅ ਵਿਖਾਉਂਦੇ ਰਹਿੰਦੇ ਹਨ ਤਾਂ ਕਿ ਕਿਸਾਨ ਇਸ ਦੀ ਕਾਸ਼ਤ ਕਰਨੀ ਛੱਡ ਨਾ ਦੇਣ। ਆਮ ਮੰਡੀਕਰਨ ਨਾ ਹੋਣ ਕਰਕੇ ਕਿਸਾਨ ਆਪਣਾ ਤੇਲ ਉਦਯੋਗਪਤੀਆਂ ਕੋਲ ਹੀ ਰੱਖਣ ਲਈ ਮਜਬੂਰ ਹੁੰਦੇ ਹਨ ਤੇ ਉਦਯੋਗਪਤੀ ਅੱਗੋਂ ਵਪਾਰੀ ਕੋਲ ਜਾਂ ਤਾਂ ਤੇਲ ਗਿਰਵੀ ਰੱਖਦੇ ਹਨ ਜਾਂ ਲੋੜ ਅਨੁਸਾਰ ਕਿਸਾਨਾਂ ਦੀ ਮੰਗ 'ਤੇ ਆਪਣੀ ਤੇਲ ਕਢਾਈ ਦੀ ਮਿਹਨਤ ਲੈ ਕੇ ਕਿਸਾਨ ਨੂੰ ਬਣਦੀ ਰਕਮ ਦਿੰਦੇ ਹਨ। ਮੈਂਥੇ ਦੇ ਮੰਡੀਕਰਨ ਨੇ ਪਹਿਲਾਂ-ਪਹਿਲਾਂ ਕਿਸਾਨਾਂ ਨੂੰ ਬੜੇ ਸਬਜ਼ਬਾਗ ਵਿਖਾਏ ਤੇ ਇਸ ਦੀ ਕੀਮਤ ਪ੍ਰਤੀ ਕਿੱਲੋ 4 ਤੋਂ ਪੰਜ ਹਜ਼ਾਰ ਤੱਕ ਵੀ ਦਿੱਤੀ ਜਦੋਂ ਕਿਸਾਨਾਂ ਵਲੋਂ ਇਸ ਦੀ ਕਾਸ਼ਤ ਨੂੰ ਤਰਜੀਹ ਦਿੱਤੀ ਜਾਣ ਲੱਗੀ ਤਾਂ ਜਿਵੇਂ ਹਰ ਵਾਰ ਹੁੰਦਾ ਹੀ ਹੈ ਭਾਅ ਵਿਚ ਹੇਠਲੀ ਪੱਧਰ ਦੀ ਗਿਰਾਵਟ ਵਿਖਾ ਦਿੱਤੀ ਜਾਂਦੀ ਜਿਸ ਦੀ ਮਿਸਾਲ ਕਿਸਾਨ ਨੂੰ ਦਿੱਤਾ ਜਾਣ ਵਾਲਾ ਰੇਟ ਅੱਜ ਪੰਜ ਸੌ ਤੋਂ ਵੀ ਘਟਦਾ ਜਾ ਰਿਹਾ ਹੈ ਕਈ ਕਿਸਾਨ ਰੇਟ ਵਧਣ ਦੀ ਆਸ ਨਾਲ 10 ਸਾਲ ਦਾ ਤੇਲ ਰੱਖੀ ਬੈਠੇ ਹਨ, ਭਲਾ ਉਨ੍ਹਾਂ ਦੀ ਮਿਹਨਤ ਕਦੋਂ ਮੁੜੇਗੀ। ਅਜਿਹਾ ਵੀ ਹੋਇਆ ਹੈ ਕਿ ਦਿੱਲੀ ਦੇ ਇਕ ਵਪਾਰੀ ਵਲੋਂ ਲਗਪਗ ਸਾਰੇ ਮੈਂਥਾ ਪਲਾਂਟ ਵਾਲਿਆਂ ਦਾ ਤੇਲ ਜ਼ਬਾਨੀ ਲੈ ਕੇ ਬਾਅਦ ਵਿਚ ਕੋਰਾ ਜਵਾਬ ਦਿੱਤਾ ਗਿਆ। ਕਈ ਵਾਰ ਕਿਸਾਨਾਂ ਤੇ ਉਦਯੋਗਪਤੀਆਂ ਦਰਮਿਆਨ ਟਕਰਾਅ ਦੀ ਨੌਬਤ ਵੀ ਆਈ ਪ੍ਰੰਤੂ ਸੱਚ ਸਾਹਮਣੇ ਆਉਣ 'ਤੇ ਇਨ੍ਹਾਂ ਦੇ ਸਬੰਧ ਸੁਖਾਵੇਂ ਹੋਏ। ਦੋਵਾਂ ਧਿਰਾਂ ਦੀ ਇਹ ਮੰਗ ਹੈ ਕਿ ਪੰਜਾਬ ਸਰਕਾਰ ਅਜਿਹੀ ਵਿਵਸਥਾ ਕਰੇ ਕੇ ਉਨ੍ਹਾਂ ਨੂੰ ਜੇ ਫਾਰਮ ਮਿਲਣ 'ਤੇ ਇਸ ਦੇ ਮੰਡੀਕਰਨ ਨੂੰ ਨਿਯਮਬੰਦ ਕੀਤਾ ਜਾਵੇ ਤਾਂ ਕਿ ਇਸ ਦੀ ਪੂਰਾ ਭਾਅ ਮਿਲਣ ਦੀ ਭਰੋਸੇਯੋਗਤਾ ਬਣੀ ਰਹੇ ਤੇ ਭਾਰਤ ਸਰਕਾਰ ਵੱਲੋਂ ਅੰਤਰਰਾਸ਼ਟਰੀ ਮੰਡੀ ਵਿਚ ਦਖਲਅੰਦਾਜ਼ੀ ਕਰਕੇ ਵਪਾਰੀਆਂ ਦੀ ਇਜ਼ਾਰੇਦਾਰੀ ਤੋੜ ਕੇ ਇਸ ਦਾ ਸਹੀ ਮੁੱਲ ਕਿਸਾਨਾਂ ਨੂੰ ਮਿਲਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਕਿ ਇਸ ਦੀ ਕਾਸ਼ਤ ਕਰਨੀ ਕਿਸਾਨ ਬਿਲੁਕਲ ਬੰਦ ਨਾ ਕਰ ਦੇਣ ਜੋ ਅੱਜ ਬਹੁਤ ਹੀ ਘਟ ਗਈ ਹੈ। ਕਿਸਾਨ ਤਾਂ ਹੋਰ ਫਸਲ ਬੀਜ ਲੈਣਗੇ ਪ੍ਰੰਤੂ ਮੈਂਥਾ ਪਲਾਂਟਾਂ ਵਾਲਿਆਂ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਵੱਲੋਂ ਇਨ੍ਹਾਂ ਉਦਯੋਗਾਂ ਨੂੰ ਚਲਾਉਣਾ ਬੜਾ ਜ਼ਰੂਰੀ ਹੁੰਦਾ ਹੈ ਤੇ ਇਸ ਲਈ ਥੋੜ੍ਹੇ ਖੇਤਰ ਵਿਚ ਕੀਤੀ ਕਾਸ਼ਤ ਲਈ ਵੀ ਉਦਯੋਗ ਚਲਾਉਣ ਲਈ ਮਜ਼ਦੂਰਾਂ ਨੂੰ ਅਡਵਾਂਸ ਪੈਸਾ ਦੇ ਕੇ ਕੰਮ ਲਈ ਰਜ਼ਾਮੰਦ ਕਰਨਾ ਪੈਂਦਾ ਹੈ। ਖੇਤੀ ਵਿਚ ਵੰਨ-ਸੁਵੰਨਤਾ ਲਈ ਮੈਂਥਾ ਇਕ ਵਿਕਲਪ ਪੈਦਾ ਹੋਣ ਦੀ ਸੰਭਾਵਨਾ ਹੈ ਅਗਰ ਭਾਰਤ ਸਰਕਾਰ ਅੰਤਰਰਾਸ਼ਟਰੀ ਤੌਰ 'ਤੇ ਇਸ ਦੇ ਮੰਡੀਕਰਨ ਲਈ ਯਤਨਸ਼ੀਲ ਹੋਵੇ ਤੇ ਕਿਸੇ ਸਰਕਾਰੀ ਏਜੰਸੀ ਜੋ ਖੇਤੀਬਾੜੀ ਨਾਲ ਸਬੰਧਿਤ ਹੋਵੇ ਤੇ ਇਸ ਦਾ ਵਾਜਬ ਰੇਟ 'ਤੇ ਖਰੀਦ ਕਰਵਾਉਣਾ ਯਕੀਨੀ ਬਣਾ ਕੇ ਆਪ ਮੈਂਥਾ ਤੇਲ ਐਕਸਪੋਰਟ ਕਰੇ ਜਿਸ ਨਾਲ ਸਰਕਾਰ ਲਈ ਵੀ ਇਹ ਆਮਦਨ ਦਾ ਜਰੀਆ ਬਣੇ।



# ਵਿਗਿਆਨਕ ਤਰੀਕੇ ਨਾਲ ਕਰੋ ਸਬਜ਼ੀਆਂ ਦੀ ਖੇਤੀ

**ਡਾ. ਨਿਰਮਲ ਸਿੰਘ**

ਪਿਛਲੇ ਕਈ ਸਾਲਾਂ ਤੋਂ ਸਬਜ਼ੀਆਂ ਦਾ ਚੰਗਾ ਮੁੱਲ ਮਿਲਣ ਕਾਰਨ ਪੰਜਾਬ ਵਿਚ ਕਿਸਾਨ ਸਬਜ਼ੀਆਂ ਦੀ ਖੇਤੀ ਤੋਂ ਚੰਗਾ ਮੁਨਾਫਾ ਲੈ ਰਹੇ ਹਨ ਜੋ ਕਿ ਹੋਰ ਵੀ ਕਿਸਾਨਾਂ ਨੂੰ ਸਬਜ਼ੀਆਂ ਦੀ ਖੇਤੀ ਵੱਲ ਪ੍ਰੇਰਿਤ ਕਰ ਰਿਹਾ ਹੈ। ਆਮ ਤੌਰ 'ਤੇ ਕਿਸਾਨ ਭਰਾ ਸਬਜ਼ੀਆਂ ਤੋਂ ਝਾੜ ਤਾਂ ਚੰਗਾ ਲੈ ਲੈਂਦੇ ਹਨ ਪਰ ਮੁਨਾਫਾ ਨਹੀਂ। ਇਸ ਕਰਕੇ ਅੱਜ ਦੇ ਯੁੱਗ ਵਿਚ ਕਿਸਾਨ ਨੂੰ ਜਾਗਰੂਕ ਹੋਣਾ ਪਵੇਗਾ ਅਤੇ ਸਬਜ਼ੀਆਂ ਦੀ ਖੇਤੀ 'ਚ ਨਵੀਆਂ ਤਕਨੀਕਾਂ ਵਰਤਣੀਆਂ ਪੈਣਗੀਆਂ ਜੋ ਇਸ ਤਰ੍ਹਾਂ ਹਨ।

## ਸਮੇਂ ਦੀ ਮੰਗ

ਕਿਸਾਨ ਭਰਾਵਾਂ ਨੂੰ ਸਬਜ਼ੀ ਮੰਡੀ ਜਾ ਕੇ ਪਤਾ ਕਰਨਾ ਚਾਹੀਦਾ ਹੈ ਕਿ ਪਿਛਲੇ 2-4 ਸਾਲਾਂ ਤੋਂ ਕਿਸ ਸਬਜ਼ੀ ਦਾ ਚੰਗਾ ਮੁੱਲ ਮਿਲ ਰਿਹਾ ਹੈ ਅਤੇ ਫਿਰ ਉਸ ਦੇ ਅਨੁਸਾਰ ਹੀ ਸਬਜ਼ੀ ਬੀਜਣੀ ਚਾਹੀਦੀ ਹੈ।

## ਵਧੀਆ ਕਿਸਮ ਦੀ ਚੋਣ

ਆਮ ਤੌਰ 'ਤੇ ਕਿਸਾਨਾਂ ਦੀ ਬੀਜ ਨੂੰ ਲੈ ਕੇ ਸ਼ਿਕਾਇਤ ਆਉਂਦੀ ਹੈ ਕਿ ਬੀਜ ਉੱਗਿਆ ਹੀ ਨਹੀਂ ਜਾਂ ਘੱਟ ਉੱਗਿਆ ਹੈ ਜਾਂ ਫਿਰ ਕਿਸਮ ਹੀ ਹੋਰ ਨਿਕਲ ਗਈ। ਇਸ ਕਰਕੇ ਕਿਸਾਨਾਂ ਨੂੰ ਪੀਏਯੂ ਦੇ ਸਬਜ਼ੀ ਵਿਭਾਗ ਨਾਲ ਸਲਾਹ ਕਰਕੇ ਹੀ ਅੱਗੇ ਵਧਣਾ ਚਾਹੀਦਾ ਹੈ।

## ਫਸਲ ਦੀ ਸਾਂਭ ਸੰਭਾਲ

ਕਿਸਾਨਾਂ ਨੂੰ ਸਬਜ਼ੀ ਦੇ ਖੇਤ 'ਚ ਰੋਜ਼ ਗੇੜਾ ਮਾਰਨਾ ਚਾਹੀਦਾ ਹੈ ਅਤੇ ਜਦ ਵੀ ਉਸ ਨੂੰ ਕੋਈ ਬੀਮਾਰੀ ਜਾਂ ਸੁੰਡੀ ਵਗੇਰਾ ਨਜ਼ਰ ਆਉਂਦੀ ਹੈ ਤਾਂ ਤੁਰੰਤ ਪੀ.ਏ.ਯੂ. ਲੁਧਿਆਣਾ ਦੇ ਸਬਜ਼ੀ ਵਿਭਾਗ ਦੇ ਮਾਹਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਕੀੜੇਮਾਰ ਦਵਾਈਆਂ ਦਾ ਸਹੀ ਸਮੇਂ ਅਤੇ ਮਾਤਰਾ 'ਚ ਹੀ ਛਿੜਕਾਅ ਕਰਨਾ ਚਾਹੀਦਾ ਹੈ।

## ਤੁੜਾਈ, ਗਰੇਡਿੰਗ ਅਤੇ ਪੈਕਿੰਗ

ਸਬਜ਼ੀਆਂ ਦੀ ਤੁੜਾਈ ਦਾ ਕਿਸਾਨਾਂ ਨੂੰ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਤੁੜਾਈ ਸਮੇਂ ਸਿਰ ਕਰਨੀ ਚਾਹੀਦੀ ਹੈ। ਨਾ ਹੀ ਜ਼ਿਆਦਾ ਜਲਦੀ ਅਤੇ ਨਾ ਹੀ ਜ਼ਿਆਦਾ ਲੇਟ। ਦੇਰੀ ਕਰਨ ਨਾਲ ਸਬਜ਼ੀ ਪੱਕ ਜਾਂਦੀ ਹੈ ਅਤੇ ਭੱਦੀ ਦਿੱਖਣ ਲੱਗ ਜਾਂਦੀ ਹੈ। ਸਬਜ਼ੀਆਂ ਦੀ ਤੁੜਾਈ ਸ਼ਾਮ ਵੇਲੇ ਹੀ ਕਰਨੀ ਚਾਹੀਦੀ ਹੈ ਅਤੇ ਤੋੜਨ ਤੋਂ ਬਾਅਦ ਛਾਂ ਵਾਲੀ ਜਗ੍ਹਾ 'ਤੇ ਰੱਖਣੀ ਚਾਹੀਦੀ ਹੈ। ਚੰਗਾ ਝਾੜ ਲੈਣ ਤੋਂ ਬਾਅਦ ਜ਼ਿਆਦਾ ਜ਼ਰੂਰੀ ਹੈ ਕਿ ਸਬਜ਼ੀਆਂ ਦੀ ਗਰੇਡਿੰਗ ਅਤੇ ਪੈਕਿੰਗ ਸਹੀ ਤਰੀਕੇ ਨਾਲ ਕੀਤੀ ਜਾਵੇ ਕਿਉਂਕਿ ਜੋ ਬਜ਼ਾਰ ਵਿਚ ਦਿਖਦਾ ਹੈ ਉਹੀ ਵਿਕਦਾ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਸਾਫ ਪਾਣੀ ਨਾਲ ਧੋ ਕੇ ਪਲਾਸਟਿਕ ਦੇ ਕਰੇਟਾਂ ਵਿਚ ਪੈਕਿੰਗ ਕਰਨੀ ਚਾਹੀਦੀ ਹੈ, ਜਿਸ ਕਰਕੇ ਸਬਜ਼ੀਆਂ ਫਿਸਦੀਆਂ ਤੇ ਟੁੱਟਦੀਆਂ ਨਹੀਂ ਹਨ ਅਤੇ ਸਬਜ਼ੀ ਮੰਡੀ 'ਚ ਸਬਜ਼ੀ ਸੋਹਣੀ ਦਿਖਣੀ ਚਾਹੀਦੀ ਹੈ।

## ਮੰਡੀਕਰਨ

ਆਮ ਤੌਰ 'ਤੇ ਕਿਸਾਨ ਵੀਰ ਸਬਜ਼ੀਆਂ ਦੇ ਖੁਦ ਮੰਡੀਕਰਨ ਤੋਂ ਸ਼ਰਮ ਮਹਿਸੂਸ ਕਰਦੇ ਹਨ ਜੋ ਕਿ ਇਹ ਸ਼ਰਮ ਹੁਣ ਤਿਆਗਣੀ ਪਵੇਗੀ ਅਤੇ ਹੱਥੀਂ ਕੰਮ ਕਰਨ ਦਾ ਕਲਚਰ ਪੈਦਾ ਕਰਨਾ ਪਵੇਗਾ। ਅੱਜ ਖੁਦ ਮੰਡੀਕਰਨ ਕਰਨ ਦੀ ਲੋੜ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਥੋੜੀ ਜ਼ਮੀਨ ਵਾਲਾ ਕਿਸਾਨ ਵੀ ਚੋਖਾ ਮੁਨਾਫਾ ਕਮਾ ਕੇ ਖੁਸ਼ਹਾਲ ਹੋ ਸਕਦਾ ਹੈ।

ਕੌਮੀ ਪੱਤ੍ਰਿਕਾ

# ਤਪਦੀ ਗਰਮੀ ਵਿੱਚ ਕੁਲਫੀਆਂ ਦਾ ਲੰਗਰ ਲਗਾ ਕੇ ਪ੍ਰੇਮ ਅਤੇ ਭਾਈ ਚਾਰੇ ਦਾ ਦਿੱਤਾ ਸੁਨੇਹਾ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

'ਥੋੜਾ ਸਾ ਆਸਮਾਂ' ਰਜਿਸਟਰਡ ਐਨਜੀਓ ਦੀ ਸੰਸਥਾਪਕ ਅਤੇ ਪ੍ਰਧਾਨ ਮੀਨੂ ਪੁਰੀ ਜੀ ਦੀ ਸਤਿਕਾਰਯੋਗ ਮਾਤਾ ਸਵ. ਸ਼੍ਰੀਮਤੀ ਬਲੈਸ਼ਵਰੀ ਦੇਵੀ ਜੀ ਦੀ ਬਰਸੀ ਮੌਕੇ ਲਾਹੌਰੀ ਗੇਟ, ਪਟਿਆਲਾ ਵਿਖੇ ਮਨੁੱਖਤਾ ਅਤੇ ਸੇਵਾ ਭਾਵਨਾ ਨੂੰ ਸਮਰਪਿਤ ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ।

ਤਪਦੀ ਗਰਮੀ ਦੌਰਾਨ ਰਾਹਗੀਰਾਂ, ਰਿਕਸ਼ਾ ਚਾਲਕਾਂ, ਫੜੀ ਵਾਲਿਆਂ ਅਤੇ ਆਮ ਲੋਕਾਂ ਨੂੰ ਆਈਸਕ੍ਰੀਮ ਵੰਡ ਕੇ ਸੇਵਾ ਅਤੇ ਪਿਆਰ ਦਾ ਸੁਨੇਹਾ ਦਿੱਤਾ ਗਿਆ।

ਇਸ ਮੌਕੇ ਮੌਜੂਦ ਲੋਕਾਂ ਨੇ 'ਥੋੜਾ ਸਾ ਆਸਮਾਂ' ਰਜਿਸਟਰਡ ਐਨਜੀਓ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਮੀਨੂ ਪੁਰੀ ਜੀ ਅਤੇ ਸਮੂਹ ਮੈਂਬਰਾਂ ਨੂੰ ਦਿਲੋਂ ਅਸੀਸਾਂ ਦਿੱਤੀਆਂ। ਲੋਕਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਸਮਾਜ ਵਿੱਚ ਇਸ ਤਰ੍ਹਾਂ ਦੇ ਸੇਵਾ ਕਾਰਜ ਮਨੁੱਖਤਾ ਲਈ ਪ੍ਰੇਰਣਾ ਸਰੂਪ ਹਨ ਅਤੇ ਹਰ ਸਮਰੱਥ ਵਿਅਕਤੀ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਹਾਜ਼ਰ ਐਨਜੀਓ ਐਗਜ਼ਿਕਿਊਟਿਵ ਮੈਂਬਰਾਂ ਵਿੱਚ ਭਾਵੁਕ ਸ਼ਰਮਾ ਜੀ (ਐਨਜੀਓ ਜਨਰਲ ਸਕੱਤਰ), ਹਿਤੇਸ਼ੀ ਜੀ, ਇੰਦਰਪਾਲ ਜੀ, ਅਮਰਜੀਤ ਜੀ, ਸ਼ਿਆਮ ਲਾਲ ਜੀ, ਗੁਰਪ੍ਰੀਤ ਜੀ, ਰਵਨੀਤ ਜੀ ਅਤੇ ਮਿਲੀ (ਦੇਵਯਾਨੀ) ਸਮੇਤ ਹੋਰ ਸੇਵਾਦਾਰਾਂ ਨੇ ਸੇਵਾ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਸਾਰੇ ਮੈਂਬਰਾਂ ਨੇ ਬੜੀ ਨਿਸ਼ਠਾ ਅਤੇ ਸੇਵਾ ਭਾਵਨਾ ਨਾਲ ਇਸ ਕਾਰਜ ਨੂੰ ਸਫਲ ਬਣਾਇਆ।

ਸੰਸਥਾ ਮੈਂਬਰਾਂ ਨੇ ਕਿਹਾ ਕਿ ਸਿਰਫ ਸਰਕਾਰਾਂ ਉੱਤੇ ਨਿਰਭਰ ਰਹਿਣ ਦੀ ਬਜਾਏ ਸਿਵਲ ਸਮਾਜ ਨੂੰ ਵੀ ਸਮਾਜਿਕ ਭਲਾਈ ਲਈ ਅੱਗੇ ਆਉਣਾ ਚਾਹੀਦਾ ਹੈ।

'ਥੋੜਾ ਸਾ ਆਸਮਾਂ' ਰਜਿਸਟਰਡ ਐਨਜੀਓ ਹਮੇਸ਼ਾਂ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿ ਕੇ ਆਪਣਾ ਯੋਗਦਾਨ ਪਾਉਂਦੀ ਆ ਰਹੀ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਨੁੱਖਤਾ ਦੀ ਸੇਵਾ ਜਾਰੀ ਰੱਖੇਗੀ।

# ਪੀਆਰਟੀਸੀ ਚੇਅਰਮੈਨ ਹਰਪਾਲ ਜੁਨੇਜਾ ਵੱਲੋਂ ਬੁਢਲਾਡਾ ਡਿਪੂ ਦੀ ਅਚਨਚੇਤ ਚੈਕਿੰਗ



**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਆਰਟੀਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਆਮ ਲੋਕਾਂ ਨੂੰ ਬਿਹਤਰ ਅਤੇ ਸੁਚੱਜੀਆਂ ਆਵਾਜਾਈ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਪੀਆਰਟੀਸੀ ਬੁਢਲਾਡਾ ਡਿਪੂ ਅਤੇ ਵਰਕਸ਼ਾਪ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਬੱਸ ਸਟੈਂਡ ਅਤੇ ਡਿਪੂ 'ਚ ਮੌਜੂਦ ਯਾਤਰੀਆਂ, ਆਮ ਲੋਕਾਂ ਅਤੇ ਕਰਮਚਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਵ ਗੰਭੀਰਤਾ ਨਾਲ ਸੁਣੇ।

ਚੇਅਰਮੈਨ ਐਡਵੋਕੇਟ ਜੁਨੇਜਾ ਨੇ ਚੈਕਿੰਗ ਦੌਰਾਨ ਵਰਕਸ਼ਾਪ ਅਤੇ ਡਿਪੂ ਸਟਾਫ਼ ਵੱਲੋਂ ਰੱਖੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਦਿਆਂ ਮੌਕੇ 'ਤੇ ਹੀ ਸੰਬੰਧਿਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਜਲਦ ਨਿਪਟਾਰੇ ਲਈ ਨਿਰਦੇਸ਼ ਦਿੱਤੇ।

ਇਸ ਮੌਕੇ ਚੇਅਰਮੈਨ ਹਰਪਾਲ ਜੁਨੇਜਾ ਨੇ ਡਿਪੂ ਅੰਦਰ ਸਫ਼ਾਈ ਪ੍ਰਬੰਧਾਂ ਦੀ ਮੰਦਹਾਲੀ, ਬਾਥਰੂਮਾਂ ਦੀ ਖ਼ਰਾਬ ਸਥਿਤੀ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਕਮੀ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ।

ਚੇਅਰਮੈਨ ਨੇ ਸੰਬੰਧਿਤ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਆਉਣ ਵਾਲੇ 15 ਦਿਨਾਂ ਦੇ ਅੰਦਰ ਡਿਪੂ, ਵਰਕਸ਼ਾਪ, ਪਖਾਨਿਆਂ ਅਤੇ ਵਾਟਰ ਕੂਲਰਾਂ ਸਮੇਤ ਸਾਰੀਆਂ ਬੁਨਿਆਦੀ ਸਹੂਲਤਾਂ ਨੂੰ ਮੁਕੰਮਲ ਤੌਰ 'ਤੇ ਦਰੁਸਤ ਕਰਨ ਦੀ ਕਾਰਵਾਈ ਕੀਤੀ ਜਾਵੇ ਅਤੇ ਰਿਪੋਰਟ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਲੋਕਾਂ ਦੀਆਂ ਸਹੂਲਤਾਂ ਅਤੇ ਕਰਮਚਾਰੀਆਂ ਲਈ ਵਧੀਆ ਕਾਰਜਕਾਰੀ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ

ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਨਿਰਧਾਰਤ ਸਮੇਂ ਮਗਰੋਂ ਮੁੜ ਸਮੀਖਿਆ ਕੀਤੀ ਜਾਵੇਗੀ।

# ਗੁਰਦੇਵ ਸਿੰਘ ਟਿਵਾਣਾ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਕੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਗੁਰਦੇਵ ਸਿੰਘ ਟਿਵਾਣਾ ਨੇ ਅੱਜ ਪਰਮਾਤਮਾ ਅੱਗੇ ਅਰਦਾਸ ਅਤੇ ਸ੍ਰੀ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਕੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਦੇ ਨਾਲ ਬਿੰਦਰ ਕੌਰ ਨੇ ਵੀ ਵਾਈਸ ਚੇਅਰਪਰਸਨ ਵਜੋਂ ਅਹੁਦਾ ਸੰਭਾਲ ਲਿਆ ਹੈ।

ਇੱਥੇ ਸਰਹਿੰਦ ਰੋਡ 'ਤੇ ਸਥਿਤ ਜ਼ਿਲ੍ਹਾ ਪ੍ਰੀਸ਼ਦ ਦੇ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਕਰਵਾਏ ਪਾਠ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ, ਜਲ ਸਰੋਤ ਮੰਤਰੀ ਬਰਿੰਦਰ ਗੋਇਲ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ, ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜ਼ੀਗਰ, ਗੁਰਦੇਵ ਸਿੰਘ ਦੇਵ ਮਾਨ ਅਤੇ ਚੇਅਰਮੈਨ ਮੰਡੀ ਬੋਰਡ ਹਰਚੰਦ ਸਿੰਘ ਬਰਸਟ, ਮੇਅਰ ਕੁੰਦਨ ਗੋਗੀਆ ਸਮੇਤ ਹੋਰ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਡਾ. ਬਲਬੀਰ ਸਿੰਘ ਤੇ ਬਰਿੰਦਰ ਗੋਇਲ ਨੇ ਗੁਰਦੇਵ ਸਿੰਘ ਟਿਵਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਨੌਜਵਾਨ ਆਗੂ ਦੇ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਬਣਨ ਨਾਲ ਪਟਿਆਲਾ ਜ਼ਿਲ੍ਹੇ ਦੇ ਪੇਂਡੂ ਵਿਕਾਸ ਨੂੰ ਹੋਰ ਰਫ਼ਤਾਰ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਪਿੰਡਾਂ ਵਿੱਚ ਵੱਸਦਾ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਪਿੰਡਾਂ ਦੇ ਵਿਕਾਸ ਦਾ ਧੁਰਾ ਹੁੰਦਾ ਹੈ ਅਤੇ ਪਿੰਡਾਂ ਦੇ ਲੋਕਾਂ ਨੇ ਇਸ ਟੀਮ ਉੱਪਰ ਵਿਸ਼ਵਾਸ ਜਤਾਉਂਦਿਆਂ ਵੱਡੀ ਜਿੱਤ ਦਿਵਾਈ ਹੈ। ਉਨ੍ਹਾਂ ਕਿਹਾ ਕਿ ਜਿਵੇਂ ਪੰਜਾਬ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ, ਉਸੇ ਤਰ੍ਹਾਂ ਜ਼ਿਲ੍ਹਾ ਪ੍ਰੀਸ਼ਦ ਦੀ ਸਾਰੀ ਟੀਮ ਵੀ ਲੋਕਾਂ ਦੇ ਇਸ ਵਿਸ਼ਵਾਸ ਉੱਪਰ ਖਰਾ ਉਤਰੇਗੀ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿਹਾਤੀ ਵਿਕਾਸ ਸਮੇਤ ਪਿੰਡ-ਪਿੰਡ 'ਚ ਖੇਡ ਸਟੇਡੀਅਮ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਇਸ ਤੋਂ ਇਲਾਵਾ ਛੱਪੜਾਂ ਦੀ ਸਫ਼ਾਈ ਅਤੇ ਵਾਤਾਵਰਨ ਦੀ ਸੰਭਾਲ ਲਈ ਬੂਟੇ ਲਗਾਉਣ ਦੀ ਮੁਹਿੰਮ ਵੀ ਚਲਾਈ ਜਾ ਰਹੀ ਹੈ, ਜਿਸ ਨੂੰ ਪੂਰਾ ਕਰਵਾਉਣਾ ਜ਼ਿਲ੍ਹਾ ਪ੍ਰੀਸ਼ਦ ਦੀ ਅਹਿਮ ਜ਼ਿੰਮੇਵਾਰੀ ਹੁੰਦੀ ਹੈ, ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਗੁਰਦੇਵ ਸਿੰਘ ਟਿਵਾਣਾ ਅਤੇ ਵਾਈਸ ਚੇਅਰਪਰਸਨ ਬਿੰਦਰ ਕੌਰ ਸਮੇਤ ਸਾਰੀ ਨਵੀਂ ਟੀਮ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨਗੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ। ਸੌਂਦ ਨੇ ਇੱਕ ਸਧਾਰਨ ਪਰਿਵਾਰ ਵਿੱਚ ਜਨਮੇ ਗੁਰਦੇਵ ਸਿੰਘ ਟਿਵਾਣਾ ਦੀਆਂ ਪਾਰਟੀ ਤੇ ਲੋਕਾਂ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਾਰਟੀ ਨੇ ਹਮੇਸ਼ਾ ਅਜਿਹੇ ਲੋਕਾਂ ਨਾਲ ਜੁੜੇ ਵਲੰਟੀਅਰਾਂ ਨੂੰ ਮਾਣ ਸਤਿਕਾਰ ਦਿੱਤਾ ਹੈ।

# ਮੇਰਾ ਯੁਵਾ ਭਾਰਤ ਚੰਡੀਗੜ੍ਹ ਸੈਕਟਰ 12 ਵਿਖੇ ਵੀਰ ਸਾਵਰਕਰ ਜਯੰਤੀ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ



**ਚੰਡੀਗੜ੍ਹ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਾ ਯੁਵਾ ਭਾਰਤ ਚੰਡੀਗੜ੍ਹ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਨੇ ਵੀਰ ਸਾਵਰਕਰ ਜਯੰਤੀ ਦੇ ਅਵਸਰ @ਤੇ ਮੇਰਾ ਯੁਵਾ ਭਾਰਤ ਦਫ਼ਤਰ, ਸੈਕਟਰ 12, ਚੰਡੀਗੜ੍ਹ ਵਿਖੇ ਭਾਸ਼ਣ ਪ੍ਰਤੀਯੋਗਿਤਾ ਅਤੇ ਰੀਲ ਮੇਕਿੰਗ ਪ੍ਰਤੀਯੋਗਿਤਾ ਦਾ ਸਫ਼ਲ ਆਯੋਜਨ ਕੀਤਾ।

ਇਸ ਸਮਾਗਮ ਵਿੱਚ ਚੰਡੀਗੜ੍ਹ ਦੇ ਵਿਭਿੰਨ ਖੇਤਰਾਂ ਤੋਂ ਨੌਜਵਾਨਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ ਅਤੇ ਵੀਰ ਸਾਵਰਕਰ ਦੇ ਆਦਰਸ਼ਾਂ ਤੋਂ ਪ੍ਰੇਰਿਤ ਰਾਸ਼ਟਰ ਨਿਰਮਾਣ, ਦੇਸ਼ਭਗਤੀ ਅਤੇ ਰਚਨਾਤਮਕ ਵਿਚਾਰਾਂ ਨੂੰ ਪ੍ਰਸਤੁਤ ਕੀਤਾ।

ਭਾਸ਼ਣ ਪ੍ਰਤੀਯੋਗਿਤਾ ਦਾ ਵਿਸ਼ਾ ÷ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਵੀਰ ਸਾਵਰਕਰ ਦੇ ਵਿਚਾਰਾਂ ਦੀ ਪ੍ਰਾਸੰਗਿਕਤਾ ਰੱਖਿਆ ਗਿਆ, ਜਦਕਿ ਰੀਲ ਮੇਕਿੰਗ ਪ੍ਰਤੀਯੋਗਿਤਾ ਦਾ ਵਿਸ਼ਾ ÷ਜੇ ਵੀਰ ਸਾਵਰਕਰ ਅੱਜ ਦੇ ਨੌਜਵਾਨਾਂ ਨਾਲ ਗੱਲ ਕਰਦੇ ਸੀ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰਸਿੱਧ ਸਮਾਜ ਸੇਵਕ ਅਤੇ ਪਰਉਪਕਾਰੀ ਸ਼੍ਰੀ ਸੰਜੀਵ ਰਾਣਾ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਵੀਰ ਸਾਵਰਕਰ ਦੇ ਆਦਰਸ਼ਾਂ ਅਤੇ ਕਦਰਾਂ-ਕੀਮਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ, ਤਾਕਿ ਸਮਾਜ ਨੌਜਵਾਨਾਂ ਨੂੰ ਨਸ਼ੇ ਜਿਹੀਆਂ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰ ਸਕੇ।

ਪ੍ਰਤੀਯੋਗਿਤਾ ਦਾ ਮੁੱਲਾਂਕਣ ਪ੍ਰਤਿਸ਼ਠਿਤ ਨਿਰਣਾਇਕ ਮੰਡਲ ਡਾ. ਭਾਰਤੀ, ਡਾ. ਕ੍ਰਿਤੀ ਅਤੇ ਸ਼੍ਰੀਮਤੀ ਅੰਜਲੀ ਕਪੂਰ ਦੁਆਰਾ ਕੀਤਾ ਗਿਆ। ਨਿਰਣਾਇਕਾਂ ਨੇ ਪ੍ਰਤੀਭਾਗੀਆਂ ਦੇ ਆਤਮਵਿਸ਼ਵਾਸ, ਰਚਨਾਤਮਕਤਾ ਅਤੇ ਜਾਗਰੂਕਤਾ ਦੀ ਸ਼ਲਾਘਾ ਕੀਤੀ।

ਸਾਰੇ ਜੇਤੂਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦਿੱਤੇ ਗਏ। ਨਾਲ ਹੀ ਸਾਰੇ ਪ੍ਰਤੀਭਾਗੀਆਂ ਨੂੰ ਸਹਿਭਾਗਿਤਾ ਸਰਟੀਫਿਕੇਟ ਵੀ ਵੰਡੇ ਗਏ।

ਪ੍ਰੋਗਰਾਮ ਦਾ ਸਫ਼ਲ ਸੰਚਾਲਨ ਆਯੋਜਨ ਟੀਮ ਦੇ ਮੈਂਬਰਾਂ ਸ਼੍ਰੀ ਰਚਿਤ, ਆਰਤੀ, ਨਿਰਮਲ, ਤਮੰਨਾ, ਇੰਦਰ, ਅਭੀ ਅਤੇ ਕ੍ਰਿਤਿਕਾ ਦੁਆਰਾ ਕੀਤਾ ਗਿਆ, ਜਿਨ੍ਹਾਂ ਦੇ ਪ੍ਰਯਾਸਾਂ ਨਾਲ ਪ੍ਰੋਗਰਾਮ ਸੁਚਾਰੂ ਢੰਗ ਨਾਲ ਸੰਪੰਨ ਹੋਇਆ।

ਪ੍ਰੋਗਰਾਮ ਦੇ ਸਮਾਪਨ ਅਵਸਰ @ਤੇ ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ ਨੇ ਮੁੱਖ ਮਹਿਮਾਨ, ਨਿਰਣਾਇਕ ਮੰਡਲ, ਵਲੰਟੀਅਰਾਂ, ਪ੍ਰਤੀਭਾਗੀਆਂ ਅਤੇ ਆਯੋਜਨ ਟੀਮ ਦਾ ਆਭਾਰ ਵਿਅਕਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਅਜਿਹੇ ਪ੍ਰੇਰਣਾਦਾਇਕ ਪ੍ਰੋਗਰਾਮਾਂ ਵਿੱਚ ਨਿਰੰਤਰ ਹਿੱਸਾ ਲੈਣ ਲਈ ਪ੍ਰੋਤਸਾਹਿਤ ਕੀਤਾ, ਜੋ ਦੇਸ਼ ਭਗਤੀ, ਲੀਡਰਸ਼ਿਪ ਸਮਰੱਥਾ ਅਤੇ ਰਾਸ਼ਟਰ ਨਿਰਮਾਣ ਦੀਆਂ ਕਦਰਾਂ-ਕੀਮਤਾਂ ਨੂੰ ਹੁਲਾਰਾ ਦਿੰਦੇ ਹਨ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਖੇੜੀ ਗੁਜਰਾਂ ਤੋਂ ਤੀਰਥ ਯਾਤਰੀਆਂ ਦੀ ਬੱਸ ਰਵਾਨਾ

**ਪਟਿਆਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਖੇੜੀ ਗੁਜਰਾਂ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਸ਼ਰਧਾਲੂ ਮੌਜੂਦ ਰਹੇ।

ਵਿਧਾਇਕ ਕੋਹਲੀ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਪੂਰਾ ਸਤਿਕਾਰ ਕਰ ਰਹੀ ਹੈ ਅਤੇ ਇਸੇ ਮਕਸਦ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ, ਤਾਂ ਜੋ ਹਰ ਵਰਗ ਦੇ ਲੋਕ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਸਕਣ।



ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਖਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ। ਸਰਕਾਰ ਵੱਲੋਂ ਯਾਤਰੀਆਂ ਲਈ ਆਵਾਜਾਈ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਲਈ ਵਚਨਬੱਧ ਹੈ ਅਤੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ।

ਇਸ ਮੌਕੇ ਸਰਪੰਚ ਬਲਵਿੰਦਰ ਸੰਧੂ ਅਤੇ ਹਰਵਿੰਦਰਪਾਲ ਸਿੰਘ ਵਿੰਟੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਵੀ ਸਰਕਾਰ ਦੀ ਇਸ ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਧਾਰਮਿਕ ਯਾਤਰਾ ਕਰਨ ਦਾ ਸੁਨੇਹਰਾ ਮੌਕਾ ਮਿਲ ਰਿਹਾ ਹੈ। ਪਿੰਡ ਵਾਸੀਆਂ ਨੇ ਵੀ ਸਰਕਾਰ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕੀਤਾ।

# ਕਾਂਗਰਸ ਦੇ ਪਟਿਆਲਾ ਦਿਹਾਤੀ ਦੇ ਨਵ ਨਿਯੁਕਤ ਮੰਡਲ ਪ੍ਰਧਾਨਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਹੋਈ

**ਪਟਿਆਲਾ, 31 ਮਈ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਪਟਿਆਲਾ ਦਿਹਾਤੀ ਦੇ ਨਵ ਨਿਯੁਕਤ ਮੰਡਲ ਪ੍ਰਧਾਨਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਮੋਹਿਤ ਮਹਿੰਦਰਾ ਜੀ ਦੀ ਦੇਖ ਰੇਖ ਹੇਠ ਆਯੋਜਿਤ ਕੀਤੀ ਗਈ।

ਇਸ ਦੌਰਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਨਰੇਸ਼ ਦੁੱਗਲ ਜੀ



ਵੀ ਮੌਜੂਦ ਰਹੇ। ਮੀਟਿੰਗ ਦੌਰਾਨ ਪਟਿਆਲਾ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕਈ ਅਹਿਮ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਕਾਂਗਰਸ ਪਾਰਟੀ ਲਗਾਤਾਰ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕਰ ਰਹੀ ਹੈ ਅਤੇ ਪੰਜਾਬ ਦੇ ਲੋਕਾਂ ਵੱਲੋਂ ਮਿਲ ਰਿਹਾ ਭਰਪੂਰ ਸਮਰਥਨ ਇਹ ਸਾਫ਼ ਦਰਸਾ ਰਿਹਾ ਹੈ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਪੱਕੀ ਹੈ।

# ਨੌਜਵਾਨ ਵੱਲੋਂ ਨਹਿਰ 'ਚ ਛਾਲ ਮਾਰ ਕੇ ਕੀਤੀ ਜੀਵਨ ਲੀਲਾ ਖਤਮ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਜਿਹੜੇ ਵਗਦੀ ਸਰਹੰਦ ਨਹਿਰ ਵਿੱਚ ਮਾਛੀਵਾੜਾ ਦੇ ਨੌਜਵਾਨ ਵੱਲੋਂ ਛਾਲ ਮਾਰ ਕੇ ਆਪਣੇ ਜੀਵਨ ਲੀਲਾ ਸਮਾਪਤ ਕਰ ਲਈ ਗਈ ਹੈ ਪ੍ਰਾਪਤ ਜਾਣਕਾਰੀ ਅਨੁਸਾਰ ਆਦਰਸ਼ ਨਗਰ ਦੇ ਵਾਸੀ ਅਤੇ ਬਿਲਡਿੰਗ ਮਟੀਰੀਅਲ ਦਾ ਕੰਮ ਕਰਦੇ ਵਪਾਰੀ ਸੁਰਿੰਦਰ ਕੁਮਾਰ ਦੇ ਨੌਜਵਾਨ ਪੁੱਤਰ ਹਨੀ (ਉਮਰ 36ਸਾਲ) ਵਲੋਂ ਅੱਜ ਸਰਹਿੰਦ ਨਹਿਰ 'ਚ ਛਾਲ ਮਾਰ ਕੇ ਖ਼ੁਦਕੁਸੀ ਕਰ ਲਈ ਹੈ।ਹਨੀ ਤੜਕੇ ਆਪਣੇ ਘਰ ਇਹ ਕਹਿ ਕੇ ਗਿਆ ਕਿ ਉਹ ਯੋਗਾ ਕਰਨ ਚੱਲਿਆ ਹੈ ਪਰ ਉਸਨੇ ਜਾ ਕੇ ਸਰਹਿੰਦ ਨਹਿਰ ਦੇ ਗੜ੍ਹੀ ਪੁਲ ਤੋਂ ਛਾਲ ਮਾਰ ਦਿੱਤੀ। ਜਾਣਕਾਰੀ ਇਹ ਵੀ ਮਿਲੀ ਹੈ ਕਿ ਪੁਲ ਨੇੜ੍ਹੇ ਖੜ੍ਹੇ ਇੱਕ ਪਰਵਾਸੀ ਮਜ਼ਦੂਰ ਵਲੋਂ ਨਹਿਰ ਵਿਚ ਛਾਲ ਮਾਰ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਪਾਣੀ ਦੇ ਤੇਜ਼ ਵਹਾਅ 'ਚ ਰੁੜ੍ਹ ਗਿਆ।

ਪਰਿਵਾਰ ਵਲੋਂ ਸਵੇਰ ਤੋਂ ਹੀ ਨਹਿਰ 'ਚ ਉਸਦੀ ਤਲਾਸ਼ ਕੀਤੀ ਜਾ ਰਹੀ ਸੀ ਅਤੇ ਬਾਅਦ ਦੁਪਹਿਰ ਮ੍ਰਿਤਕ ਹਨੀ ਦੀ ਲਾਸ਼ ਕਟਾਣੀ ਪੁਲ ਨੇੜਿਓਂ ਬਰਾਮਦ ਹੋ ਗਈ। ਪੁਲਸ ਵਲੋਂ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਨੌਜਵਾਨ ਹਨੀ ਪਿਛਲੇ 4-5 ਸਾਲ ਤੋਂ ਡਿਪਰੈਸ਼ਨ 'ਚ ਰਹਿ ਰਿਹਾ ਸੀ, ਜਿਸ ਸਬੰਧੀ ਉਸਦੀ ਦਵਾਈ ਵੀ ਚੱਲਦੀ ਸੀ।

ਇਸ ਕਾਰਨ ਉਸ ਨੇ ਇਹ ਖੌਫ਼ਨਾਕ ਕਦਮ ਚੁੱਕ ਲਿਆ। ਮ੍ਰਿਤਕ ਹਨੀ ਦੀ ਪਤਨੀ ਨਗਰ ਕੌਂਸਲ 'ਚ ਪ੍ਰਾਈਵੇਟ ਜੌਬ ਕਰਦੀ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਛੋਟੇ-ਛੋਟੇ ਬੱਚੇ ਛੱਡ ਗਿਆ ਹੈ।

# ਈਦ ਮੌਕੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਵਧਾਈ ਇਨਸਾਨੀਅਤ ਸਭ ਤੋਂ ਵੱਡਾ ਧਰਮ: ਜੱਥੇਦਾਰ ਕੱਦੋਂ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਈਦ ਦੇ ਮੌਕੇ ਪੱਥਰਾਂ ਵਾਲੀ ਮਸੀਤ ਮਾਛੀਵਾੜਾ ਸਾਹਿਬ ਵਿਖੇ ਈਦ ਉਤਸ਼ਾਹ ਅਤੇ ਚਾਵਾਂ ਨਾਲ ਮਨਾਈ ਗਈ। ਇਸ ਮੌਕੇ ਉਚੇਚੇ ਤੌਰ ਤੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦੇਣ ਲਈ ਜੱਥੇਦਾਰ ਕੇਵਲ ਸਿੰਘ ਕੱਦੋਂ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ , ਲਕਸ਼ਮੀ ਨਾਰਾਇਣ ਚੇਅਰਮੈਨ ਗ੍ਰੀਨ ਸੇਵਾ ਸੁਸਾਇਟੀ ਮਾਛੀਵਾੜਾਸਾਹਿਬ, ਮੈਡਮ ਰੇਨੂੰ ਬੈਂਸ ਪ੍ਰਧਾਨ ਗ੍ਰੀਨ ਸੇਵਾ ਸੁਸਾਇਟੀ, ਪ੍ਰਿੰਸ ਸੇਠੀ , ਰੋਜੀ ਮਹਿੰਦਰੂ ਪੱਤਰਕਾਰ , ਅਲੀ ਖਾਨ , ਮੈਡਮ ਓਮਾ ਚੋਪੜਾ ਉਚੇਚੇ ਤੌਰ ਤੇ ਪੁੱਜੇ ਅਤੇ ਉਨਾਂ ਮਸਜਿਦ ਦੇ ਇਮਾਮ ਸਾਹਿਬ ( ਮੌਲਵੀ ਸਾਹਿਬ ) ਸਮੇਤ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਜੱਥੇਦਾਰ ਕੇਵਲ ਸਿੰਘ ਕੱਦੋਂ ਨੇ ਕਿਹਾ ਕਿ ਦੁਨੀਆਂ ਦੇ ਸਾਰੇ ਧਰਮ ਸਾਨੂੰ ਵੱਖ-ਵੱਖ ਨਾਵਾਂ ਰਾਹੀਂ ਪਰਮਾਤਮਾ ਨਾਲ ਜੁੜਨ ਦਾ ਸੁਨੇਹਾ ਦਿੰਦੇ ਹਨ ਤੇ ਇੱਕੋ ਹੀ ਪਰਮਾਤਮਾ ਦਾ ਨਾਮ ਲੈਣਾ ਸਿਖਾਉਂਦੇ ਹਨ ਤ ਉਨ੍ਹਾਂ ਕਿਹਾ ਕਿ ਸਭ ਤੋਂ ਵੱਡਾ ਧਰਮ ਇਨਸਾਨੀਅਤ ਦਾ ਹੈ ਤੇ ਸਾਨੂੰ ÷ ਜੀਓ ਤੇ ਜੀਉਣ ਦਿਓ ÷ ਦੇ ਸਿਧਾਂਤ ਤੇ ਚਲਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਕੁਝ ਤਾਕਤਾਂ ਦੇਸ਼ ਵਿੱਚ ਧਰਮ , ਜਾਤ ਤੇ ਇਲਾਕੇ ਦੇ ਨਾਮ ਤੇ ਲੋਕਾਂ ਅੰਦਰ ਨਫ਼ਰਤ ਫੈਲਾਉਣ ਲਈ ਲਗੀਆਂ ਹੋਈਆਂ ਹਨ ਜੋ ਸਾਨੂੰ ਆਪਸ ਵਿੱਚ ਲੜਾਉਣਾਂ ਚਾਹੁੰਦੀਆਂ ਹਨ ਪਰ ਸਾਨੂੰ ਆਪਸੀ ਤਾਲਮੇਲ ਕਾਇਮ ਰੱਖ ਕੇ ਇਨ੍ਹਾਂ ਤਾਕਤਾਂ ਨੂੰ ਕਾਮਯਾਬ ਨਹੀਂ ਹੋਣ ਦੇਣਾ।



ਉਨ੍ਹਾਂ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਉਪਰਾਲੇ ਕਰਨ ਦੀ ਅਪੀਲ ਕੀਤੀ। ਉਹਨਾਂ ਮੁਸਲਿਮ ਭਾਈਚਾਰੇ ਨਾਲ ਅੱਜ ਦੇ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਸਭਨਾਂ ਦਾ ਮੂੰਹ ਮਿੱਠਾ ਕਰਵਾਉਂਦੇ ਇੱਕ ਦੂਜੇ ਨੂੰ ਵਧਾਈ ਦਿੱਤੀ।

# ਲੁਧਿਆਣੇ ਦੀਆਂ ਸੰਗਤਾਂ ਵੱਲੋਂ ਬਾਬਾ ਸ਼ੁੱਧ ਸਿੰਘ ਨੂੰ ਧਰਮ ਪ੍ਰਚਾਰ ਲਈ ਗੱਡੀ ਭੇਂਟ



**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਧਰਮ ਦੇ ਪ੍ਰਚਾਰ ਲਈ ਪੰਜਾਬੀਆਂ ਦਾ ਯੋਗਦਾਨ ਹਮੇਸ਼ਾ ਉੱਚਾ, ਸੁੱਚਾ ਤੇ ਉੱਘਾ ਰਿਹਾ ਹੈਤੇ ਪੰਜਾਬੀ ਤਾਂ ਆਏ ਹੀ ਦਾਨ ਪੁੰਨ ਕਰਨ ਹਨ। ਸਤਵਿੰਦਰ ਸਿੰਘ ਲਵਲੀ ਪ੍ਰਧਾਨ ਡੈਅਰੀ ਕੰਪਲੈਕਸ ਤਾਜਪੁਰ ਰੋਡ ਲੁਧਿਆਣਾ, ਸੁਰਿੰਦਰ ਸਿੰਘ ਚੌਹਾਨ ਅਤੇ ਲੁਧਿਆਣਾ ਸ਼ਹਿਰ ਦੀਆਂ ਸਿੱਖ ਸੰਗਤਾਂ ਵੱਲੋਂ ਜਥੇਦਾਰ ਬਾਬਾ ਸੁੱਧ ਸਿੰਘ ਜੀ ਟੂਸਿਆਂ ਵਾਲੇ (ਮਾਛੀਵਾੜਾ ਸਾਹਿਬ) ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਇੱਕ ਗੱਡੀ ਦਾਨ ਵਜੋਂ ਭੇਟ ਕੀਤੀ ਗਈ, ਤਾਂ ਜੋ ਸਿੱਖ ਧਰਮ ਦੇ ਪ੍ਰਚਾਰ ਲਈ ਬਾਬਾ ਸ਼ੁੱਧ ਸਿੰਘ ਦੁਆਰਾ ਕੀਤੇ ਜਾਂਦੇ ਯਤਨਾਂ ਨੂੰ ਹੋਰ ਹੁਲਾਰਾ ਮਿਲ ਸਕੇ। ਕਿਉਂਕਿ ਬਾਬਾ ਸ਼ੁੱਧ ਸਿੰਘ ਟੂਸਿਆਂ ਵਾਲੇ ਜਿੱਥੇ ਸਾਰਾ ਸਾਲ ਸੰਗਤਾਂ ਲਈ ਮੈਡੀਕਲ ਚੈੱਕ ਅਪ ਕੈਂਪ ,ਅੱਖਾਂ ਦੇ ਕੈਂਪ , ਖ਼ੂਨਦਾਨ ਕੈਂਪ, ਲੋੜਵੰਦ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਅਤੇ ਹੇਮਕੋਂਟ ਦੇ ਰਸਤਿਆਂ ਵਿੱਚ ਸੰਗਤਾਂ ਲਈ ਲੰਗਰ ਲਗਾਉਣ ਦੇ ਨਾਲ ਨਾਲ ਸਾਰਾ ਸਾਲ ਸਮਾਜ ਸੇਵੀ ਕਾਰਜਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਬਾਬਾ ਸ਼ੁੱਧ ਸਿੰਘ ਵੱਲੋਂ ਸਿੱਖ ਸੰਗਤਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਆਪਣੇ ਧਰਮ ਲਈ ਪ੍ਰਚਾਰ ਕਰਦਿਆਂ ਸੰਗਤਾਂ ਨੂੰ ਵੱਧ ਤੋਂ ਵੱਧ ਗੁਰਬਾਣੀ ਨਾਲ ਜੋੜਦਿਆਂ ਗੁਰੂ ਲੜ ਲਾਇਆ ਜਾਵੇ।

ਇਸ ਮੌਕੇ ਜਥੇਦਾਰ ਸਰਬਜੀਤ ਸਿੰਘ ਅਤੇ ਜਥੇਦਾਰ ਸਤਵੰਤ ਸਿੰਘ ਵੀ ਹਾਜ਼ਰ ਸਨ।

# ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਖੇਡ ਮੁਕਾਬਲੇ ਅਤੇ ਜਾਗਰੂਕਤਾ ਸੈਮੀਨਾਰ ਕਰਵਾਏ ਗਏ



**ਮਲੇਰਕੋਟਲਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਜ਼ਿਲ੍ਹਾ ਖੇਡ ਅਫ਼ਸਰ ਮਾਲੇਰਕੋਟਲਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਖੇਡ ਕੇਂਦਰਾਂ ਵਿੱਚ ਖੇਡ ਗਤੀਵਿਧੀਆਂ ਅਤੇ ਜਾਗਰੂਕਤਾ ਸਮਾਗਮ ਕਰਵਾਏ ਗਏ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦਿਆਂ ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਦਾ ਮਨੋਬਲ ਉੱਚਾ ਚੁੱਕਣਾ ਹੈ। ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਨਨਕਾਣਾ ਪਬਲਿਕ ਸਕੂਲ, ਪਿੰਡ ਰਾਮਪੁਰ ਛੰਨਾ ਵਿਖੇ ਚੱਲ ਰਹੇ ਹਾਕੀ ਕੋਚਿੰਗ ਸੈਂਟਰ ਵਿੱਚ ਹਾਕੀ ਮੈਚ ਕਰਵਾਏ ਗਏ। ਇਸ ਦੌਰਾਨ ਮੌਜੂਦ ਖਿਡਾਰੀਆਂ, ਕੋਚਾਂ ਅਤੇ ਪਬਲਿਕ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦਿਆਂ ਇੱਕ ਜਾਗਰੂਕਤਾ ਸੈਮੀਨਾਰ ਵੀ ਆਯੋਜਿਤ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਦੇ ਸਾਰੇ ਕੋਚਿੰਗ ਸੈਂਟਰਾਂ ਵਿੱਚ ਡਰੱਗਜ਼ ਨਾਲ ਸਬੰਧਤ ਨਸ਼ੀਲੇ ਪੌਦਿਆਂ ਦੀ ਪਛਾਣ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਖਿਡਾਰੀਆਂ ਨੂੰ ਇਸ ਬਾਰੇ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਲੜਕੀਆਂ ਦੇ ਫੁੱਟਬਾਲ ਮੈਚ ਵੀ ਕਰਵਾਏ ਗਏ।

ਮੁਕਾਬਲਿਆਂ ਤੋਂ ਬਾਅਦ ਖਿਡਾਰੀਆਂ ਅਤੇ ਹੋਰ ਹਾਜ਼ਰ ਵਿਅਕਤੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਾਰਿਆਂ ਨੇ ਇਕਜੁੱਟ ਹੋ ਕੇ ਨਸ਼ਿਆਂ ਦੇ ਖਾਤਮੇ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਪ੍ਰਣ ਵੀ ਲਿਆ।

# ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਮੋਬਾਈਲ ਹਸਪਤਾਲ ਵੈਨ ਰਾਹੀਂ ਮੈਡੀਕਲ ਕੈਂਪ

**ਸੁਨਾਮ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਨੈਸ਼ਨਲ ਹਾਈਡਰੋ ਪਾਵਰ ਕਾਰਪੋਰੇਸ਼ਨ, ਬਿਜਲੀ ਮੰਤਰਾਲਿਆ ਦੁਆਰਾ ਮੁਹੱਈਆ ਕਰਵਾਈ ਗਈ ਮੋਬਾਈਲ ਹਸਪਤਾਲ ਵੈਨ ਰਾਹੀਂ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਸ਼੍ਰੀ ਬਾਲਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਮੋਬਾਈਲ ਹਸਪਤਾਲ ਵੈਨ ਰਾਹੀਂ ਵੱਖ-ਵੱਖ ਥਾਵਾਂ 'ਤੇ ਪਹੁੰਚ ਕੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਨੂੰ ਜਾਰੀ ਰੱਖਦਿਆਂ 131ਵਾਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲੌਂਗੋਵਾਲ ਦੀ ਅਨਾਜ ਮੰਡੀ ਅਤੇ ਝੁੱਗੀ-ਝੌਂਪੜੀਆਂ ਵਿੱਚ ਲਗਾਇਆ ਗਿਆ। ਜਨਾਲੀਆ ਨੇ ਦੱਸਿਆ ਕਿ ਇਹ ਕੈਂਪ ਸਮਾਜ ਸੇਵਾ ਨੂੰ ਸਮਰਪਿਤ ਡਾਕਟਰ ਪ੍ਰਭਜੋਤ ਸਿੰਘ ਢਿੱਲੋਂ ਦੀ ਦੇਖ-ਰੇਖ ਹੇਠ ਲਗਾਇਆ ਗਿਆ।



ਡਾ. ਪ੍ਰਭਜੋਤ ਢਿੱਲੋਂ ਨੇ ਕਿਹਾ ਕਿ ਗਰਮੀ ਦਾ ਪ੍ਰਕੋਪ ਬਹੁਤ ਵਧਦਾ ਜਾ ਰਿਹਾ ਹੈ, ਅਜਿਹੇ ਵਿੱਚ ਤੁਹਾਨੂੰ ਵੱਧ ਤੋਂ ਵੱਧ ਤਰਲ ਪਦਾਰਥ (ਤਰਲ ਚੀਜ਼ਾਂ) ਹੀ ਪੀਣੇ ਚਾਹੀਦੇ ਹਨ। ਇਸ ਗਰਮੀ ਵਿੱਚ ਨਿੰਬੂ ਪਾਣੀ ਸਭ ਤੋਂ ਫਾਇਦੇਮੰਦ ਹੁੰਦਾ ਹੈ। ਬਹੁਤਾ ਠੰਡਾ ਪਾਣੀ ਪੀਣ ਤੋਂ ਬਚਣਾ ਚਾਹੀਦਾ ਹੈ। ਦੁਪਹਿਰ ਵੇਲੇ ਬਾਹਰ ਨਾ ਨਿਕਲੋ, ਜੇਕਰ ਬਾਹਰ ਜਾਣਾ ਜ਼ਰੂਰੀ ਹੋਵੇ ਤਾਂ ਸਿਰ ਢੱਕ ਕੇ ਹੀ ਨਿਕਲੋ ਅਤੇ ਤਲੇ ਹੋਏ ਅਤੇ ਮਸਾਲੇਦਾਰ ਭੋਜਨ ਦੀ ਵਰਤੋਂ ਘੱਟ ਤੋਂ ਘੱਟ ਕਰੋ।

ਜਨਾਲੀਆ ਨੇ ਦੱਸਿਆ ਕਿ ਕੈਂਪ ਦੌਰਾਨ ਸ਼੍ਰੀ ਬਾਲਾ ਜੀ ਟਰੱਸਟ ਵੱਲੋਂ ਬੀ.ਪੀ., ਪਲਸ, ਬੁਖਾਰ ਆਦਿ ਦੀ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸ਼੍ਰੀ ਬਾਲਾ ਜੀ ਟਰੱਸਟ ਵੱਲੋਂ ਵੱਖ-ਵੱਖ ਥਾਵਾਂ 'ਤੇ ਜਾ ਕੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲੋੜਵੰਦ ਵਿਅਕਤੀਆਂ ਦੀ ਸੇਵਾ ਕੀਤੀ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਮਨੁੱਖਤਾ ਦੀ ਸੇਵਾ ਪੂਰੀ ਲਗਨ ਨਾਲ ਕਰਦੇ ਰਹਿਣਗੇ।ਇਸ ਮੌਕੇ ਡਾ. ਪ੍ਰਭਜੋਤ ਸਿੰਘ ਢਿੱਲੋਂ, ਸਾਹਿਲ, ਗੋਲੂ ਆਦਿ ਹਾਜ਼ਰ ਸਨ।

# ਕੇਰਲਾ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਪਿਨਾਰਾਈ ਵਿਜਯਨ 'ਤੇ ਈ ਡੀ ਦੇ ਛਾਪੇ ਦਾ ਕੀਤਾ ਵਿਰੋਧ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇਥੇ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਸੀਟੂ ਦੇ ਤਹਿਸੀਲ ਸਮਰਾਲਾ ਦੇ ਪ੍ਰਧਾਨ ਕਾਮਰੇਡ ਭਜਨ ਸਿੰਘ ਦੀ ਅਗਵਾਈ ਹੇਠ ਇਕੱਠੇ ਹੋਏ ਵਰਕਰਾਂ ਨੇ ਮੀਟਿੰਗ ਕਰ ਕੇਂਦਰ ਸਰਕਾਰ ਦੀਆਂ ਲੋਕ ਤੇ ਲੋਕਤੰਤਰ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਦਿੰਦਾ ਕੀਤੀ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਤਹਿਸੀਲ ਜਨਰਲ ਸਕੱਤਰ ਕਾਮਰੇਡ ਰਣਜੀਤ ਸਿੰਘ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਪਿਨਾਰਾਈ ਵਿਜਯਨ 'ਤੇ ਈ ਡੀ ਦੇ ਛਾਪੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਕੇਂਦਰ ਦੀਆਂ ਏਜੰਸੀਆਂ ਵਿਰੋਧੀ ਧਿਰ ਦੇ ਨੇਤਾਵਾਂ ਉਪਰ ਜਾਣਬੁਝ ਕੇ ਕਾਰਵਾਈ ਕਰ ਰਹੀਆਂ ਹਨ ਉਹਨਾਂ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਪੱਛਮੀ ਬੰਗਾਲ, ਤ੍ਰਿਪੁਰਾ ਤੇ ਕੇਰਲਾ ਵਿਚ




ਲੰਮਾ ਅਰਸਾ ਸਰਕਾਰਾਂ ਚਲਾਉਣ ਦੇ ਬਾਵਜੂਦ ਕਿਸੇ ਵੀ ਕਮਿਊਨਿਸਟ ਆਗੂ ਉੱਪਰ ਭਰਿਸ਼ਟਾਚਾਰ ਦਾ ਕੋਈ ਦਾਗ ਨਹੀਂ ਲੱਗਾ।

ਇਸ ਮੌਕੇ ਉਹਨਾਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਮੋਦੀ ਸਰਕਾਰ ਈ ਡੀ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋ ਸਿਰਫ ਵਿਰੋਧੀ ਧਿਰ ਦੇ ਆਗੂਆਂ ਨੂੰ ਬਦਨਾਮ ਕਰਨ ਜਾ ਫੇਰ ਕੁਝ ਆਗੂਆਂ ਨੂੰ ਬੀ ਜੇ ਪੀ ਦੀ ਵਾਸ਼ਿੰਗ ਮਸ਼ੀਨ ਵਿਚ ਧੋ ਕੇ ਪਾਰਟੀ ਵਿਚ ਸ਼ਾਮਿਲ ਕਰਨ ਲਈ ਹੀ ਕਰ ਰਹੀ ਹੈ, ਜਿਹੜਾ ਕਿ ਲੋਕਤੰਤਰ ਵਿਰੋਧੀ ਕਦਮ ਹੈ ਅਤੇ ਇਸ ਕਦਮ ਦਾ ਵਿਰੋਧ ਕਰਨਾ ਹਰ ਲੋਕਤੰਤਰ ਪਸੰਦ ਧਿਰ ਦਾ ਮੁੱਢਲਾ ਫਰਜ਼ ਬਣਦਾ ਹੈ ।

ਇਕ ਹੋਰ ਮਤੇ ਵਿਚ ਕੇਂਦਰ ਸਰਕਾਰ ਵੱਲੋਂ ਪੈਟਰੋਲਿਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਕੀਤੇ ਜਾ ਰਹੇ ਵਾਧੇ ਨੂੰ ਲੋਕ ਵਿਰੋਧੀ ਕਰਾਰ ਦਿੱਤਾ। ਉਹਨਾਂ ਕਿਹਾ ਕਿ ਤੇਲ ਗੈਸ ਦੀਆਂ ਕੀਮਤਾਂ ਵਿਚ ਵਾਧੇ ਨਾਲ ਹਰ ਖੇਤਰ ਵਿਚ ਮਹਿੰਗਾਈ ਵਧ ਰਹੀ ਅਤੇ ਮੋਦੀ ਸਰਕਾਰ ਸਿਰਫ ਦੇਸ਼ ਵਾਸੀਆਂ ਨੂੰ ਉਪਦੇਸ਼ ਦੇ ਰਹੀ ਹੈ।

ਉਹਨਾਂ ਕਿਹਾ ਕਿ ਪਿਛਲੇ ਸਾਲਾਂ ਵਿਚ ਸਸਤਾ ਕੱਚਾ ਤੇਲ ਲੈਕੇ ਮਹਿੰਗੇ ਭਾਅ ਵੇਚਕੇ ਕਰੋੜਾਂ ਅਰਬਾਂ ਰੁਪਏ ਦਾ ਮੁਨਾਫਾ ਕਮਾਉਣ ਵਾਲੀਆਂ ਸਰਕਾਰੀ ਗੈਰ ਸਰਕਾਰੀ ਤੇਲ ਕੰਪਨੀ ਨੂੰ ਪੈਣ ਵਾਲੇ ਕਥਿਤ ਘਾਟੇ ਦੇ ਨਾਮ ਉਪਰ ਕੀਮਤਾਂ ਵਿਚ ਵਾਧੇ ਨੇ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ ਕਿਉਂਕਿ ਸਰਕਾਰ ਲੋਕਾਂ ਨੂੰ ਰਾਹਤ ਦੇਣ ਲਈ ਪੈਟਰੋਲੀਅਮ ਪਦਾਰਥਾਂ ਤੇ ਲੱਗਦੇ ਟੈਕਸ ਰੂਪੀ ਆਪਣੇ ਮੁਨਾਫੇ ਨੂੰ ਘੱਟ ਕਰਨ ਲਈ ਤਿਆਰ ਨਹੀਂ ਅਤੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੂਰਾ ਵਜ਼ਨ ਆਮ ਜਨਤਾ ਉੱਪਰ ਪਾਕੇ ਅਤੇ ਤਰਾਂ ਤਰਾ ਦੇ ਉਪਦੇਸ਼ ਦੇਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ । ਮੀਟਿੰਗ ਵਿਚ ਕਾਮਰੇਡ ਮਸਤਾ ਸਿੰਘ, ਕਾਮਰੇਡ ਨਿਰਮਲ ਸਿੰਘ, ਹਰਜਿੰਦਰ ਸਿੰਘ, ਗੁਰਬਚਨ ਸਿੰਘ, ਤਾਰਾ ਸਿੰਘ,ਜਗਮੀਤ ਸਿੰਘ,ਹਰਬੰਸ ਸਿੰਘ ਅਤੇ ਹਰਜਿੰਦਰ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

# ਖੇਡਾਂ ਤੰਦਰੁਸਤ ਸਮਾਜ ਦੀ ਸਿਰਜਣਾ ਦਾ ਸਾਧਨ: ਹਰਪਾਲ ਸਿੰਘ ਚੀਮਾ

## ਕੈਬਨਿਟ ਮੰਤਰੀ ਨੇ ਪਿੰਡ ਖਨਾਲ ਖੁਰਦ ਵਿਖੇ ਸਟੇਡੀਅਮ ਬਣਾਉਣ ਦਾ ਕੀਤਾ ਐਲਾਨ

**ਦਿੜ੍ਹਬਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਖੇਡਾਂ ਨਾਲ ਜਿੱਥੇ ਨੌਜਵਾਨਾਂ ਦੀ ਸਿਹਤ ਤੰਦਰੁਸਤੀ ਨਾਲ ਜੁੜੀ ਰਹਿੰਦੀ ਹੈ ਅਤੇ ਦੇਸ਼ ਦਾ ਨੌਜਵਾਨ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿੰਦਾ ਹੈ ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਲਈ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਵੀ ਹੁੰਦੀ ਹੈ। ਉਹ ਪਿੰਡ ਖਨਾਲ ਖੁਰਦ ਵਿਖੇ ਕ੍ਰਿਕਟ ਦੇ ਟੂਰਨਾਮੈਂਟ ਦੌਰਾਨ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਆਏ ਸਨ।

ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਬਾਬਾ ਵਰਿਆਮ ਸਿੰਘ ਸਪੋਰਟਸ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਾਲ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਿਸ਼ੇਸ਼ ਮੁੱਖ ਮਹਿਮਾਨ ਦੇ ਤੌਰ 'ਤੇ ਟੂਰਨਾਮੈਂਟ ਵਿੱਚ ਪਹੁੰਚੇ। ਉਹਨਾਂ ਵੱਲੋਂ ਖਿਡਾਰੀਆਂ ਨੂੰ ਮਿਲ ਕੇ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ।

ਕੈਬਨਿਟ ਮੰਤਰੀ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾਂ ਮਨੁੱਖੀ ਜ਼ਿੰਦਗੀ ਦਾ ਜ਼ਰੂਰੀ ਅੰਗ ਹਨ। ਖੇਡਾਂ ਦੇ ਨਾਲ ਹੀ ਤੰਦਰੁਸਤ ਸਮਾਜ ਦੀ ਨੀਂਹ ਰੱਖੀ ਜਾਂਦੀ ਹੈ।

ਉਹਨਾਂ ਕਿਹਾ ਕਿ ਅੱਜ ਗਰਮੀ ਦੇ ਵਿੱਚ ਵੀ ਸਾਡੇ ਪੰਜਾਬ ਦੇ ਨੌਜਵਾਨ ਖੇਡ ਮੈਦਾਨ ਵਿੱਚ ਹੌਸਲੇ ਨਾਲ ਆਪਣੇ ਜੌਹਰ ਵਿਖਾ ਰਹੇ ਹਨ, ਇਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੇ ਨੌਜਵਾਨਾਂ ਅੰਦਰ ਜੋਸ਼ ਅਤੇ ਜਜ਼ਬਾ ਹੈ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਦਾਗ ਨਾਲ ਬਦਨਾਮ ਕਰਨ ਵਾਲਿਆਂ ਨੂੰ ਇਹੋ ਜਿਹੇ ਟੂਰਨਾਮੈਂਟ ਜਵਾਬ ਦਿੰਦੇ ਹਨ ਅਤੇ ਉਹਨਾਂ ਨੂੰ ਦੱਸਦੇ ਹਨ ਕਿ ਪੰਜਾਬ ਦਾ ਨੌਜਵਾਨ ਜਿੱਥੇ ਸਰਹੱਦਾਂ ਦੀ ਰਾਖੀ ਕਰਦਾ ਹੈ, ਖੇਤ ਅੰਦਰ ਅਨਾਜ ਪੈਦਾ ਕਰਦਾ ਹੈ ਅਤੇ ਇਸ ਦੇ ਨਾਲ ਹੀ ਉਹ ਜਦੋਂ ਖੇਡ ਦੇ ਮੈਦਾਨ ਦੇ ਵਿੱਚ ਆਉਂਦਾ ਹੈ ਤਾਂ ਵਿਰੋਧੀ ਟੀਮਾਂ ਨੂੰ ਤਰੇਲੀਆਂ ਪਾ ਦਿੰਦਾ ਹੈ।

ਖਿਡਾਰੀਆਂ ਤੇ ਪਿੰਡ ਵਾਸੀਆਂ ਦੀ ਮੰਗ ਉੱਤੇ ਉਨਾਂ ਨੇ ਪਿੰਡ ਖਨਾਲ ਖੁਰਦ ਵਿਖੇ ਇੱਕ ਸਟੇਡੀਅਮ ਬਣਾਉਣ ਦਾ ਵੀ ਐਲਾਨ ਕੀਤਾ। ਉਹਨਾਂ ਕਿਹਾ ਕਿ ਪੰਚਾਇਤ ਜਦੋਂ ਸਟੇਡੀਅਮ ਬਣਾਉਣ ਲਈ ਜ਼ਮੀਨ ਦੇ ਦੇਵੇਗੀ, ਉਸਦੇ ਨਾਲ ਹੀ ਸਟੇਡੀਅਮ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਬਣਾਈ ਗਈ ਖੇਡ ਨੀਤੀ ਅਨੁਸਾਰ ਪੰਜਾਬ ਵਿੱਚ 3000 ਦੇ ਕਰੀਬ ਸਟੇਡੀਅਮ ਬਣਾਏ ਜਾ ਚੁੱਕੇ ਹਨ ਤਾਂ ਤੇ 6 ਹਜਾਰ ਹੋਰ ਸਟੇਡੀਅਮ ਬਣਾਉਣ ਦਾ ਟੀਚਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਰੱਖਿਆ ਗਿਆ ਹੈ। ਉਹਨਾਂ ਸਰਕਾਰ ਦੀ ਖੇਡਾਂ ਪ੍ਰਤੀ ਭਾਵਨਾ ਨੂੰ ਪੇਸ਼ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੋ ਦਿਨ ਪਹਿਲਾਂ ਸੈਂਕੜੇ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਦੇ ਕੇ ਸਨਮਾਨਿਤ ਕੀਤਾ ਹੈ। ਇਸ ਦੇ ਨਾਲ ਬਹੁਤ ਸਾਰੇ ਖਿਡਾਰੀਆਂ ਨੂੰ ਨਗਦ ਰਾਸ਼ੀ ਦੇ ਕੇ ਵੀ ਉਹਨਾਂ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਸਰਕਾਰ ਹੈ ਜੋ ਖਿਡਾਰੀਆਂ ਨੂੰ ਕੰਪੀਟੀਸ਼ਨ ਲੜਨ ਤੋਂ ਪਹਿਲਾਂ ਉਹਨਾਂ ਦੀ ਵਿੱਤੀ ਮਦਦ ਕਰਦੀ ਹੈ।

ਪਿੰਡ ਦੇ ਸਰਪੰਚ ਸਤਨਾਮ ਸਿੰਘ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਵੱਲੋਂ ਪਹਿਲਾਂ ਵੀ ਪਿੰਡ ਦੇ ਵਿੱਚ ਬਹੁਤ ਗਰਾਂਟਾਂ ਦਿੱਤੀਆਂ ਗਈਆਂ ਹਨ ਅਤੇ ਸਟੇਡੀਅਮ ਬਣਾਉਣ ਦੀ ਮੰਗ ਨੂੰ ਪੂਰਾ ਕਰਕੇ ਉਹਨਾਂ ਨੇ ਪਿੰਡ ਵਾਲਿਆਂ ਦਾ ਮਾਣ ਰੱਖਿਆ ਹੈ।

ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਸਮੁੱਚੀ ਪੰਚਾਇਤ, ਕਲੱਬ ਮੈਂਬਰ ਅਤੇ ਇਲਾਕੇ ਦੇ ਖਿਡਾਰੀ ਹਾਜ਼ਰ ਸਨ।



# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸਨਾਤਨ ਹਿੰਦੂ ਧਰਮ ਨੂੰ ਉਤਸ਼ਾਹਿਤ ਕਰਨ ਲਈ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਦਾ ਆਯੋਜਨ



**ਪਟਿਆਲਾ, 31 ਮਈ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ, ਪ੍ਰਸਿੱਧ ਭਜਨ ਗਾਇਕ ਮਹੰਤ ਰਾਕੇਸ਼ ਜੀ ਨੇ ਕਿਹਾ ਕਿ ਭਾਰਤੀ ਅਧਿਆਤਮਿਕ ਅਤੇ ਭਗਤੀ ਪਰੰਪਰਾਵਾਂ ਵਿੱਚ, ਰਾਮ ਦਾ ਨਾਮ ਰਾਮ ਨਾਲੋਂ ਵੱਡਾ ਹੈ ਦਾ ਅਰਥ ਹੈ ਕਿ ਨਾਮ ਪਰਮਾਤਮਾ ਦੇ ਭੌਤਿਕ ਰੂਪ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ। ਨਾਮ ਦੀ ਇਹ ਮਹਿਮਾ ਭਗਵਾਨ ਰਾਮ ਦੇ ਆਪਣੇ ਸ਼ਖਸੀਅਤ ਨਾਲੋਂ ਵੀ ਵਧੇਰੇ ਵਿਆਪਕ ਅਤੇ ਮੁਕਤੀਦਾਇਕ ਮੰਨੀ ਜਾਂਦੀ ਹੈ।

ਰਾਮ ਦੇ ਨਾਮ ਦੇ ਰਾਮ ਨਾਲੋਂ ਮਹਾਨ ਹੋਣ ਦੇ ਮੁੱਖ ਕਾਰਨ ਇਹ ਹਨ ਕਿ ਨਾਮ ਸਰਵ ਵਿਆਪਕ ਅਤੇ ਨਿਰਾਕਾਰ ਹੈ: ਭਗਵਾਨ ਰਾਮ ਇੱਕ ਸੀਮਤ ਸਮੇਂ (ਤ੍ਰੇਤਾ ਯੁੱਗ) ਲਈ ਮਨੁੱਖੀ ਸਰੀਰ ਵਿੱਚ ਸੀਮਤ ਸਨ। ਇਸਦੇ ਉਲਟ, 'ਰਾਮ' ਨਾਮ ਨਿਰਾਕਾਰ, ਅਜਨਮਾ ਅਤੇ ਸਰਵ ਵਿਆਪਕ ਹੈ, ਜਿਸਦਾ ਕੋਈ ਅੰਤ ਨਹੀਂ ਹੈ।

ਸਮੁੰਦਰ ਪਾਰ ਕਰਨ ਦੀ ਸਮਰੱਥਾ: ਲੰਕਾ ਪਹੁੰਚਣ ਲਈ, ਸ਼੍ਰੀ ਰਾਮ ਨੂੰ ਪੱਥਰਾਂ ਦਾ ਪੁਲ ਬਣਾਉਣਾ ਪਿਆ। ਪਰ ਉਸਦੇ ਨਾਮ ਦੀ ਸ਼ਰਨ ਲੈ ਕੇ, ਅਣਗਿਣਤ ਲੋਕ ਜਨਮ ਅਤੇ ਮੌਤ ਦੇ ਸਮੁੰਦਰ ਨੂੰ ਪਾਰ ਕਰ ਗਏ ਹਨ।

ਅਨੰਤ ਮੁਕਤੀ: ਆਪਣੇ ਜੀਵਨ ਕਾਲ ਵਿੱਚ, ਸ੍ਰੀ ਰਾਮ ਨੇ ਖੁਦ ਅਹਿਲਿਆ ਨੂੰ ਬਚਾਇਆ ਅਤੇ ਸ਼ਬਰੀ ਨੂੰ ਮੁਕਤ ਕਰਵਾਇਆ। ਪਰ ਰਾਮ ਦੇ ਨਾਮ ਨੇ ਲੱਖਾਂ ਅਜਿਹੇ ਲੋਕਾਂ ਦਾ ਕਲਿਆਣ ਕੀਤਾ ਹੈ।

(ਤੁਲਸੀਦਾਸ ਦੀ ਰਾਏ: ਗੋਸਵਾਮੀ ਤੁਲਸੀਦਾਸ ਦੇ ਅਨੁਸਾਰ, ਭਗਵਾਨ ਰਾਮ ਕੋਲ ਵੀ ਉਨ੍ਹਾਂ ਸਾਰੇ ਲੋਕਾਂ ਦੀ ਸੂਚੀ ਨਹੀਂ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਨਾਮ ਨੇ ਮੁਕਤ ਕੀਤਾ ਹੈ।

ਸ਼ਿਵ ਦਾ ਮੰਤਰ: ਜਦੋਂ ਮਹਾਰਿਸ਼ੀ ਵਾਲਮੀਕਿ ਨੇ ਰਾਮਾਇਣ ਦੀ ਰਚਨਾ ਕੀਤੀ, ਜਿਸ ਵਿੱਚ 100 ਕਰੋੜ ਛੰਦ ਹਨ, ਤਾਂ ਭਗਵਾਨ ਸ਼ਿਵ ਨੇ ਸਿਰਫ਼ ਦੋ ਅੱਖਰ, 'ਰਾ' ਅਤੇ 'ਮਾ', ਨੂੰ ਪੂਰੇ ਰਾਮਾਇਣ ਦੇ ਸਾਰ ਵਜੋਂ ਰੱਖਿਆ।

ਇਸ ਮੌਕੇ 'ਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸੰਸਥਾਪਕ ਪਵਨ ਕੁਮਾਰ ਗੁਪਤਾ, ਪੰਜਾਬ ਰਾਜ ਚੇਅਰਮੈਨ ਹੇਮਰਾਜ ਗੋਇਲ, ਪੰਜਾਬ ਮੁੱਖ ਸਨਾਤਨ ਧਰਮ ਪ੍ਰਚਾਰਕ, ਜੋਤਸ਼ੀ ਆਚਾਰੀਆ ਬਦਰੀ ਪ੍ਰਸਾਦ ਸ਼ਾਸਤਰੀ, ਸੂਬਾ ਜਨਰਲ ਸਕੱਤਰ ਡਾ. ਸ਼੍ਰੀਚੰਦ ਸ਼ਰਮਾ, ਸੁਮਨ ਗੁਪਤਾ (ਪੰਜਾਬ ਪ੍ਰਧਾਨ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਮਹਿਲਾ ਇਕਾਈ), ਗੀਤਾ ਗੋਇਲ, ਸੂਬਾ ਜਨਰਲ ਸਕੱਤਰ, ਮਹਿਲਾ ਇਕਾਈ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪੰਜਾਬ, ਵੀਰਤਾ ਸ਼ਰਮਾ, ਮਹਿਲਾ ਸ਼ਾਖਾ, ਪਟਿਆਲਾ ਦੀ ਜ਼ਿਲ੍ਹਾ ਮੁਖੀ, ਸੁਨੀਤਾ ਰਾਣੀ, ਜ਼ਿਲ੍ਹਾ ਉਪ ਪ੍ਰਧਾਨ, ਪਟਿਆਲਾ, ਰੋਨੀ, ਸ਼੍ਰੀ ਰਮੇਸ਼ ਕੰਬੋਜ, ਪੱਪੂ, ਗੁੱਡੂ, ਖਿਲਾਵਨ, ਰਾਮ ਪ੍ਰਸਾਦ, ਰਾਜਕੁਮਾਰ ਬਿੱਟੂ, ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਾਰੇ ਮੈਂਬਰ ਅਤੇ ਅਹੁਦੇਦਾਰ ਸੇਵਾ ਵਿੱਚ ਮੌਜੂਦ ਰਹੇ।

# ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਨਾਲ ਲੋਕਾਂ ਦਾ ਭਰੋਸਾ ਲਗਾਤਾਰ ਮਜ਼ਬੂਤ ਹੋ ਰਿਹਾ: ਹਰਮੀਤ ਸਿੰਘ ਕਾਲਕਾ




**ਨਵੀਂ ਦਿੱਲੀ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਕੌਮੀ ਆਗੂ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਹਮੇਸ਼ਾਂ ਸਿੱਖ ਕੌਮ ਦੀ ਚੜ੍ਹਦੀ ਕਲਾ, ਪੰਥਕ ਮਰਿਆਦਾਵਾਂ ਅਤੇ ਲੋਕ ਸੇਵਾ ਲਈ ਸਮਰਪਿਤ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਹਰ ਔਖੇ ਸਮੇਂ ਦੌਰਾਨ ਸੰਗਤ, ਕਿਸਾਨਾਂ ਅਤੇ ਆਮ ਲੋਕਾਂ ਦੇ ਹੱਕਾਂ ਲਈ ਡੱਟ ਕੇ ਆਵਾਜ਼ ਬੁਲੰਦ ਕੀਤੀ ਹੈ, ਜਿਸ ਕਾਰਨ ਲੋਕਾਂ ਦਾ ਭਰੋਸਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਦੀ ਸੋਚ, ਸਿਧਾਂਤਾਂ ਅਤੇ ਪੰਥਕ ਸੇਵਾਵਾਂ ਪ੍ਰਤੀ ਲਗਾਤਾਰ ਵਧ ਰਿਹਾ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਅੱਜ ਵਾਰਡ ਨੰਬਰ 46 ਤੋਂ ਸਰਦਾਰ ਅਮਨਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਮੂਲੀਅਤ ਕੀਤੀ। ਉਨ੍ਹਾਂ ਸਾਰਿਆਂ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਰਟੀ ਵੱਲੋਂ ਜੀ ਆਇਆਂ ਆਖਦਿਆਂ ਕਿਹਾ ਕਿ ਇਹ ਸ਼ਮੂਲੀਅਤ ਸਰਦਾਰ ਭੁਪਿੰਦਰ ਸਿੰਘ ਭੁੱਲਰ ਅਤੇ ਸਰਦਾਰ ਸ਼ਮਸ਼ੇਰ ਸਿੰਘ ਸੰਧੂ ਦੀ ਅਗਵਾਈ ਹੇਠ ਹੋਈ ਹੈ, ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਨੌਜਵਾਨ ਅਤੇ ਸੰਗਤ ਪੰਥਕ ਵਿਚਾਰਧਾਰਾ ਨਾਲ ਵੱਡੇ ਪੱਧਰ 'ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਜੁੜ ਰਹੇ ਹਨ।

ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨੁੱਖਤਾ ਦੀ ਸੇਵਾ ਦਾ ਵਿਲੱਖਣ ਇਤਿਹਾਸ ਰਚਿਆ। ਘਰ-ਘਰ ਲੰਗਰ ਅਤੇ ਰਾਸ਼ਨ ਪਹੁੰਚਾਉਣ ਤੋਂ ਲੈ ਕੇ ਮੁਫ਼ਤ ਡਾਇਲਿਸਿਸ, ਸਸਤੀ ਦਵਾਈਆਂ, ਐਮਆਰਆਈ, ਸੀਟੀ ਸਕੈਨ ਅਤੇ ਹੋਰ ਮੈਡੀਕਲ ਸਹੂਲਤਾਂ ਮੁਹੱਈਆ ਕਰਵਾ ਕੇ ਕਮੇਟੀ ਨੇ ਹਜ਼ਾਰਾਂ ਪਰਿਵਾਰਾਂ ਲਈ ਸੇਵਾ ਨਿਭਾਈ। ਉਨ੍ਹਾਂ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਹਸਪਤਾਲ ਅਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਚੱਲ ਰਹੀਆਂ ਸਿਹਤ ਸੇਵਾਵਾਂ ਦਾ ਲਾਭ ਲੱਖਾਂ ਲੋਕਾਂ ਨੂੰ ਮਿਲ ਰਿਹਾ ਹੈ।

ਸਰਦਾਰ ਕਾਲਕਾ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਵੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਕੰਮ ਕੀਤੇ ਗਏ ਹਨ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ, ਕਾਲਜਾਂ ਅਤੇ ਇੰਜੀਨੀਅਰਿੰਗ ਸੰਸਥਾਵਾਂ ਨੂੰ ਆਧੁਨਿਕ ਸਹੂਲਤਾਂ ਨਾਲ ਮਜ਼ਬੂਤ ਕੀਤਾ ਗਿਆ ਹੈ, ਜਿਸ ਕਾਰਨ ਹਰ ਸਾਲ ਹਜ਼ਾਰਾਂ ਵਿਦਿਆਰਥੀ ਉੱਚ ਸਿੱਖਿਆ ਪ੍ਰਾਪਤ ਕਰਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਗੁਰਸਿੱਖੀ, ਪੰਜਾਬੀ ਭਾਸ਼ਾ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਲਗਾਤਾਰ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਸਾਲ 4 ਹਜ਼ਾਰ ਬੱਚਿਆਂ ਨੇ ਹਿੱਸਾ ਲਿਆ ਸੀ, ਜਦਕਿ ਪਿਛਲੇ ਸਾਲ 15 ਹਜ਼ਾਰ ਤੋਂ ਵੱਧ ਬੱਚਿਆਂ ਨੇ ਭਾਗ ਲਿਆ ਅਤੇ ਇਸ ਸਾਲ ਇਸ ਗਿਣਤੀ ਵਿੱਚ ਹੋਰ ਵੱਡਾ ਵਾਧਾ ਹੋਣ ਦੀ ਉਮੀਦ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦ੍ਰਿੜਤਾ ਨਾਲ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਹਮੇਸ਼ਾਂ ਸਿੱਖ ਸਿਧਾਂਤਾਂ, ਕੌਮੀ ਅਸੂਲਾਂ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦਾ ਰਹੇਗਾ ਅਤੇ ਕਿਸੇ ਵੀ ਹਾਲਤ ਵਿੱਚ ਪੰਥਕ ਮਰਿਆਦਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮੂਹ ਆਗੂ ਅਤੇ ਵਰਕਰ ਨਿਸ਼ਕਾਮ ਭਾਵਨਾ ਨਾਲ ਸੰਗਤ ਦੀ ਸੇਵਾ ਅਤੇ ਪੰਥਕ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਦੇ ਰਹਿਣਗੇ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਰੋਜ਼ਗਾਰ ਕੈਂਪ ਅੱਜ

**ਕਾਹਨੂੰਵਾਨ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਜ), ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵੱਲੋਂ 31 ਮਈ ਦਿਨ ਸ਼ੁੱਕਰਵਾਰ ਨੂੰ ਇੱਕ ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਡੀ.ਸੀ.ਦਫਤਰ ਕੰਪਲੈਕਸ ਕਮਰਾ ਨੰ: 217 ਬਲਾਕ ਬੀ ਵਿੱਚ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ ਦੇ 1:00 ਵਜੇ ਤੱਕ ਲੱਗੇਗਾ।

ਇਸ ਸਬੰਧੀ ਜ਼ਿਲ੍ਹਾ ਰੋਗਗਾਰ ਅਫਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਰੋਜਗਾਰ ਮੇਲੇ ਵਿੱਚ 108 Ambulance (ZEN PLUS PVT LTD), Sewa-Kendar Gurdaspur, Swift Security, SBI Life Gurdaspur, Vishal Mega Mart Gurdaspur, Maruti Suzuki Gurdaspur, E-Kart Gurdaspur ਵੱਖ-ਵੱਖ ਕੰਪਨੀਆਂ ਵਲੋਂ ਹਿੱਸਾ ਲਿਆ ਜਾਵੇਗਾ। (ZEN PLUS PVT LTD) ਵਲੋਂ EMT (Emergency Medical Technician), ERO (Emergency Respondent Officer), Driver ਰੱਖੇ ਜਾਣਗੇ। ਜਿਸ ਲਈ ਯੋਗਤਾ ABth, GNM, D-Pharmacy, B-Pharmacy, Bsc Nursing, Diploma Nursing ਹੋਵੇਗੀ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰ ਗੁਰਦਾਸਪੁਰ ਵਲੋਂ ਕੰਪਿਊਟਰ ਉਪਰੇਟਰ ਲਈ ਬਾਰਵੀਂ ਯੋਗਤਾਂ ਅਤੇ ਅੰਗਰੇਜੀ ਵਿਚ ਟਾਇਪਿੰਗ ਟੈਸਟ ਲਿਆ ਜਾਵੇਗਾ।

ਸਵਿਫਟ ਸਕਿਊਰਟੀ ਵਲੋਂ ਸਕਿਊਰਟੀ ਗਾਰਡਾਂ ਦੀ ਭਰਤੀ ਕੀਤੀ ਜਾਵੇਗੀ, ਜਿਸ ਲਈ ਘੱਟੋ-ਘੱਟ ਯੋਗਤਾ ਬਾਰਵੀਂ ਪਾਸ ਹੈ, ਐਸ.ਬੀ.ਆਈ ਲਾਇਫ ਗੁਰਦਾਸਪੁਰ ਵਲੋਂ ਗ੍ਰੇਜੂਏਸ਼ਨ ਟ੍ਰੇਨੀ ਅਤੇ ਬਿਜਨਸ ਡਿਵੈਲਪਮੈਂਟ ਮੈਨੇਜਰ ਦੀ ਭਰਤੀ ਕੀਤੀ ਜਾਵੇਗੀ, ਜਿਸ ਲਈ ਯੋਗਤਾ ਗ੍ਰੇਜੂਏਸ਼ਨ ਹੋਈ ਲਾਜਮੀ ਹੈ। ਵਿਸ਼ਾਲ ਮੈਗਾ ਮਾਰਟ ਵਲੋਂ ਕਸਟਮਰ ਸੈਲਜ ਪਰਸਨ ਅਤੇ ਈਕਾਰਟ ਵਲੋਂ ਡਿਲਵਰੀ ਬੁਆਏ ਰੱਖੇ ਜਾਣਗੇ। ਜਿਨਾਂ ਲਈ ਯੋਗਤਾਂ ਬਾਰਵੀਂ ਪਾਸ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਵਧ ਚੜ੍ਹ ਕੇ ਰੋਜ਼ਗਾਰ ਕੈਂਪ ਵਿੱਚ ਹਿੱਸਾ ਲੈਣ ਅਤੇ ਆਪਣਾ ਰੋਜ਼ਗਾਰ ਸੁਨਿਸ਼ਚਿਤ ਕਰਨ ਲਈ ਆਪਣੇ ਸਾਰੇ ਅਸਲੀ ਦਸਤਾਵੇਜ਼ (ਸਰਟੀਫਿਕੇਟ, ਆਧਾਰ ਕਾਰਡ, ਰੈਜ਼ਿਊਮ ਆਦਿ) ਨਾਲ ਸਮੇਂ ਸਰ ਪਹੁੰਚਣ।

# 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ 25 ਲੋੜਵੰਦ ਲੜਕੀਆਂ ਨੂੰ 'ਬਿਊਟੀ ਐਂਡ ਵੈਲਨੈਸ' ਦਾ ਕੋਰਸ ਸਿਖਲਾਈ ਉਪਰੰਤ ਸਰਟੀਫਿਕੇਟ ਵੰਡੇ



**ਕਾਹਨੂੰਵਾਨ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਦੇ ਤਹਿਤ 25 ਲੋੜਵੰਦ ਲੜਕੀਆਂ ਨੂੰ 'ਬਿਊਟੀ ਐਂਡ ਵੈਲਨੈਸ ਦਾ ਕੋਰਸ' / ਟ੍ਰੇਨਿੰਗ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀਮਤੀ ਜਸਮੀਤ ਕੌਰ ਦੇ ਦਿਸ਼ਾ ਨਿਰਦੇਸ਼ਾ ਅਤੇ ਸਰਵਜਨ ਗ੍ਰਾਮੀਣ ਵਿਕਾਸ ਸੰਸਥਾਨ ਦੀ ਮਦਦ ਨਾਲ 1 ਮਹੀਨੇ ਦਾ ਕਰਵਾਇਆ ਗਿਆ।

ਇਹ ਕੋਰਸ ਕਰਵਾਉਣ ਦਾ ਮੁੱਖ ਮੰਤਵ ਇਹ ਸੀ ਕਿ ਲੋੜਵੰਦ ਲੜਕੀਆਂ ਇਹ ਕੋਰਸ ਨੂੰ ਕਰਕੇ ਖੁਦ ਆਪਣੇ ਪੈਰਾ ਤੇ ਖੜੀਆ ਹੋ ਕੇ ਆਤਮ ਨਿਰਭਰ ਬਣ ਸਕਣ। ਕਿਉਕਿ ਅੱਜ ਦੇ ਸਮੇਂ ਨੂੰ ਦੇਖਦੇ ਹੋਏ ਇਸ ਕੋਰਸ ਦਾ ਬਹੁਤ ਹੀ ਵਧੀਆਂ ਸਕੋਪ ਹੈ।ਸੰਸਥਾ ਵੱਲੋ ਲੜਕੀਆਂ ਨੂੰ ਬਹੁਤ ਹੀ ਵਧੀਆਂ ਤਰੀਕੇ ਨਾਲ ਕੋਰਸ ਕਰਵਾਇਆ ਗਿਆ ਅਤੇ ਸਮੇਂ ਸਮੇਂ ਸਿਰ ਜਿਲਾ ਪ੍ਰੋਗਰਾਮ ਅਫਸਰ ਵੱਲੋ ਸੈਂਟਰ ਵਿੱਚ ਵਿਜਿਟ ਕਰਕੇ ਲੜਕੀਆਂ ਨੂੰ ਉਤਸ਼ਾਹਿਤ ਕੀਤਾ ਗਿਆ। ਕੋਰਸ ਪੂਰਾ ਹੋਣ ਉਪਰੰਤ ਲੜਕੀਆਂ ਨੂੰ ਸਰਟੀਫਿਕੇਟ ਅਤੇ ਯਾਦਗਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀਮਤੀ ਜਸਮੀਤ ਕੌਰ ਵੱਲੋ ਲੜਕੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਅੱਜ ਦੇ ਸਮੇਂ ਵਿੱਚ ਲੜਕਿਆਂ ਤੋ ਬਿਲਕੁੱਲ ਪਿੱਛੇ ਨਹੀਂ ਹਨ ਸਗੋ ਪੂਰੀ ਦੁਨੀਆਂ ਵਿੱਚ ਆਪਣੀ ਯੋਗਤਾ ਦਾ ਲੋਹਾ ਮਨਵਾ ਰਹੀਆਂ ਹਨ। ਉਨ੍ਹਾਂ ਵੱਲੋ ਭਵਿੱਖ ਵਿੱਚ ਲੜਕੀਆਂ ਲਈ ਸ਼ੁਰੂ ਹੋਣ ਵਾਲੀਆਂ ਹੋਰ ਵੀ ਸਕੀਮਾਂ ਵਿੱਚ ਹੋਣਹਾਰ ਲੜਕੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ ਗਿਆ।ਇਸ ਮੌਕੇ ਬੂਟਾ ਰਾਮ (ਪ੍ਰਧਾਨ , ਸਰਵਜਨ ਗ੍ਰਾਮੀਣ ਵਿਕਾਸ ਸੰਸਥਾਨ (ਐਨ.ਜੀ.ਓ) , ਮਿਸ ਭੂਮਿਕਾ ਰਾਜਪੂਤ (ਟ੍ਰੇਨਰ), ਅਕੁੰਸ਼ ਸ਼ਰਮਾ (ਜਿਲਾ ਕੋਆਰਡੀਨੇਟਰ), ਸ਼੍ਰੀ ਗਗਨਦੀਪ, ਮਿਸ ਹਰਪ੍ਰੀਤ ਕੌਰ, ਸ਼੍ਰੀਮਤੀ ਮੰਨਤ ਮਹਾਜਨ, ਸ਼੍ਰੀਮਤੀ ਕਮਲਪ੍ਰੀਤ ਅਤੇ ਸ਼੍ਰੀਮਤੀ ਮਨਦੀਪ ਕੌਰ ਆਦਿ ਸ਼ਾਮਿਲ ਸਨ।

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਪੰਜਾਬ ਦੇ ਪਟਿਆਲਾ ਵਿੱਚ ਉੱਤਰੀ ਭਾਰਤ ਦੇ ਇੱਕ ਪ੍ਰਸਿੱਧ ਤੀਰਥ ਸਥਾਨ ਸ਼੍ਰੀ ਕਾਲੀ ਮਾਤਾ ਮੰਦਿਰ ਵਿੱਚ ਸਨਾਤਨ ਹਿੰਦੂ ਧਰਮ ਨੂੰ ਉਤਸ਼ਾਹਿਤ ਕਰਨ ਲਈ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ।

# ਪੰਜਾਬ ਵਿੱਚ ਹਾਈ-ਰਿਸਕ ਡਿਲਿਵਰੀ ਅਤੇ ਨਵਜਾਤ ਸ਼ਿਸ਼ੂ ਸੰਭਾਲ ਨੂੰ ਮਿਲਿਆ ਵੱਡਾ ਸਹਾਰਾ : ਛੀਨਾ

**ਅੰਮ੍ਰਿਤਸਰ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਹਾਈ-ਰਿਸਕ ਗਰਭ ਅਵਸਥਾ ਅਤੇ ਨਵਜਾਤ ਸ਼ਿਸ਼ੂ ਸਿਹਤ ਸੇਵਾਵਾਂ ਨੂੰ ਖਾਸ ਤੌਰ 'ਤੇ ਮਜ਼ਬੂਤੀ ਮਿਲ ਰਹੀ ਹੈ। ਇਹ ਯੋਜਨਾ ਜਟਿਲ ਪ੍ਰਸਵ ਅਤੇ ਗੰਭੀਰ ਤੌਰ 'ਤੇ ਬੀਮਾਰ ਨਵਜਾਤ ਸ਼ਿਸ਼ੂਆਂ ਦੇ ਇਲਾਜ ਨੂੰ ਪਰਿਵਾਰਾਂ ਲਈ ਬਿਨਾਂ ਕਿਸੇ ਆਰਥਿਕ ਬੋਝ ਦੇ ਆਸਾਨ ਬਣਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਨੇ ਦੱਸਿਆ ਕਿ ਭਾਰਤ ਦੇ ਰਾਸਟਰੀ ਪਰਿਵਾਰ ਸਿਹਤ ਸਰਵੇਖਣ (ਨੇਸਨਲ ਫੈਮਿਲੀ ਹੈਲਥ ਸਰਵੇ-5) 'ਤੇ ਆਧਾਰਿਤ ਇੱਕ ਮਹੱਤਵਪੂਰਨ ਅਧਿਐਨ ਅਨੁਸਾਰ, ਦੇਸ ਵਿੱਚ ਲਗਭਗ ਹਰ ਦੋ ਵਿੱਚੋਂ ਇੱਕ ਗਰਭਾਵਸਥਾ ਹਾਈ-ਰਿਸਕ ਸ੍ਰੇਣੀ ਵਿੱਚ ਆਉਂਦੀ ਹੈ। ਕਾਰਕ ਜਿਵੇਂ ਕਿ ਸਿੱਖਿਆ ਦੀ ਘਾਟ, ਗਰੀਬੀ, ਦੋ ਗਰਭਾਂ ਦੇ ਵਿਚਕਾਰ ਘੱਟ ਅੰਤਰਾਲ, ਪਿਛਲੀਆਂ ਪ੍ਰਸਵ ਜਟਿਲਤਾਵਾਂ ਅਤੇ ਪਹਿਲਾਂ ਹੋਈਆਂ ਸਿਜੇਰੀਅਨ ਡਿਲਿਵਰੀਆਂ ਮਾਂ ਅਤੇ ਬੱਚੇ ਦੋਵਾਂ ਲਈ ਜੋਖਮ ਪੈਦਾ ਕਰਦੀਆਂ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਦੀਆਂ ਮਹਿਲਾਵਾਂ ਸਭ ਤੋਂ ਵੱਧ ਜੋਖਮ ਦਾ ਸਾਹਮਣਾ ਕਰਦੀਆਂ ਹਨ, ਜਿਸ ਨਾਲ ਮਾਤਰਤਵ ਸਿਹਤ ਸੇਵਾਵਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਹੋਰ ਮਜਬੂਤ ਕਰਨ ਦੀ ਲੋੜ ਸਪੱਸਟ ਹੁੰਦੀ ਹੈ।

ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਨੇ ਦੱਸਿਆ ਕਿ ਸਿਹਤ-ਕਾਰਡ ਉਨ੍ਹਾਂ ਮਹਿਲਾਵਾਂ ਲਈ ਇੱਕ ਮਹੱਤਵਪੂਰਨ ਸਹਾਰਾ ਬਣ ਕੇ ਉੱਭਰਿਆ ਹੈ, ਜਿਨ੍ਹਾਂ ਨੂੰ ਪ੍ਰਸਵ ਦੌਰਾਨ ਲੰਬੇ ਸਮੇਂ ਤੱਕ ਦਰਦ, ਸਿਹਤ ਸਮੱਸਿਆਵਾਂ, ਭਰੂਣ ਦੀ ਅਸਵਸਥ ਸਥਿਤੀ ਜਾਂ ਪਹਿਲਾਂ ਹੋਈ ਸਿਜੇਰੀਅਨ ਡਿਲਿਵਰੀ ਕਾਰਨ ਆਪਰੇਸਨ ਸਬੰਧੀ ਇਲਾਜ ਦੀ ਲੋੜ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਰਾਜ ਸਿਹਤ ਏਜੰਸੀ ਤੋਂ ਪ੍ਰਾਪਤ ਅਧਿਕਾਰਤ ਅੰਕੜਿਆਂ ਅਨੁਸਾਰ 25 ਮਈ, 2026 ਤੱਕ ਯੋਜਨਾ ਦੇ ਤਹਿਤ ਮਾਤਰਤਵ ਅਤੇ ਨਵਜਾਤ ਸੰਭਾਲ ਦੇ ਕੁੱਲ 7,300 ਮਾਮਲਿਆਂ ਵਿੱਚ ਇਲਾਜ ਪ੍ਰਦਾਨ ਕੀਤਾ ਗਿਆ, ਜਿਸ 'ਤੇ ਲਗਭਗ 7.04 ਕਰੋੜ ਰੁਪਏ ਦਾ ਖਰਚ ਹੋਇਆ।

ਇਨ੍ਹਾਂ ਵਿੱਚ 5,300 ਹਾਈ-ਰਿਸਕ ਸਿਜੇਰੀਅਨ ਡਿਲਿਵਰੀਆਂ ਸਾਮਲ ਹਨ, ਜਿਨ੍ਹਾਂ 'ਤੇ 6.37 ਕਰੋੜ ਰੁਪਏ ਖਰਚ ਕੀਤੇ ਗਏ। ਇਹ ਅੰਕੜੇ ਪੰਜਾਬ ਵਿੱਚ ਉੱਚ ਜੋਖਮ ਵਾਲੀ ਗਰਭਾਵਸਥਾ ਅਤੇ ਐਮਰਜੈਂਸੀ ਪ੍ਰਸੂਤੀ ਸੇਵਾਵਾਂ ਵਿੱਚ ਯੋਜਨਾ ਦੀ ਵਧਦੀ ਭੂਮਿਕਾ ਨੂੰ ਦਰਸਾਉਂਦੇ ਹਨ। ਮਾਤਰਤਵ ਸੇਵਾਵਾਂ ਦੇ ਨਾਲ ਇਹ ਯੋਜਨਾ ਗੰਭੀਰ ਤੌਰ 'ਤੇ ਬੀਮਾਰ ਅਤੇ ਸਮੇਂ ਤੋਂ ਪਹਿਲਾਂ ਜਨਮੇ ਨਵਜਾਤ ਸ਼ਿਸ਼ੂਆਂ ਲਈ ਵਿਸੇਸ ਇਲਾਜ ਸਹਾਇਤਾ ਵੀ ਪ੍ਰਦਾਨ ਕਰ ਰਹੀ ਹੈ।

ਚੇਅਰਮੈਨ ਛੀਨਾ ਨੇ ਅੱਗੇ ਦੱਸਿਆ ਕਿ ਰਾਜ ਸਿਹਤ ਏਜੰਸੀ, ਪੰਜਾਬ ਦੇ ਅਧਿਕਾਰਕ ਅੰਕੜਿਆਂ ਅਨੁਸਾਰ, ਯੋਜਨਾ ਤਹਿਤ ਵੱਖ-ਵੱਖ ਪੈਕੇਜਾਂ ਵਿੱਚ ਕੁੱਲ 2,094 ਨਵਜਾਤ ਸ਼ਿਸ਼ੂਆਂ ਦਾ ਇਲਾਜ ਕੀਤਾ ਗਿਆ।

# ਬੀ.ਐਲ.ਓਜ਼ 25 ਜੂਨ ਤੋਂ 24 ਜੁਲਾਈ ਤੱਕ ਘਰ ਘਰ ਦੀ ਵਿਜ਼ਿਟ ਕਰਨਗੇ ਚੋਣ ਅਫਸਰ

**ਕਾਹਨੂੰਵਾਨ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀ ਦੀ ਸਪੈਸ਼ਲ ਇੰਟੈਸਿਵ ਰਿਵੀਜ਼ਨ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਐਸ.ਆਈ.ਆਰ ਦੀ ਯੋਗਤਾ ਮਿਤੀ 1 ਅਕਤੂਬਰ 2026 ਹੈ। ਤਿਆਰੀ, ਸਿਖਲਾਈ ਅਤੇ ਪ੍ਰਿੰਟਿੰਗ ਦੀ ਮਿਤੀ 15 ਜੂਨ ਤੋਂ 24 ਜੂਨ ਤੱਕ ਹੈ ਅਤੇ ਬੀ.ਐਲ.ਓਜ਼ 25 ਜੂਨ ਤੋਂ 24 ਜੁਲਾਈ ਤੱਕ ਘਰ ਘਰ ਦੀ ਵਿਜ਼ਿਟ ਕਰਨਗੇ।ਉਨ੍ਹਾਂ ਅੱਗੇ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ 24 ਜੁਲਾਈ 2026 ਤੱਕ ਹੋਵੇਗੀ।



ਵੋਟਰ ਸੂਚੀ ਦੀ ਡਰਾਫਟ ਪਬਲੀਕੇਸ਼ਨ 31 ਜੁਲਾਈ ਨੂੰ ਹੋਵੇਗੀ, ਦਾਅਵੇ ਅਤੇ ਇਤਰਾਜ਼ 31 ਜੁਲਾਈ ਤੋਂ 30 ਅਗਸਤ ਤੱਕ ਦਿੱਤੇ ਜਾ ਸਕਣਗੇ, ਨੋਟਿਸ ਫੇਜ਼/ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾਂ 31 ਜੁਲਾਈ ਤੋਂ 28 ਸਤੰਬਰ 2026 ਹੈ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਮਿਤੀ 1 ਅਕਤੂਬਰ 2026 ਨੂੰ ਹੋਵੇਗੀ।

ਉਨ੍ਹਾਂ ਨੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਹਦਾਇਤ ਕੀਤੀ ਕਿ ਸਪੈਸ਼ਲ ਇੰਟੈਸ਼ਿਵ ਰਿਵੀਜ਼ਨ ਦੀ ਪ੍ਰਕਿਰਿਆ/ਗਤੀਵਿਧੀਆਂ ਨੂੰ ਹਦਾਇਤਾਂ/ਨਿਯਮਾਂ ਅਨੁਸਾਰ ਸਮੇਂ ਸਿਰ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

# ਜਵਾਹਰ ਲਾਲ ਨਹਿਰੂ ਦੀ 62ਵੀਂ ਬਰਸੀ ਮੌਕੇ ਵਿਚਾਰ ਗੋਸ਼ਟੀ ਆਯੋਜਿਤ : ਬਾਵਾ/ਮਲਹੋਤਰਾ



**ਲੁਧਿਆਣਾ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਗਤ ਯਾਦਗਾਰ ਸੋਸਾਇਟੀ ਵੱਲੋਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ 62ਵੀਂ ਬਰਸੀ ਮੌਕੇ ਲੋਹਾਰਾ ਵਿਖੇ ਪੰਡਿਤ ਨੇਹਰੂ ਦੀ ਭਾਰਤ ਨੂੰ ਦੇਣ ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਵਕਤਾਵਾਂ ਨੇ ਕਿਹਾ ਕਿ ਜਵਾਹਰਲਾਲ ਨਹਿਰੂ ਨੇ ਆਜ਼ਾਦੀ ਸੰਘਰਸ਼, ਉਦਯੋਗ, ਸਿੱਖਿਆ, ਖੇਤੀਬਾੜੀ ਅਤੇ ਮੈਡੀਕਲ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀ ਧਰਮ ਨਿਰਪੇਖ ਸੋਚ, ਦੂਰਦਰਸ਼ਤਾ ਅਤੇ ਦੇਸ਼ਭਗਤੀ ਅੱਜ ਵੀ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹੈ।

ਇਸ ਮੌਕੇ ਕ੍ਰਿਸ਼ਨ ਕੁਮਾਰ ਬਾਵਾ, ਡਾ. ਸਤੀਸ਼ ਜੋਸ਼ੀ, ਸੁਸ਼ੀਲ ਕੁਮਾਰ ਮਲਹੋਤਰਾ ਸਮੇਤ ਕਈ ਆਗੂ, ਸਮਾਜ ਸੇਵੀ ਅਤੇ ਭਾਰੀ ਗਿਣਤੀ ਵਿੱਚ ਵਰਕਰਜ਼ ਹਾਜ਼ਰ ਰਹੇ।

# ਵੋਟਾਂ ਵਿਚ ਕੀਤੀ ਗਈ ਧੱਕੇਸ਼ਾਹੀ ਤੋਂ ਸਰਕਾਰ ਨੇ ਮੰਨੀ ਆਪਣੀ ਹਾਰ: ਖਨੌੜਾ




**ਪਟਿਆਲਾ, 31 ਮਈ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਹੋਈਆਂ ਨਗਰ ਕੌਂਸਲਾਂ, ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਹੋਈਆਂ ਚੋਣਾਂ ਵਿਚ ਸਰਕਾਰ ਨੇ ਪੁਲਸ ਦੀ ਸ਼ਹਿ 'ਤੇ ਕੀਤੇ ਗਏ ਅੱਤਿਆਚਾਰ ਦੀਆਂ ਵਾਇਰਲ ਹੋਈਆਂ ਵੀਡੀਓਜ਼ ਤੋਂ ਸਾਫ ਪਤਾ ਚੱਲਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਨੂੰ ਹਥਿਆਉਣ ਲਈ ਅਜਿਹਾ ਹੱਥਕੰਢਾ ਵਰਤ ਕੇ ਲੋਕਾਂ 'ਤੇ ਸ਼ਰੇਆਮ ਡਾਂਗਾਂ ਵਰ੍ਹਾਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਟਿਊਬਵੈਲ ਕਾਰਪੋਰੇਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਖਨੌੜਾ ਨੇ ਪਿੰਡ ਚਲੈਲਾ ਵਿਖੇ ਕਾਂਗਰਸ ਪਾਰਟੀ ਦੇ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਿਹੜੀ ਆਪ ਸਰਕਾਰ ਆਮ ਲੋਕਾਂ ਦੀ ਸਰਕਾਰ ਕਹਾਉਣ ਦਾ ਦਾਅਵਾ ਕਰਦੀ ਸੀ, ਉਹ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਲੋਕਾਂ 'ਤੇ ਡਾਂਗਾਂ ਵਰ੍ਹਾ ਕੇ ਆਪਣੀ ਹਾਰ ਸਵੀਕਾਰ ਕਰ ਚੁਕੀ ਹੈ ਅਤੇ ਭਵਿੱਖ ਵਿਚ ਆ ਰਹੀਆਂ ਚੋਣਾਂ ਵਿਚ ਆਪ ਦਾ ਸੂਪੜਾ ਸਾਫ ਕਰਨ ਲਈ ਲੋਕ ਤਿਆਰ ਬਰ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹ ਚੋਣਾਂ ਸਾਫ ਸੁਥਰੇ ਢੰਗ ਨਾਲ ਹੁੰਦੀਆਂ ਤਾਂ ਆਮ ਆਦਮੀ ਪਾਰਟੀ ਦਾ ਕੋਈ ਵੀ ਉਮੀਦਵਾਰ ਜਿੱਤ ਨਹੀਂ ਸਕਦਾ ਸੀ। ਜਿਸ ਸੰਬੰਧੀ ਸਰਕਾਰ ਵੱਲੋਂ ਕਰਵਾਏ ਸਰਵੇ ਮੁਤਾਬਕ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ, ਕਿ ਆਪ ਪਾਰਟੀ ਦੇ ਉਮੀਦਵਾਰ ਹਾਰ ਰਹੇ ਹਨ ਤਾਂ ਹੀ ਜਿੱਤ ਪ੍ਰਾਪਤ ਕਰਨ ਲਈ ਪੁਲਸ ਦਾ ਸਹਾਰਾ ਲੈ ਕੇ ਪਹਿਲਾਂ ਕਾਗਜਾਤ ਭਰਨ ਨਹੀਂ ਦਿੱਤੇ, ਪਰ ਜੋ ਭਰ ਗਏ ਉਹ ਰੱਦ ਕਰਵਾ ਦਿੱਤੇ। ਜਿਹੜੇ ਬਾਕੀ ਉਮੀਦਵਾਰ ਰਹਿ ਗਏ, ਉਨ੍ਹਾਂ ਧੱਕੇ ਨਾਲ ਹਰਵਾਉਣ ਲਈ ਹਰ ਹੱਥਕੰਢਾ ਵਰਤਿਆ ਗਿਆ। ਜਿਸ ਤੋਂ ਸਾਫ ਹੋ ਜਾਂਦਾ ਹੈ ਕਿ ਸਰਕਾਰ ਬੁਰ੍ਹੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਅਤੇ ਇਨ੍ਹਾਂ ਚੋਣਾਂ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਬਿਲਕੁੱਲ ਹੀ ਚਰਮਰਾਈ ਦਿੰਦੀ ਦਿੱਤੀ। ਇਸ ਮੌਕੇ ਬੇਅੰਤ ਸਿੰਘ ਖਰੌੜ, ਜਗਤਾਰ ਸਿੰਘ ਸਾਬਕਾ ਸਰਕਾਰ ਮਟੋਰੜਾ, ਜਸਵੰਤ ਸਿੰਘ, ਚਰਨਜੀਤ ਸਿੰਘ, ਦਵਿੰਦਰ ਸਿੰਘ ਮੀਤਾ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ ਰਹਿਲ, ਹਰਪ੍ਰੀਤ ਸਿੰਘ ਢੀਂਡਸਾ ਆਦਿ ਵੀ ਹਾਜ਼ਰ ਸਨ।

# ਸਰਕਾਰ ਦਾ ਹੁਕਮ 730 ਵਜੇ ਖੁੱਲ੍ਹਣਗੇ ਦਫਤਰ ,ਪਰ 8: 40 ਤੱਕ ਵੀ ਨਹੀਂ ਪੁੱਜਦੇ ਅਧਿਕਾਰੀ

**ਮਾਛੀਵਾੜਾ ਸਾਹਿਬ, 31 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪੈ ਰਹੀ ਅੰਤਾਂ ਦੀ ਗਰਮੀ ਕਾਰਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਦਫਤਰਾਂ, ਸਕੂਲਾਂ ,ਕਾਲਜਾਂ ਦਾ ਸਮਾਂ ਬਦਲਦਿਆਂ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਕਰ ਦਿੱਤਾ ਗਿਆ ਤਾਂ ਜੋ ਬਿਜਲੀ ਦੀ ਖਪਤ ਨੂੰ ਕਿਸੇ ਹੱਦ ਤੱਕ ਘਟਾਇਆ ਜਾ ਸਕੇ, ਪਰ ਕਈ ਥਾਵਾਂ ਤੇ ਸਰਕਾਰੀ ਅਫਸਰ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦਿਆਂ ਆਪਣੇ ਅਵੇਸਲੇਪਣ ਕਾਰਨ ਪਹਿਲੇ ਟਾਈਮ ਤੇ ਹੀ ਦਫਤਰਾਂ ਵਿੱਚ ਮਨਮਰਜ਼ੀ ਨਾਲ ਆਉਂਦੇ ਹਨ,।ਸਰਕਾਰ ਵਲੋਂ ਜਾਰੀ ਆਦੇਸ਼ਾਂ ਅਨੁਸਾਰ ਸਰਕਾਰੀ ਦਫ਼ਤਰਾਂ ਵਿਚ ਤਾਇਨਾਤ ਕਰਮਚਾਰੀ ਤੇ ਅਫ਼ਸਰਸ਼ਾਹੀ ਦਾ ਲੋਕਾਂ ਦੇ ਕੰਮ ਕਰਨ ਲਈ 7.30 ਵਜੇ ਡਿਊਟੀ 'ਤੇ ਹਾਜ਼ਰ ਹੋਣਾ ਜ਼ਰੂਰੀ ਹੈ ਪਰ ਮਾਛੀਵਾੜਾ ਪੰਚਾਇਤ ਵਿਭਾਗ ਦੀ ਗੱਲ ਕਰੀਏ ਤਾਂ ਉਥੋਂ ਦੀ ਅਫ਼ਸਰਸ਼ਾਹੀ ਸਰਕਾਰ ਦੇ ਹੁਕਮਾਂ ਨੂੰ 'ਟਿੱਚ' ਜਾਣਦੀ ਹੈ ਅਤੇ ਜਦੋਂ ਪੱਤਰਕਾਰ 7.40 ਵਜੇ ਪੰਚਾਇਤ ਵਿਭਾਗ ਦੇ ਦਫ਼ਤਰ ਪੁੱਜੇ ਤਾਂ ਉੱਥੇ ਦਫ਼ਤਰਾਂ ਨੂੰ ਤਾਲ੍ਹੇ ਲੱਗੇ ਹੋਏ ਸਨ ਅਤੇ ਕਲਰਕਾਂ ਦੀਆਂ ਕੁਰਸੀਆਂ ਵੀ ਖਾਲੀ ਪਈਆਂ ਸਨ। ਮਾਛੀਵਾੜਾ ਬਲਾਕ ਪੰਚਾਇਤ ਦਫ਼ਤਰ ਵਿਚ ਇੱਕ ਪੰਚਾਇਤ ਅਫ਼ਸਰ ਸੁਖਵਿੰਦਰ ਸਿੰਘ ਬਾਜਵਾ, ਸੇਵਾਦਾਰ ਅਤੇ ਇੱਕ ਕਲਰਕ ਤੋਂ ਇਲਾਵਾ ਕੋਈ ਵੀ ਹੋਰ ਸਟਾਫ਼ ਨਹੀਂ ਪੁੱਜਾ ਸੀ। ਪੱਤਰਕਾਰਾਂ ਦੀ ਟੀਮ ਉੱਥੇ ਲੱਗਭਗ 1 ਘੰਟਾ ਰਹੀ ਪਰ ਬਲਾਕ ਪੰਚਾਇਤ ਦਫ਼ਤਰ ਦੀ ਮੁੱਖ ਅਫ਼ਸਰ ਬੀ.ਡੀ.ਪੀ.ਓ. ਦੇ ਦਫ਼ਤਰ ਨੂੰ ਜਿੰਦਾ ਹੀ ਲੱਗਿਆ ਹੋਇਆ ਦਿਖਾਈ ਦਿੱਤਾ। ਇੱਥੋਂ ਤੱਕ ਕਲਰਕ ਸਟਾਫ਼ ਹੈ ਉਹ ਹੌਲੀ-ਹੌਲੀ ਆਉਣਾ ਸ਼ੁਰੂ ਹੋ ਗਿਆ ਸੀ। ਸਰਕਾਰ ਵਲੋਂ ਸਰਕਾਰੀ ਦਫ਼ਤਰਾਂ ਵਿਚ ਸਮਾਂ ਤਬਦੀਲ ਕਰਨ ਦਾ ਕੀ ਫਾਇਦਾ ਜੇਕਰ ਅਫ਼ਸਰਸ਼ਾਹੀ ਨੇ ਓਹੀ ਪਹਿਲਾਂ ਦੀ ਤਰ੍ਹਾਂ 10 ਵਜੇ ਆ ਕੇ ਸਿਰਫ਼ ਸਾਢੇ ਤਿੰਨ ਘੰਟੇ ਹੀ ਲੋਕਾਂ ਦੇ ਕੰਮ ਕਰਨੇ ਹਨ। ਕੀ ਪੰਜਾਬ ਸਰਕਾਰ ਉਨ੍ਹਾਂ ਦੇ ਹੁਕਮਾਂ ਨੂੰ ਟਿੱਚ ਜਾਨਣ ਵਾਲੀ ਅਫ਼ਸਰਸ਼ਾਹੀ ਖਿਲਾਫ਼ ਕੋਈ ਕਾਰਵਾਈ ਕਰੇਗੀ ਤਾਂ ਜੋ ਪੰਜਾਬ ਦੀ ਬਾਕੀ ਅਫ਼ਸਰਸ਼ਾਹੀ ਵੀ ਸੁਚੇਤ ਹੋ ਸਕੇ ਕਿ ਜੋ ਪਾਬੰਦ ਸਮੇਂ ਵਿਚ ਡਿਊਟੀ 'ਤੇ ਨਹੀਂ ਆਉਂਦਾ, ਉਹ ਲੋਕਾਂ ਦੇ ਕੰਮ ਸਮੇਂ ਸਿਰ ਕਿਵੇਂ ਨੇਪਰੇ ਚਾੜ੍ਹੇਗਾ। ਮਾਛੀਵਾੜਾ ਬਲਾਕ ਪੰਚਾਇਤ ਦਫ਼ਤਰ 'ਚ ਡਿਊਟੀ 'ਤੇ ਪੁੱਜੇ ਪੰਚਾਇਤ ਅਫ਼ਸਰ ਸੁਖਵਿੰਦਰ ਸਿੰਘ ਬਾਜਵਾ ਤੋਂ ਜਦੋਂ ਪੁੱਛਿਆ ਗਿਆ ਕਿ ਅੱਜ ਬੀ.ਡੀ.ਪੀ.ਓ. ਜਾਂ ਹੋਰ ਜੋ ਸਟਾਫ਼ ਸਮੇਂ ਸਿਰ ਨਹੀਂ ਪੁੱਜਿਆ ਕਿ ਉਹ ਛੁੱਟੀ 'ਤੇ ਹੈ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ।



### ਮਾਛੀਵਾੜਾ ਸਬ-ਤਹਿਸੀਲ 'ਚ ਹੀ ਤਹਿਸੀਲਦਾਰ ਸਮੇਤ ਸਟਾਫ਼ ਡਿਊਟੀ 'ਤੇ ਪੁੱਜਾ ਸਮੇਂ ਤੇ

ਇਸੇ ਤਰ੍ਹਾਂ ਮਾਛੀਵਾੜਾ ਸਾਹਿਬ ਸਬ ਤਹਿਸੀਲ ਵਿਖੇ ਜਦੋਂ ਪੱਤਰਕਾਰਾਂ ਦੀ ਟੀਮ ਪੁੱਜੀ ਤਾਂ ਦੇਖਿਆ ਗਿਆ ਤਾਂ ਉੱਥੇ ਨਾਇਬ ਤਹਿਸੀਲਦਾਰ ਰਾਜੇਸ਼ ਅਹੂਜਾ 7.30 ਵਜੇ ਆਪਣੀ ਡਿਊਟੀ 'ਤੇ ਪੁੱਜ ਚੁੱਕੇ ਸਨ ਅਤੇ ਉੱਥੋਂ ਦਾ ਸਟਾਫ ਵੀ ਸਮੇਂ ਸਿਰ ਪੁੱਜ ਕੇ ਕੰਮ ਘਰ ਵਿੱਚ ਲੱਗਾ ਹੋਇਆ ਸੀ।ਇੱਥੋਂ ਤੱਕ ਸਬ-ਤਹਿਸੀਲ ਦਾ ਜੋ ਬਾਕੀ ਸਟਾਫ਼ ਹੈ ਉਹ ਵੀ ਸਮੇਂ ਸਿਰ ਪੁੱਜ ਬੇਸ਼ੱਕ ਸਬ ਤਹਿਸੀਲ ਵਿਚ ਸਮੇਂ ਦੀ ਤਬਦੀਲੀ ਕਾਰਨ ਲੋਕਾਂ ਦੀ ਆਮਦ ਬਹੁਤ ਘੱਟ ਸੀ ਪਰ ਸਟਾਫ਼ ਦੀ ਮੌਜੂਦਗੀ ਦਰਸਾ ਰਹੀ ਸੀ ਕਿ ਉਹ ਸਰਕਾਰੀ ਹੁਕਮਾਂ ਦੇ ਪਾਬੰਦ ਹਨ। ਤਹਿਸੀਲਦਾਰ ਰਾਜੇਸ਼ ਅਹੂਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮੇਂ ਦੀ ਤਬਦੀਲੀ ਕਾਰਨ ਲੋਕਾਂ ਦੀ ਆਮਦ ਘੱਟ ਹੈ ਪਰ ਉਹ ਅਪੀਲ ਕਰਦੇ ਹਨ ਕਿ ਗਰਮੀ ਤੋਂ ਬਚਾਅ ਲਈ ਲੋਕ ਸਬ-ਤਹਿਸੀਲ ਮਾਛੀਵਾੜਾ ਵਿਖੇ 7.30 ਵਜੇ ਤੋਂ 1.30 ਵਜੇ ਤੱਕ ਆਪਣੇ ਕੰਮ ਕਰਵਾਉਣ ਲਈ ਆਉਣ।

# ਹੈਂ ! ਪੜ੍ਹਾਈ ਛੱਡ ਹੁਣ ਤੂੜੀ ਦਾ ਪ੍ਰਬੰਧ ਕਰਨਗੇ 'ਮਾਸਟਰ ਜੀ', ਬਰੇਲੀ ਦੇ ਬੇਸਿਕ ਸਿੱਖਿਆ ਵਿਭਾਗ ਦਾ ਹੁਕਮ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 31 ਮਈ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ 'ਚ ਬੇਸਿਕ ਸਿੱਖਿਆ ਵਿਭਾਗ ਦਾ ਇੱਕ ਫਰਮਾਨ ਚਰਚਾ ਤੇ ਵਿਵਾਦ ਦਾ ਵਿਸ਼ਾ ਬਣ ਗਿਆ ਹੈ। ਵਿਭਾਗ ਨੇ ਇੱਕ ਹੁਕਮ ਜਾਰੀ ਕਰਕੇ ਸਕੂਲਾਂ ਨੂੰ ਬੇਸਹਾਰਾ ਗਊਆਂ ਲਈ 46 ਕਿੱਲੋ ਤੂੜੀ ਦਾਨ ਕਰਨ ਲਈ ਕਿਹਾ ਹੈ। ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਇਸ ਹੁਕਮ ਦੀ ਪਾਲਣਾ ਨਾ ਕਰਨ ਵਾਲੇ ਅਧਿਆਪਕਾਂ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ, ਜਿਸ ਕਾਰਨ ਜ਼ਿਲ੍ਹੇ ਦੇ ਅਧਿਆਪਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਨਵਾਬਗੰਜ ਦੇ ਬਲਾਕ ਸਿੱਖਿਆ ਅਧਿਕਾਰੀ (25®) ਸਤਿਆਦੇਵ ਵੱਲੋਂ ਜਾਰੀ ਕੀਤੇ ਗਏ ਇੱਕ ਪੱਤਰ ਵਿੱਚ ਹਰੇਕ ਸਕੂਲ ਨੂੰ 46 ਕਿੱਲੋ ਤੂੜੀ ਦਾਨ ਕਰਨ ਦਾ ਟੀਚਾ ਦਿੱਤਾ ਗਿਆ ਸੀ। ਇਸ ਪੱਤਰ ਵਿੱਚ ਸਾਫ਼ ਲਿਖਿਆ ਗਿਆ ਸੀ ਕਿ ਜੇਕਰ ਕੋਈ ਅਧਿਆਪਕ ਇਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ, ਤਾਂ ਉਸ ਵਿਰੁੱਧ ਐਕਸ਼ਨ ਲਿਆ ਜਾਵੇਗਾ। ਹਾਲਾਂਕਿ, ਜਦੋਂ ਵਿਵਾਦ ਵਧਿਆ ਤਾਂ ਬਲਾਕ ਸਿੱਖਿਆ ਅਧਿਕਾਰੀ ਨੇ ਸਫ਼ਾਈ ਦਿੰਦਿਆਂ ਕਿਹਾ ਕਿ ਕਾਰਵਾਈ ਵਾਲੀ ਗੱਲ ਗਲਤੀ ਨਾਲ ਲਿਖੀ ਗਈ ਸੀ ਤੇ ਹੁਣ ਸੋਧਿਆ ਹੋਇਆ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਦੇ ਇਸ ਹੁਕਮ ਨੂੰ ਅਧਿਆਪਕਾਂ ਨੇ ਆਪਣੀ ਮਰਿਆਦਾ ਅਤੇ ਸਨਮਾਨ ਦੇ ਖ਼?ਲਾਫ਼ ਦੱਸਿਆ ਹੈ। ਅਧਿਆਪਕ ਸੰਗਠਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੁੱਖ ਕੰਮ ਬੱਚਿਆਂ ਨੂੰ ਪੜ੍ਹਾਉਣਾ ਹੈ, ਨਾ ਕਿ ਤੂੜੀ ਇਕੱਠਾ ਕਰਨਾ। ਅਧਿਆਪਕਾਂ ਨੇ ਸਵਾਲ ਉਠਾਇਆ ਕਿ



ਕੀ ਹੁਣ ਉਨ੍ਹਾਂ ਨੂੰ ਗਲੇ ਵਿੱਚ ਬੋਰੀ ਪਾ ਕੇ ਘਰ-ਘਰ ਤੂੜੀ ਮੰਗਣ ਜਾਣਾ ਪਵੇਗਾ? ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਹੁਕਮ ਵਾਪਸ ਨਾ ਲਿਆ ਗਿਆ ਤਾਂ ਉਹ ਸੜਕਾਂ 'ਤੇ ਉਤਰ ਕੇ ਅੰਦੋਲਨ ਕਰਨਗੇ। ਬਰੇਲੀ ਦੇ ਜ਼ਿਲ੍ਹਾ ਮੈਜਿਸਟ?ਰੇਟ (4$) ਅਵਿਨਾਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਗਊਸ਼ਾਲਾਵਾਂ ਲਈ 'ਤੂੜੀ ਬੈਂਕ' ਬਣਾਇਆ ਗਿਆ ਹੈ ਅਤੇ ਲੋਕਾਂ ਨੂੰ ਆਪਣੀ ਸ਼ਰਧਾ ਅਨੁਸਾਰ ਦਾਨ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗਊਆਂ ਭਾਰਤੀ ਸੰਸਕਰਤੀ ਦਾ ਹਿੱਸਾ ਹਨ ਅਤੇ ਉਨ੍ਹਾਂ ਲਈ ਚਾਰੇ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਹਾਲਾਂਕਿ, ਜਦੋਂ ਉਨ੍ਹਾਂ ਨੂੰ 46 ਕਿੱਲੋ ਤੂੜੀ ਅਤੇ ਕਾਰਵਾਈ ਦੀ ਧਮਕੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ। ਦੂਜੇ ਪਾਸੇ, ਮੀਰਗੰਜ ਦੇ ਬਲਾਕ ਸਿੱਖਿਆ ਅਧਿਕਾਰੀ ਅਵਨੀਸ਼ ਕੁਮਾਰ ਨੇ ਇੱਕ ਵੱਖਰਾ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਲਿਖਿਆ ਹੈ ਕਿ ਅਧਿਆਪਕ ਸਿਰਫ਼ ਆਪਣੀ ਇੱਛਾ ਅਨੁਸਾਰ ਹੀ ਦਾਨ ਕਰ ਸਕਦੇ ਹਨ ਅਤੇ ਕਿਸੇ 'ਤੇ ਕੋਈ ਦਬਾਅ ਨਹੀਂ ਹੈ। ਫਿਲਹਾਲ ਦੋ ਵੱਖ-ਵੱਖ ਤਰ੍ਹਾਂ ਦੇ ਹੁਕਮਾਂ ਨੇ ਅਧਿਆਪਕਾਂ ਵਿੱਚ ਭੰਬਲਭੂਸਾ ਅਤੇ ਗੁੱਸਾ ਪੈਦਾ ਕਰ ਦਿੱਤਾ ਹੈ।

### ਪਿੰਡ ਤਿਊੜ 'ਚ ਨੂੰਹ ਨੇ ਸਹੁਰੇ ਦੀ ਕੀਤੀ ਕੁੱਟਮਾਰ, ਹਸਪਤਾਲ 'ਚ ਦਾਖ਼ਲ

ਖਰੜ 31 ਮਈ। ਖਰੜ ਨਗਰ ਕੌਂਸਲ ਅਧੀਨ ਪੈਂਦੇ ਪਿੰਡ ਤਿਊੜ 'ਚ ਇੱਕ ਨੂੰਹ ਵੱਲੋਂ ਆਪਣੇ ਸਹੁਰੇ ਦੀ ਝਾੜੂ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖਮੀ ਹਾਲਤ 'ਚ ਸਿਵਲ ਹਸਪਤਾਲ ਖਰੜ 'ਚ ਇਲਾਜ ਅਧੀਨ ਜਰਨੈਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਹ ਡਿਪੂ ਤੋਂ ਘਰ ਦਾ ਰਾਸ਼ਨ ਲੈਣ ਲਈ ਜਾ ਰਿਹਾ ਸੀ। ਇਸ ਦੌਰਾਨ ਉਸ ਦੀ ਨੂੰਹ ਨੇ ਕਿਹਾ ਕਿ ਨਾਲ ਦੀ ਇੱਕ ਗੁਆਂਢਣ ਨੇ ਵੀ ਰਾਸ਼ਨ ਲੈਣ ਜਾਣਾ ਹੈ, ਉਸ ਨੂੰ ਵੀ ਨਾਲ ਲੈ ਜਾਣਾ। ਜਰਨੈਲ ਸਿੰਘ ਅਨੁਸਾਰ ਜਦੋਂ ਉਸ ਨੇ ਗੁਆਂਢਣ ਨੂੰ ਨਾਲ ਲਿਜਾਣ ਤੋਂ ਮਨ੍ਹਾਂ ਕੀਤਾ ਤਾਂ ਉਸ ਦੀ ਨੂੰਹ ਗੁੱਸੇ 'ਚ ਆ ਗਈ ਅਤੇ ਗਾਲੀ-ਗਲੋਚ ਕਰਨ ਲੱਗ ਪਈ। ਉਨ੍ਹਾਂ ਦੋਸ਼ ਲਗਾਇਆ ਕਿ ਨੂੰਹ ਨੇ ਹੱਥ ਵਿੱਚ ਫੜ੍ਹੇ ਝਾੜੂ ਦੇ ਪਿਛਲੇ ਪਾਸੇ ਤੋਂ ਉਸ ਦੀ ਪਿੱਠ 'ਤੇ ਵਾਰ ਕੀਤੇ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਉਸਨੇ ਦੱਸਿਆ ਕਿ ਉਸਦੇ ਸਿਰ ਦੇ ਵਾਲ ਅਤੇ ਦਾੜੀ ਵੀ ਪੁੱਟੀ। ਪੀੜਤ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਸ ਨਾਲ ਕਈ ਵਾਰ ਕੁੱਟਮਾਰ ਹੋ ਚੁੱਕੀ ਹੈ। ਉਸ ਨੇ ਪੁਲਸ ਪ੍ਰਸ਼ਾਸਨ ਕੋਲ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ।

## ਬਿਨਾਂ ਮਨਜ਼ੂਰੀ ਚੱਲ ਰਹੇ ਨਾਜਾਇਜ਼ ਨਸ਼ਾ ਛੁਡਾਊ ਕੇਂਦਰ ਦਾ ਪਰਦਾਫ਼ਾਸ਼: ਤਿੰਨ ਸ਼ਾਤਿਰ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ 31 ਮਈ। ਲੁਧਿਆਣਾ ਵਿਚ ਨਸ਼ਾ ਛੁਡਾਉਣ ਅਤੇ ਸਮਾਜ ਸੁਧਾਰ ਦੀ ਆੜ ਵਿਚ ਭੋਲੇ-ਭਾਲੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਵਾਲੇ ਇਕ ਬਹੁਤ ਵੱਡੇ ਫਰਜ਼ੀਵਾੜੇ ਦਾ ਭਾਂਡਾ ਭੱਜਿਆ ਹੈ। ਕੁਝ ਸ਼ਾਤਿਰ ਦਿਮਾਗ ਲੋਕਾਂ ਨੇ ਬਿਨਾਂ ਕਿਸੇ ਸਰਕਾਰੀ ਮਨਜ਼ੂਰੀ ਅਤੇ ਕਾਨੂੰਨੀ ਇਜਾਜ਼ਤ ਦੇ ਨਾਜਾਇਜ਼ ਤੌਰ 'ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਹੋਇਆ ਸੀ। ਇੱਥੇ ਇਲਾਜ ਦੇ ਨਾਂ 'ਤੇ ਲੋਕਾਂ ਨੂੰ ਬੰਧਕ ਬਣਾ ਕੇ ਉਨ੍ਹਾਂ ਕੋਲੋਂ ਮੋਟੀ ਠੱਗੀ ਮਾਰੀ ਜਾ ਰਹੀ ਸੀ। ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਇਸ ਕਾਲੇ ਧੰਦੇ ਦਾ ਪਰਦਾਫ਼ਾਸ਼ ਕੀਤਾ ਹੈ ਅਤੇ ਤਿੰਨ ਮੁੱਖ ਮੁਲਜ਼ਮਾਂ ਖ਼?ਲਾਫ਼ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਪਾਰਟੀ ਦੀ




ਅਗਵਾਈ ਕਰ ਰਹੇ ਏ.ਐੱਸ.ਆਈ. ਮਨਜੀਤ ਸਿੰਘ ਨੇ ਦੱਸਿਆ ਕਿ 26 ਮਈ ਨੂੰ ਜਦੋਂ ਉਹ ਆਪਣੀ ਟੀਮ ਨਾਲ ਲਾਡੋਵਾਲ ਦੇ ਮੇਨ ਚੌਂਕ ਨੇੜੇ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਇਕ ਖ਼ਾਸ ਮੁਖ਼ਬਰ ਨੇ ਪੁਖ਼ਤਾ ਸੂਚਨਾ ਦਿੱਤੀ। ਮੁਖ਼ਬਰ ਨੇ ਦੱਸਿਆ ਕਿ ਇਲਾਕੇ ਵਿਚ ਕੁਝ ਲੋਕ ਨਾਜਾਇਜ਼ ਤੌਰ 'ਤੇ ਨਸ਼ਾ ਮੁਕਤੀ ਕੇਂਦਰ ਚਲਾ ਰਹੇ ਹਨ ਅਤੇ ਬੇਕਸੂਰ ਲੋਕਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾ ਰਹੇ ਹਨ। ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਹਰਵਿੰਦਰ ਸਿੰਘ, ਅਮਨਦੀਪ ਸਿੰਘ ਅਤੇ ਦਮਨਪ੍ਰੀਤ ਸਿੰਘ ਨੇ ਆਪਸ ਵਿਚ ਮਿਲੀਭੁਗਤ ਕਰਕੇ ਇਕ ਵੱਡਾ ਨੈੱਟਵਰਕ ਤਿਆਰ ਕੀਤਾ ਹੋਇਆ ਸੀ। ਇਨ੍ਹਾਂ ਤਿੰਨਾਂ ਮੁਲਜ਼ਮਾਂ ਨੇ ਲੁਧਿਆਣਾ ਦੇ ਹੰਬੜਾ ਰੋਡ 'ਤੇ ਸਥਿਤ ਤਨੇਜਾ ਪੈਲੇਸ ਅਤੇ ਪਿੰਡ ਕੁਤਬੇਵਾਲ ਗੁੱਜਰਾਂ ਦੇ ਨੇੜੇ ਇਕ ਸੁੰਨਸਾਨ ਸ਼ੈੱਡ ਵਾਲੇ ਹਾਲ ਨੂੰ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਇਸੇ ਸ਼ੈੱਡ ਦੇ ਅੰਦਰ ਉਹ ਗੈਰ-ਕਾਨੂੰਨੀ ਤਰੀਕੇ ਨਾਲ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਸਨ। ਮੁਲਜ਼ਮ ਇਲਾਜ ਕਰਵਾਉਣ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਝਾਂਸੇ ਵਿਚ ਲੈ ਕੇ ਉਨ੍ਹਾਂ ਕੋਲੋਂ ਭਾਰੀ-ਭਰਕਮ ਰਕਮ ਵਸੂਲਦੇ ਸਨ। ਪੁਲਸ ਨੇ ਤਿੰਨਾਂ ਨਾਮਜ਼ਦ ਮੁਲਜ਼ਮਾਂ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਇਸ ਰੈਕੇਟ ਦੇ ਪਿੱਛੇ ਛਿਪੇ ਹੋਰ ਚਿਹਰਿਆਂ ਨੂੰ ਬੇਨਕਾਬ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਸਕੂਲਾਂ ਦੀਆਂ ਅਣ-ਸੁਰੱਖਿਅਤ ਇਮਾਰਤਾਂ 'ਚ ਨਹੀਂ ਬੈਠਣਗੇ ਵਿਦਿਆਰਥੀ

ਲੁਧਿਆਣਾ 31 ਮਈ। ਪੰਜਾਬ ਦੇ ਸਕੂਲਾਂ ਵਿਚ ਨੈਸ਼ਨਲ ਹਿਊਮਨ ਰਾਈਟ ਕਮਿਸ਼ਨ ਵੱਲੋਂ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲ ਇਮਾਰਤਾਂ ਦੀ ਸੇਫਟੀ ਆਡਿਟ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ। ਇਨ੍ਹਾਂ ਹੁਕਮਾਂ ਤਹਿਤ ਡਾਇਰੈਕਟਰ ਸਕੂਲ ਸਿੱਖਿਆ (ਸੈ.ਸੀ.) , ਪੰਜਾਬ ਵੱਲੋਂ ਰਾਜ ਦੇ ਸਾਰੇ ਜ਼ਿਲਾ ਸਿੱਖਿਆ ਅਫਸਰਾਂ ਨੂੰ ਸਖਤ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਜਾਰੀ ਨਿਰਦੇਸ਼ਾਂ ਦੇ ਮੁਤਾਬਕ ਪੰਜਾਬ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਸਕੂਲ ਦੀ ਇਮਾਰਤਾਂ ਦੀ ਅਸੈੱਸਮੈਂਟ ਕਰਵਾਈ ਜਾਵੇਗੀ। ਸਕੂਲ ਦਾ ਜੋ ਹਿੱਸਾ ਖਸਤਾ ਹਾਲਤ ਵਿਚ ਹੋਵੇਗਾ ਜਾਂ ਵਰਤੋਂਯੋਗ ਨਹੀਂ ਹੋਵੇਗਾ, ਦਾ ਸੇਫਟੀ ਆਡਿਟ 'ਨੈਸ਼ਨਲ ਸੇਫਟੀ ਕੋਡ' ਤੇ 'ਡਿਜ਼ਾਸਟਰ ਮੈਨੇਜਮੈਂਟ ਗਾਈਡਲਾਈਨਜ਼ ' ਮੁਤਾਬਕ ਕਰਵਾਇਆ ਜਾਣਾ ਲਾਜ਼ਮੀ ਹੈ। ਵਿਭਾਗ ਨੇ ਸਾਫ ਕੀਤਾ ਕਿ ਜੇਕਰ ਸਕੂਲ ਦੀ ਇਮਾਰਤ ਦਾ ਕੋਈ ਹਿੱਸਾ ਅਣਸੁਰੱਖਿਅਤ ਪਾਇਆ ਜਾਂਦਾ ਹੈ ਤਾਂ ਉਸ ਨੂੰ ਡੈਮੋਲਿਸ਼ ਕਰਨ ਲਈ ਵਿਭਾਗੀ ਨਿਯਮਾਂ ਤਹਿਤ ਤੁਰੰਤ ਕਾਰਵਾਈ ਕੀਤੀ ਜਾਵੇ। ਸਾਰੇ ਸਕੂਲ ਮੁਖੀ ਇਹ ਪੂਰੀ ਤਰ੍ਹਾਂ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਜਾਂ ਸਟਾਫ ਮੈਂਬਰ ਅਜਿਹੇ ਅਣਸੁਰੱਖਿਅਤ ਕਮਰਿਆਂ ਵਿਚ ਬਿਲਕੁਲ ਨਾ ਬੈਠੇ। ਇਸ ਦੇ ਨਾਲ ਹੀ ਜ਼ਿਲਾ ਸਿੱਖਿਆ ਅਫਸਰਾਂ ਤੇ ਲੋਕਲ ਅਥਾਰਟੀ ਵੱਲੋਂ ਸਮੇਂ ਸਮੇਂ 'ਤੇ ਸਕੂਲਾਂ ਦਾ ਨਿਰੀਖਣ ਕੀਤਾ ਜਾਵੇਗਾ ਤੇ ਅਣਸੁਰੱਖਿਅਤ ਇਮਾਰਤਾਂ ਦੀ ਰਿਪੋਰਟ ਤੁਰੰਤ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇਗੀ। ਐਮਰਜੈਂਸੀ ਹਾਲਾਤ ਨਾਲ ਨਜਿੱਠਣ ਲਈ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਇਵੈਕਿਊਏਸ਼ਨ ਡ੍ਰਿਲਸ, ਫਸਟਏਡ ਤੇ ਸੇਫਟੀ ਪ੍ਰੋਟੋਕੋਲਸ ਸਬੰਧੀ ਟਰੇਂਡ ਕੀਤਾ ਜਾਵੇਗਾ। ਇਸ ਦੇ ਲਈ ਸਮੇਂ ਸਮੇਂ 'ਤੇ ਲੋਕਲ ਅਥਾਰਟੀਜ਼ ਜਿਵੇਂ ਐੱਨ.ਡੀ.ਐੱਮ.ਏ., ਫਾਇਰ ਸਰਵਿਸ, ਪੁਲਸ ਤੇ ਮੈਡੀਮਲ ਏਜੰਸੀਆਂ ਦੇ ਸਹਿਯੋਗ ਨਾਲ ਸਮੇਂ ਸਮੇਂ 'ਤੇ ਟ?ਰੇਨਿੰਗ ਤੇ ਮਾਕ ਡ੍ਰਿਲਸ ਕੀਤੀਆਂ ਜਾਣਗੀਆਂ। ਫਿਜ਼ੀਕਲ ਸੇਫਟੀ ਦੇ ਨਾਲ ਨਾਲ ਵਿਦਿਆਰਥੀਆਂ ਦੀ ਮੈਂਟਲ ਹੈਲਥ ਤੇ ਇਮੋਸ਼ਨਲ ਵੈੱਲ ਬੀਇੰਗ ਦੇ ਲਈ ਕਾਊਂਸਲਿੰਗ ਸਰਵੀਸਿਜ਼ ਤੇ ਪੀਅਰ ਸਪੋਰਟ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਸੁਰੱਖਿਆ ਦੀ ਇਸ ਮੁਹਿੰਮ ਵਿਚ ਸਕੂਲ ਮੈਨੇਜਮੈਂਟ ਕਮੇਟੀ, ਪੇਰੇਂਟਸ ਤੇ ਲੋਕਲ ਕਮਿਊਨਿਟੀ ਨੂੰ ਵੀ ਜਾਗਰੂਕ ਕੀਤਾ ਜਾਵੇਗਾ।

## ਸਨੇਹਵਾਲ ਦੇ ਮੱਕੀ ਦੇ ਖੇਤ 'ਚੋਂ ਗਲੀ-ਸੜੀ ਲਾਸ਼ ਬਰਾਮਦ, ਨਸ਼ੇ ਦੀ ਓਵਰਡੋਜ਼ ਨਾਲ ਮੌਤ ਦਾ ਖਦਸ਼ਾ

ਸਨੇਹਵਾਲ 31 ਮਈ। ਸਨੇਹਵਾਲ ਇਲਾਕੇ ਵਿੱਚ ਉਸ ਸਮੇਂ ਦਹਿਸ਼ਤ ਅਤੇ ਸਨਸਨੀ ਫੈਲ ਗਈ ਜਦੋਂ ਪੁਰਾਣੇ ਬਾਈਪਾਸ ਨੇੜੇ ਸਥਿਤ ਲੜਕਿਆਂ ਦੇ ਸਰਕਾਰੀ ਹਾਈ ਸਕੂਲ ਦੇ ਬਿਲਕੁਲ ਕੋਲ ਇਕ ਮੱਕੀ ਦੇ ਖੇਤ ਵਿੱਚੋਂ ਇਕ ਅਣਪਛਾਤੇ ਵਿਅਕਤੀ ਦੀ ਬੁਰੀ ਤਰ੍ਹਾਂ ਗਲੀ-ਸੜੀ ਲਾਸ਼ ਬਰਾਮਦ ਹੋਈ। ਲਾਸ਼ ਦੀ ਹਾਲਤ ਇੰਨੀ ਖਰਾਬ ਸੀ ਕਿ ਉਸ ਦੇ ਚਿਹਰੇ 'ਤੇ ਕੀੜੇ ਚੱਲ ਰਹੇ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਖੌਫਨਾਕ ਮਾਮਲੇ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਖੇਤ ਦੇ ਮਾਲਕ ਵਿੱਕੀ ਨੇ ਆਪਣੇ ਖੇਤ ਵਿੱਚ ਇਕ ਲਾਵਾਰਿਸ ਲਾਸ਼ ਪਈ ਦੇਖੀ ਅਤੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਮਾਮਲੇ ਦੀ ਤਫਤੀਸ਼ ਕਰ ਰਹੇ ਏ.ਐੱਸ.ਆਈ. ਗੁਰਮੀਤ ਸਿੰਘ ਨੇ ਦੱਸਿਆ ਕਿ ਲਾਸ਼ ਕਰੀਬ 5 ਤੋਂ 7 ਦਿਨ ਪੁਰਾਣੀ ਪ੍ਰਤੀਤ ਹੁੰਦੀ ਹੈ। ਤੇਜ਼ ਧੁੱਪ ਅਤੇ ਕਈ ਦਿਨ ਬੀਤ ਜਾਣ ਕਾਰਨ ਲਾਸ਼ ਇੰਨੀ ਜ਼ਿਆਦਾ ਖਰਾਬ ਹੋ ਚੁੱਕੀ ਹੈ ਕਿ ਮ੍ਰਿਤਕ ਦੀ ਪਛਾਣ ਕਰਨਾ ਪੁਲਸ ਲਈ ਇਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਪੁਲਸ ਨੇ ਲਾਸ਼ ਨੂੰ ਸ਼ਨਾਖਤ ਲਈ ਲੁਧਿਆਣਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ 72 ਘੰਟਿਆਂ ਲਈ ਰਖਵਾ ਦਿੱਤਾ ਹੈ। ਪੁਲਸ ਅਨੁਸਾਰ, ਇਹ ਇਲਾਕਾ ਸੁਨਸਾਨ ਹੋਣ ਕਾਰਨ ਇੱਥੇ ਅਕਸਰ ਨਸ਼ੇੜੀ ਅਨਸਰਾਂ ਦੀ ਆਵਾਜਾਈ ਰਹਿੰਦੀ ਹੈ। ਅੰਦੇਸ਼ਾ ਜਤਾਇਆ ਜਾ ਰਿਹਾ ਹੈ ਕਿ ਸ਼ਾਇਦ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਜਾਂ ਨਸ਼ੇ ਦਾ ਟੀਕਾ ਲਗਾਉਣ ਕਾਰਨ ਵਿਅਕਤੀ ਦੀ ਮੌਤ ਹੋਈ ਹੋਵੇਗੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ ਕਿ ਇਹ ਨਸ਼ੇ ਨਾਲ ਹੋਈ ਮੌਤ ਹੈ ਜਾਂ ਇਸ ਦੇ ਪਿੱਛੇ ਕੋਈ ਡੂੰਘੀ ਸਾਜ਼ਿਸ਼ ਹੈ।

# 'ਚੰਦਰਯਾਨ-2' ਨੇ ਰਚ'ਤਾ ਇਤਿਹਾਸ ! ਚੰਦਰਮਾ 'ਤੇ ਪਾਣੀ ਤੇ ਬਰਫ਼ ਦੇ ਪੁਖ਼ਤਾ ਸਬੂਤਾਂ ਦੀ ਕੀਤੀ ਖੋਜ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 31 ਮਈ। ਭਾਰਤੀ ਸਪੇਸ ਏਜੰਸੀ 'ਇਸਰੋ' ਦੇ ਚੰਦਰਯਾਨ-2 ਮਿਸ਼ਨ ਨੇ ਚੰਦਰਮਾ ਬਾਰੇ ਇਕ ਹੋਰ ਇਤਿਹਾਸਕ ਖੋਜ ਕੀਤੀ ਹੈ। ਚੰਦਰਯਾਨ-2 ਦੇ ਆਰਬਿਟਰ ਤੋਂ ਮਿਲੇ ਡੇਟਾ ਨੂੰ ਐਨਾਲਾਈਜ਼ ਕਰਨ ਤੋਂ ਬਾਅਦ ਵਿਗਿਆਨੀਆਂ ਨੇ ਚੰਦ ਦੇ ਦੱਖਣੀ ਧਰੁਵ ਦੇ ਨੇੜੇ ਸਤ?ਹਾ ਦੇ ਹੇਠਾਂ ਪਾਣੀ ਤੇ ਬਰਫ਼ ਹੋਣ ਦੇ ਪੁਖ਼ਤਾ ਸਬੂਤ ਮਿਲੇ ਹਨ। ਇਹ ਅਹਿਮ ਖੋਜ ਅਹਿਮਦਾਬਾਦ ਦੇ ਫਿਜ਼ੀਕਲ ਰਿਸਰਚ ਲੈਬਾਰਟਰੀ ਦੇ ਵਿਗਿਆਨੀਆਂ ਵੱਲੋਂ ਕੀਤੀ ਗਈ ਹੈ, ਜਿਸ ਦੀ ਪੁਸ਼ਟੀ ਇਸਰੋ ਨੇ ਆਪਣੀ ਤਾਜ਼ਾ ਪ੍ਰੈੱਸ ਰਿਲੀਜ਼ ਵਿੱਚ ਕੀਤੀ ਹੈ। ਵਿਗਿਆਨੀਆਂ ਮੁਤਾਬਕ ਇਹ ਖੋਜ ਚੰਦ ਦੇ ਸਭ ਤੋਂ ਠੰਢੇ ਅਤੇ ਹਨੇਰੇ ਵਾਲੇ ਹਿੱਸਿਆਂ ਵਿੱਚ ਕੀਤੀ ਗਈ ਹੈ, ਜਿਨ੍ਹਾਂ ਨੂੰ 'ਡਬਲੀ ਸ਼ੈਡੋਡ ਕ੍ਰੇਟਰਸ' ਕਿਹਾ ਜਾਂਦਾ ਹੈ। ਇਹ ਉਹ ਛੋਟੇ ਟੋਏ ਹਨ ਜੋ ਪਹਿਲਾਂ ਹੀ ਵੱਡੇ ਅਤੇ ਹਨੇਰੇ ਟੋਇਆਂ ਦੇ ਅੰਦਰ ਸਥਿਤ ਹਨ। ਇੱਥੇ ਕਦੇ ਵੀ ਸੂਰਜ ਦੀ ਰੌਸ਼ਨੀ ਜਾਂ ਗਰਮੀ ਨਹੀਂ ਪਹੁੰਚਦੀ, ਜਿਸ ਕਾਰਨ ਇੱਥੋਂ ਦਾ ਤਾਪਮਾਨ -248 ਡਿਗਰੀ ਸੈਲਸੀਅਸ ਤੱਕ ਰਹਿੰਦਾ ਹੈ। ਅਜਿਹੇ ਬੇਹੱਦ ਠੰਢੇ ਵਾਤਾਵਰਨ ਵਿੱਚ ਅਰਬਾਂ ਸਾਲਾਂ ਤੋਂ ਬਰਫ਼ ਸੁਰੱਖਿਅਤ ਪਈ ਹੋ ਸਕਦੀ ਹੈ। ਇਸ ਖੋਜ 'ਚ ਚੰਦਰਯਾਨ-2 ਦੇ ਆਰਬਿਟਰ ਵਿੱਚ ਲੱਗੇ ਡੁਅਲ ਫ?ਰੀਕੁਐਂਸੀ ਸਿੰਥੈਟਿਕ ਅਪਰਚਰ ਰਡਾਰ ਨੇ ਮੁੱਖ ਭੂਮਿਕਾ ਨਿਭਾਈ। ਇਹ ਚੰਦ ਦਾ ਅਧਿਐਨ ਕਰਨ ਵਾਲਾ ਦੁਨੀਆ ਦਾ ਪਹਿਲਾ ਮਿਲਣਾ ਇਨਸਾਨ ਲਈ ਬੇਹੱਦ ਮਹੱਤਵਪੂਰਨ ਹੈ। ਇਹ ਖੋਜ ਭਵਿੱਖ ਦੇ ਚੰਦਰਮਾ ਮਿਸ਼ਨਾਂ (ਜਿਵੇਂ ਭਾਰਤ ਦੇ ਆਉਣ ਵਾਲੇ ਚੰਦਰਯਾਨ-



ਪੂਰੀ ਤਰ੍ਹਾਂ ਪੋਲੈਰੀਮੈਟ੍ਰਿਕ ਰਡਾਰ ਹੈ, ਜੋ ਚੰਦ ਦੀ ਸਤ?ਹਾ ਦੇ ਅੰਦਰ ਤੱਕ ਝਾਕਣ ਦੀ ਸਮਰੱਥਾ ਰੱਖਦਾ ਹੈ। ਵਿਗਿਆਨੀਆਂ ਨੇ ਇਸ ਰਡਾਰ ਰਾਹੀਂ ਚਾਰ ਮੁੱਖ ਕ੍ਰੇਟਰਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 'ਫੌਸਟਿਨੀ' ਨਾਂ ਦੇ ਵੱਡੇ ਕ੍ਰੇਟਰ ਦੇ ਅੰਦਰ ਮੌਜੂਦ 1.1 ਕਿਲੋਮੀਟਰ ਚੌੜੇ ਟੋਏ ਵਿੱਚ ਬਰਫ਼ ਹੋਣ ਦੇ ਸਭ ਤੋਂ ਮਜ਼ਬੂਤ ਸੰਕੇਤ ਮਿਲੇ ਹਨ। ਜ਼ਿਕਰਯੋਗ ਹੈ ਕਿ ਚੰਦ 'ਤੇ ਪਾਣੀ ਦੀ ਬਰਫ਼ ਦਾ 5 / ਲੂਪੈਕਸ ਮਿਸ਼ਨ) ਲਈ ਲੈਂਡਿੰਗ ਸਾਈਟਾਂ ਦੀ ਚੋਣ ਕਰਨ ਵਿੱਚ ਮਦਦ ਕਰੇਗੀ। ਇਸ ਬਰਫ਼ ਦੀ ਵਰਤੋਂ ਭਵਿੱਖ ਵਿੱਚ ਪੁਲਾੜ ਯਾਤਰੀਆਂ ਲਈ ਪੀਣ ਵਾਲੇ ਪਾਣੀ, ਆਕਸੀਜਨ ਅਤੇ ਰਾਕੇਟ ਫਿਊਲ ਬਣਾਉਣ ਲਈ ਕੀਤੀ ਜਾ ਸਕੇਗੀ, ਜਿਸ ਨਾਲ ਚੰਦ 'ਤੇ ਲੰਮੇ ਸਮੇਂ ਤੱਕ ਮਨੁੱਖੀ ਬਸਤੀ ਵਸਾਉਣ ਦਾ ਸੁਪਨਾ ਸੱਚ ਹੋ ਸਕਦਾ ਹੈ।

## ਗਲਾਡਾ 'ਚ ਚੀਫ ਬਦਲਦੇ ਹੀ ਐਕਸ਼ਨ ਮੋਡ 'ਚ ਟੀਮ, ਇੱਕੋ ਦਿਨ 'ਚ 5 ਨਾਜਾਇਜ਼ ਕਾਲੋਨੀਆਂ 'ਤੇ ਚੱਲਿਆ 'ਪੀਲਾ ਪੰਜਾ'

**ਕੌਮੀ ਪਤ੍ਰਿਕਾ**

ਲੁਧਿਆਣਾ 31 ਮਈ। ਗਲਾਡਾ ਵਿਚ ਚੀਫ ਬਦਲਦੇ ਹੀ ਰੈਗੂਲੇਟਰੀ ਬ੍ਰਾਂਚ ਦੀ ਟੀਮ ਸਰਗਰਮ ਹੋ ਗਈ ਹੈ, ਜਿਨ੍ਹਾਂ ਵੱਲੋਂ ਸੋਮਵਾਰ ਨੂੰ ਇਕ ਹੀ ਦਿਨ ਵਿਚ 5 ਥਾਵਾਂ 'ਤੇ ਨਾਜਾਇਜ਼ ਕਾਲੋਨੀਆਂ 'ਤੇ ਕਾਰਵਾਈ ਕੀਤੀ ਗਈ। ਮਿਲੀ ਜਾਣਕਾਰੀ ਮੁਤਾਬਕ ਪੁਰਾਣੇ ਸਮੇਂ ਵਿਚ ਰੈਗੂਲਰ ਕਰਵਾਉਣ ਲਈ ਅਪਲਾਈ ਨਾ ਕਰਨ ਵਾਲੇ ਕਾਲੋਨਾਈਜ਼ਰਾਂ ਵੱਲੋਂ ਹੁਣ ਤੱਕ ਵੀ ਨਵੀਆਂ-ਪੁਰਾਣੀਆਂ ਕਾਲੋਨੀਆਂ ਵਿਚ ਡਿਵੈੱਲਪਮੈਂਟ ਜਾਰੀ ਰੱਖਣ ਦੀਆਂ ਸ਼ਿਕਾਇਤਾਂ ਸੀ.ਏ. ਓਜਸਵੀ ਦੇ ਕੋਲ ਵੱਡੀ ਗਿਣਤੀ ਵਿਚ ਪੁੱਜ ਰਹੀਆਂ ਹਨ, ਜਿਨ੍ਹਾਂ ਵੱਲੋਂ ਰੈਗੂਲੇਟਰੀ ਬ੍ਰਾਂਚ ਨੂੰ ਇਸ ਮਾਮਲੇ ਵਿਚ ਜ਼ੀਰੋ ਟਾਲਰੈਂਸ ਅਪਣਾਉਣ ਦੇ ਨਾਲ ਹੀ ਸਰਟੀਫਿਕੇਟ ਦੇਣ ਦੇ ਲਈ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਏਰੀਆ ਵਿਚ ਕੋਈ ਨਾਜਾਇਜ਼ ਕਾਲੋਨੀ ਵਿਕਸਿਤ ਨਹੀਂ ਹੋ ਰਹੀ ਜਿਸ ਤਹਿਤ ਸੋਮਵਾਰ ਨੂੰ ਟੀਮਾਂ ਫੀਲਡ ਵਿਚ ਉਤਰੀਆਂ ਤੇ 5 ਵੱਖ ਵੱਖ ਥਾਵਾਂ 'ਤੇ ਬਣ ਰਹੀਆਂ ਨਾਜਾਇਜ਼ ਕਾਲੋਨੀਆਂ ਵਿਚ ਸੜਕਾਂ, ਪਾਣੀ, ਸੀਵਰੇਜ ਸਿਸਟਮ, ਸਟਰੀਟ ਲਾਈਟਾਂ ਤੇ ਪਾਰਕਾਂ ਦੇ ਨਿਰਮਾਣ ਤੋੜਨ ਦੀ ਕਾਰਵਾਈ ਕੀਤੀ ਗਈ। ਇਨ੍ਹਾਂ ਵਿਚ ਡੇਹਲੋਂ, ਜਸਪਾਲ ਬਾਂਗਰ ਤੇ ਉੱਚੀ ਮੰਗਲੀ ਵਿਚ ਬਣ ਰਹੀਆਂ ਕਾਲੋਨੀਆਂ ਸ਼ਾਮਲ ਹਨ।




ਸੋਮਵਾਰ ਨੂੰ ਗਲਾਡਾ ਦੀ ਡ?ਰਾਈਵ ਨਾਜਾਇਜ਼ ਕਾਲੋਨੀਆਂ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਇਕ ਦਰਜਨ ਨਾਜਾਇਜ਼ ਇਮਾਰਤਾਂ ਵੀ ਤੋੜੀਆਂ ਗਈਆਂ ਜਿਸ ਨੂੰ ਹੁਣ ਨਾਜਾਇਜ਼ ਇਮਾਰਤਾਂ ਖਿਲਾਫ ਗਲਾਡਾ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਮੰਨਿਆ ਜਾ ਰਿਹਾ ਹੈ। ਅਫਸਰਾਂ ਮੁਤਾਬਕ ਇਨ੍ਹਾਂ ਇਮਾਰਤਾਂ ਦੇ ਮਾਲਕਾਂ ਵੱਲੋਂ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਮੰਨਿਆ ਜਾ ਰਿਹਾ ਹੈ। ਅਫਸਰਾਂ ਦੇ ਮੁਤਾਬਕ ਇਨ੍ਹਾਂ ਇਮਾਰਤਾਂ ਦੇ ਮਾਲਕਾਂ ਵੱਲੋਂ ਨਕਸ਼ਾ ਪਾਸ ਨਹੀਂ ਕਰਵਾਇਆ ਗਿਆ ਸੀ ਅਤੇ ਨਾ ਹੀ ਉਨ੍ਹਾਂ ਨੂੰ ਰੈਗੂਲਰ ਕੀਤਾ ਜਾ ਸਕਦਾ ਹੈ ਜਿਸ ਦੇ ਮੱਦੇਨਜ਼ਰ ਰੋਕਣ ਦੇ ਬਾਵਜੂਦ ਨਿਰਮਾਣ ਕਾਰਜ ਜਾਰੀ ਰੱਖਣ ਵਾਲੇ ਮਾਲਕਾਂ ਦੀਆਂ ਇਮਾਰਤਾਂ ਤੋੜ ਦਿੱਤੀਆਂ ਗਈਆਂ ਹਨ। ਨਾਜਾਇਜ਼ ਕਾਲੋਨੀਆਂ ਜਾਂ ਇਮਾਰਤਾਂ ਦੇ ਖਿਲਾਫ ਗਲਾਡਾ ਦੀ ਡ?ਰਾਈਵ ਤਹਿਤ ਉਨ੍ਹਾਂ ਦੇ ਨਿਰਮਾਣ ਤੋੜਨ ਦੇ ਨਾਲ ਹੀ ਪਾਪਰਾ ਐਕਟ ਮੁਤਾਬਕ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਏ.ਸੀ.ਏ. ਵਿਕਾਸ ਹੀਰਾ ਦਾ ਦਾਅਵਾ ਹੈ ਕਿ ਬਿਨਾਂ ਮਨਜ਼ੂਰੀ ਦੇ ਨਾਜਾਇਜ਼ ਉਸਾਰੀ ਕਰਨ ਵਾਲੇ ਕਾਲੋਨਾਈਜ਼ਰਾਂ ਖਿਲਾਫ ਰੈਵੇਨਿਊ ਵਿਭਾਗ ਨੂੰ ਰਿਪੋਰਟ ਭੇਜੀ ਗਈ ਹੈ ਜਿਸ ਵਿਚ ਇਨ੍ਹਾਂ ਕਾਲੋਨੀਆਂ ਦੀ ਰਜਿਸਟਰੀ 'ਤੇ ਰੋਕ ਲਾਉਣ ਦੀ ਸਿਫਾਰਸ਼ ਕੀਤੀ ਗਈ ਹੈ।

## ਭਾਰਤ 'ਚ ਆ ਗਈ ਅਲੂਮੀਨੀਅਮ ਕੈਨਸ ਦੀ ਕਮੀ, 5 ਗੁਣਾ ਮਹਿੰਗੀਆਂ ਹੋਈਆਂ ਤੁਹਾਡੀਆਂ ਪਸੰਦੀਦਾ ਕੋਲਡ ਡ੍ਰਿੰਕਸ

ਬਿਜ਼ਨੈੱਸ ਡੈਸਕ 31 ਮਈ। ਜੇਕਰ ਤੁਸੀਂ ਡਾਈਟ ਕੋਕ ਜਾਂ ਹੋਰ ਕੈਨ ਵਾਲੇ ਕੋਲਡ ਡ੍ਰਿੰਕਸ ਪੀਣ ਦੇ ਸ਼ੌਕੀਨ ਹੋ, ਤਾਂ ਇਹ ਖ਼ਬਰ ਤੁਹਾਡੇ ਹੋਸ਼ ਉਡਾ ਸਕਦੀ ਹੈ। ਭਾਰਤ ਵਿੱਚ ਕੈਨ ਵਾਲੇ ਪੀਣ ਵਾਲੇ ਪਦਾਰਥਾਂ ਦੀ ਭਾਰੀ ਕਿੱਲਤ ਕਾਰਨ, ਆਨਲਾਈਨ ਡਿਲੀਵਰੀ ਐਪਸ 'ਤੇ ਵਿਦੇਸ਼ੀ ਕੇਨਾਂ ਦੀ ਹੜ੍ਹ ਆ ਗਈ ਹੈ, ਜੋ ਕਿ ਅਸਲ ਕੀਮਤ ਤੋਂ 5 ਗੁਣਾ ਮਹਿੰਗੇ ਵੇਚੇ ਜਾ ਰਹੇ ਹਨ। ਬਲਿੰਕਿਟ ਅਤੇ




ਜ਼ੈਪਟੋ ਵਰਗੇ ਪਲੇਟਫਾਰਮਾਂ 'ਤੇ ਜਿੱਥੇ ਭਾਰਤ ਵਿੱਚ ਬਣੇ 330 ਮਿਲੀਲੀਟਰ ਡਾਈਟ ਕੋਕ ਦੇ ਕੇਨ ਦੀ ਕੀਮਤ ਲਗਭਗ 40 ਰੁਪਏ ਹੁੰਦੀ ਹੈ, ਉੱਥੇ ਹੀ ਹੁਣ ਵਿਦੇਸ਼ਾਂ ਤੋਂ ਮੰਗਵਾਏ ਗਏ ਕੇਨ 199 ਰੁਪਏ ਤੋਂ ਲੈ ਕੇ 209 ਰੁਪਏ ਤੱਕ ਵੇਚੇ ਜਾ ਰਹੇ ਹਨ। ਇਸੇ ਤਰ੍ਹਾਂ G Up ਜ਼ੀਰੋ ਸ਼ੂਗਰ ਅਤੇ ਪੈਪਸੀ ਜ਼ੀਰੋ ਸ਼ੂਗਰ ਦੇ ਕੇਨ ਵੀ 200 ਰੁਪਏ ਦੇ ਆਸ-ਪਾਸ ਮਿਲ ਰਹੇ ਹਨ। ਸੂਤਰਾਂ ਮੁਤਾਬਕ, ਭਾਰਤ ਵਿੱਚ ਐਲੂਮੀਨੀਅਮ ਦੇ ਕੇਨਾਂ ਦੀ ਕਿੱਲਤ ਕਾਰਨ ਸਪਲਾਈ ਚੇਨ ਪ੍ਰਭਾਵਿਤ ਹੋਈ ਹੈ। ਖਾਸ ਕਰਕੇ ਡਾਈਟ ਕੋਕ, ਜੋ ਕਿ ਜ਼ਿਆਦਾਤਰ ਕੇਨਾਂ ਵਿੱਚ ਹੀ ਉਪਲਬਧ ਹੁੰਦੀ ਹੈ, ਦੀ ਸਪਲਾਈ ਅਪ੍ਰੈਲ ਦੇ ਅੱਧ ਤੋਂ ਬੰਦ ਪਈ ਹੈ। ਹਾਲਾਂਕਿ ਦਿੱਲੀ, ਮੁੰਬਈ, ਪੁਣੇ ਅਤੇ ਬੈਂਗਲੁਰੂ ਵਰਗੇ ਸ਼ਹਿਰਾਂ ਵਿੱਚ ਪਿਛਲੇ 10 ਦਿਨਾਂ ਤੋਂ ਕੁਝ ਸਪਲਾਈ ਬਹਾਲ ਹੋਈ ਹੈ, ਪਰ ਫਿਰ ਵੀ ਕਮੀ ਬਰਕਰਾਰ ਹੈ। ਇਹ ਵਿਦੇਸ਼ੀ ਕੇਨ ਸਿੱਧੇ ਤੌਰ 'ਤੇ ਕੋਕਾ-ਕੋਲਾ ਜਾਂ ਪੈਪਸੀ ਵਰਗੀਆਂ ਕੰਪਨੀਆਂ ਦੇ ਭਾਰਤੀ ਯੂਨਿਟਾਂ ਰਾਹੀਂ ਨਹੀਂ, ਸਗੋਂ ਸੁਤੰਤਰ ਇੰਪੋਰਟਰਾਂ ਵੱਲੋਂ ਮੰਗਵਾਏ ਜਾ ਰਹੇ ਹਨ। ਭਾਵੇਂ ਇਨ੍ਹਾਂ 'ਤੇ FSSAI ਦੀ ਮੋਹਰ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਮਾਹਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਦੀ ਕੁਆਲਿਟੀ ਕੰਟਰੋਲ ਅਤੇ 'ਬੈਸਟ ਬਿਫੋਰ' (ਐਕਸਪਾਇਰੀ) ਤਰੀਕਾਂ ਦੀ ਜ਼ਿੰਮੇਵਾਰੀ ਸਿਰਫ਼ ਇੰਪੋਰਟਰਾਂ ਦੀ ਹੁੰਦੀ ਹੈ, ਜਿਸ ਕਾਰਨ ਗਾਹਕਾਂ ਲਈ ਖਤਰਾ ਹੋ ਸਕਦਾ ਹੈ। ਕੇਨਾਂ ਦੀ ਕਮੀ ਕਾਰਨ ਕੁਝ ਥਾਵਾਂ 'ਤੇ ਇਸ ਨੂੰ ਕੱਚ ਦੀਆਂ ਬੋਤਲਾਂ ਵਿੱਚ ਵੀ ਵੇਚਿਆ ਜਾ ਰਿਹਾ ਹੈ, ਜਿੱਥੇ 6 ਬੋਤਲਾਂ ਦਾ ਪੈਕ 480 ਤੋਂ 600 ਰੁਪਏ ਤੱਕ ਮਿਲ ਰਿਹਾ ਹੈ। ਦਿੱਲੀ, ਮੁੰਬਈ, ਪੁਣੇ ਅਤੇ ਬੈਂਗਲੁਰੂ ਵਰਗੇ ਮਹਾਨਗਰ ਸਭ ਤੋਂ ਵੱਧ ਪ੍ਰਭਾਵਿਤ ਹਨ। ਹਾਲਾਂਕਿ ਹੁਣ ਕੁਇੱਕ ਕਾਮਰਸ ਚੈਨਲਾਂ 'ਤੇ ਵਿਦੇਸ਼ੀ ਖਾਣ-ਪੀਣ ਦੀਆਂ ਵਸਤੂਆਂ ਤੇਜ਼ੀ ਨਾਲ ਉਪਲਬਧ ਹੋ ਰਹੀਆਂ ਹਨ। ਗਾਹਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਅਜਿਹੇ ਮਹਿੰਗੇ ਉਤਪਾਦ ਖਰੀਦਣ ਵੇਲੇ ਉਨ੍ਹਾਂ ਦੀ ਮਿਆਦ ਅਤੇ ਗੁਣਵੱਤਾ ਦੀ ਚੰਗੀ ਤਰ੍ਹਾਂ ਜਾਂਚ ਕਰ ਲੈਣ।

## ਲੁਧਿਆਣਾ: ਪ੍ਰੀਖਿਆ 'ਚ ਫੇਲ੍ਹ ਹੋਣ ਕਾਰਨ 16 ਸਾਲਾ ਵਿਦਿਆਰਥਣ ਨੇ ਚੁੱਕਿਆ ਖੌਫਨਾਕ ਕਦਮ

**ਏਜੰਸੀਆਂ**

ਲੁਧਿਆਣਾ 31 ਮਈ। ਸ਼ਹਿਰ ਦੇ ਕਾਰਾਬਾਰਾ ਇਲਾਕੇ ਦੇ ਨਾਨਕ ਨਗਰ ਵਿੱਚ ਇੱਕ ਬੇਹੱਦ ਦਰਦਨਾਕ ਘਟਨਾ ਸਾਹਮਣੇ ਆਈ ਹੈ। ਇੱਥੇ 8ਵੀਂ ਜਮਾਤ ਦੀ ਪ੍ਰੀਖਿਆ ਵਿੱਚ ਅਸਫ਼ਲ ਹੋਣ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਇੱਕ 16 ਸਾਲਾ ਕੁੜੀ ਨੇ ਤੇਜ਼ਾਬ ਪੀ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਮੁਸਕਾਨ ਕੁਮਾਰੀ ਵਜੋਂ ਹੋਈ ਹੈ। ਪਰਿਵਾਰਕ ਮੈਂਬਰਾਂ ਅਨੁਸਾਰ, ਮੁਸਕਾਨ ਪੜ੍ਹਾਈ ਵਿੱਚ ਇੱਕ ਸਾਧਾਰਨ ਵਿਦਿਆਰਥਣ ਸੀ, ਪਰ ਕੁਝ ਦਿਨ ਪਹਿਲਾਂ ਐਲਾਨੇ ਗਏ 8ਵੀਂ ਜਮਾਤ ਦੇ ਨਤੀਜੇ ਵਿੱਚ ਫੇਲ੍ਹ ਹੋਣ ਤੋਂ ਬਾਅਦ ਉਹ ਕਾਫੀ ਤਣਾਅ ਵਿੱਚ ਰਹਿਣ ਲੱਗੀ ਸੀ। ਪਰਿਵਾਰ ਨੇ ਦੱਸਿਆ ਕਿ ਨਤੀਜਾ ਆਉਣ ਤੋਂ ਬਾਅਦ ਉਹ ਚੁੱਪ-ਚਾਪ ਰਹਿਣ ਲੱਗੀ ਸੀ ਅਤੇ ਕਿਸੇ ਨਾਲ ਜ਼ਿਆਦਾ ਗੱਲਬਾਤ ਨਹੀਂ ਸੀ ਕਰ ਰਹੀ। ਜਾਣਕਾਰੀ ਅਨੁਸਾਰ 26 ਮਈ ਦੀ ਸ਼ਾਮ ਕਰੀਬ 7 ਵਜੇ ਮੁਸਕਾਨ ਨੇ ਘਰ ਵਿੱਚ ਰੱਖਿਆ ਤੇਜ਼ਾਬ ਪੀ ਲਿਆ। ਹਾਲਤ ਵਿਗੜਨ 'ਤੇ ਪਰਿਵਾਰ ਵਾਲੇ ਉਸ ਨੂੰ ਤੁਰੰਤ ਸੀ.ਐੱਮ.ਸੀ. ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਦਾ ਇਲਾਜ ਸ਼ੁਰੂ ਕੀਤਾ। ਹਾਲਾਂਕਿ, ਉਸ ਦੀ ਹਾਲਤ ਨਾਜ਼ੁਕ ਬਣੀ ਰਹੀ ਤੇ ਵੀਰਵਾਰ ਨੂੰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਦਰੇਸੀ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਜਾਂਚ ਅਧਿਕਾਰੀ ਏ.ਐੱਸ.ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਪੁਲਸ ਅਨੁਸਾਰ ਇਸ ਮਾਮਲੇ ਵਿੱਚ ਧਾਰਾ 174ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਇਹ ਘਟਨਾ ਇੱਕ ਵਾਰ ਫਿਰ ਪ੍ਰੀਖਿਆਵਾਂ ਦੇ ਮਾਨਸਿਕ ਦਬਾਅ ਵੱਲ ਇਸ਼ਾਰਾ ਕਰਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਸਫ਼ਲਤਾ ਦਾ ਡਰ ਅਤੇ ਸਮਾਜਿਕ ਉਮੀਦਾਂ ਬੱਚਿਆਂ ਨੂੰ ਅੰਦਰੋਂ ਤੋੜ ਦਿੰਦੀਆਂ ਹਨ।

### ਭਾਜਪਾ ਆਗੂ ਰਾਜੀਵ ਮਾਣਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ

ਜੰਡਿਆਲਾ ਗੁਰੂ 31 ਮਈ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਮੈਂਬਰ ਅਤੇ ਮਾਣਾ ਜਿਊਲਰਜ਼ ਦੇ ਮਾਲਕ ਰਾਜੀਵ ਕੁਮਾਰ ਮਾਣਾ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸ ਸਬੰਧ 'ਚ ਮਾਣਾ ਇਨਸਾਫ਼ ਨਾ ਮਿਲਣ ਕਰਕੇ ਅਤੇ ਪੁਲਸ ਦੇ ਉੱਚ ਅਧਿਕਾਰੀ ਵੱਲੋਂ ਕੋਈ ਕਾਰਵਾਈ ਨਾ ਕਰਨ 'ਤੇ ਰਾਜੀਵ ਕੁਮਾਰ ਮਾਣਾ ਅਤੇ ਸ਼ਹਿਰ ਵਾਸੀਆਂ ਵੱਲੋਂ ਧਰਨਾ ਦਿੱਤਾ ਗਿਆ। ਇਸ ਦੇ ਨਾਲ ਹੀ ਰੋਸ ਪ੍ਰਗਟਾਉਂਦੇ ਹੋਏ ਬਾਜ਼ਾਰ ਵੀ ਬੰਦ ਰੱਖਿਆ ਗਿਆ। ਰਾਜੀਵ ਕੁਮਾਰ ਮਾਣਾ ਅਤੇ ਗੁਲਸ਼ਨ ਜੈਨ ਨੇ ਦੱਸਿਆ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

## ਹਰਕਤ 'ਚ ਆਇਆ ਫੂਡ ਸੇਫਟੀ ਵਿਭਾਗ, ਕੈਮੀਕਲ ਨਾਲ ਫ਼ਲ ਪਕਾਉਣ ਵਾਲਿਆਂ ਤੇ ਮਿਲਾਵਟਖੋਰਾਂ ਖ਼ਿਲਾਫ਼ ਐਕਸ਼ਨ

**ਕੌਮੀ ਪਤ੍ਰਿਕਾ**

ਲੁਧਿਆਣਾ 31 ਮਈ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮਿਲਾਵਟਖੋਰਾਂ ਅਤੇ ਕੈਮੀਕਲ ਨਾਲ ਫਲ ਪਕਾਉਣ ਵਾਲਿਆਂ ਦੇ ਖਿਲਾਫ ਫੂਡ ਸੇਫਟੀ ਵਿਭਾਗ ਨੇ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਦੇ ਤਹਿਤ ਅੱਜ ਲੁਧਿਆਣਾ ਦੀ ਮੁੱਖ ਸਬਜ਼ੀ ਮੰਡੀ ਵਿਚ ਇਕ ਵੱਡੇ ਪੱਧਰ 'ਤੇ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਅਚਨਚੇਤ ਕਾਰਵਾਈ ਦੌਰਾਨ ਖਾਣ-ਪੀਣ ਦੀਆਂ ਵਸਤੂਆਂ, ਖਾਸ ਕਰਕੇ ਪਨੀਰ ਅਤੇ ਫਲਾਂ ਦੀ ਗੁਣਵੱਤਾ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ, ਜਿਸ ਕਾਰਨ ਮਿਲਾਵਟਖੋਰਾਂ ਵਿਚ ਹੜਕੰਪ ਮਚ ਗਿਆ। ਫੂਡ ਸੇਫਟੀ ਟੀਮ ਦੇ ਮੁੱਖ ਅਧਿਕਾਰੀ ਡਾ. ਆਸ਼ੀਸ਼ ਚਾਵਲਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਮਿਲਾਵਟੀ ਸਾਮਾਨ ਵੇਚੇ ਜਾਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਇਸੇ ਆਧਾਰ 'ਤੇ ਮੰਡੀ ਵਿਚ ਪਨੀਰ ਦੀਆਂ ਸਟਾਲਾਂ ਅਤੇ ਰੇਹੜੀਆਂ ਦੀ ਸਖ਼ਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਇਕ ਡੇਅਰੀ ਸਟਾਲ ਦਾ ਪਨੀਰ ਬਹੁਤ ਸ਼ੱਕੀ ਪਾਇਆ ਗਿਆ, ਜਿਸ ਦਾ ਸੈਂਪਲ ਲੈ ਕੇ ਜਾਂਚ ਲਈ ਸਰਕਾਰੀ ਲੈਬਾਰਟਰੀ ਭੇਜ ਦਿੱਤਾ ਗਿਆ ਹੈ। ਜਨਤਾ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ, ਮੌਕੇ 'ਤੇ ਮੌਜੂਦ ਲਗਭਗ 18 ਕਿੱਲੋ ਸ਼ੱਕੀ ਪਨੀਰ ਨੂੰ



ਤੁਰੰਤ ਨਸ਼ਟ ਕਰਵਾ ਦਿੱਤਾ ਗਿਆ। ਅਧਿਕਾਰੀਆਂ ਨੇ ਸਾਰੇ ਪਨੀਰ ਵਿਕਰੇਤਾਵਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਉਹ ਘਟੀਆ ਖਾਧ ਪਦਾਰਥਾਂ ਦੀ ਵਿਕਰੀ ਬੰਦ ਕਰ ਦੇਣ, ਨਹੀਂ ਤਾਂ ਉਨ੍ਹਾਂ ਵਿਰੁੱਧ 'ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ' ਤਹਿਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਫੂਡ ਸੇਫਟੀ, ਬਾਗਬਾਨੀ ਅਤੇ ਵਾਤਾਵਰਣ ਵਿਭਾਗ ਦੀ ਸਾਂਝੀ ਟੀਮ ਨੇ ਫਲ ਪਕਾਉਣ ਵਾਲੇ ਕੇਂਦਰਾਂ (ਰਾਈਪਨਿੰਗ ਸੈਂਟਰਾਂ) ਅਤੇ ਕੋਲਡ ਸਟੋਰਾਂ 'ਤੇ ਵੀ ਛਾਪੇ ਮਾਰੇ। ਟੀਮ ਨੇ ਵਿਸ਼ੇਸ਼ ਤੌਰ 'ਤੇ ਇਥਾਈਲੀਨ ਗੈਸ ਰਾਹੀਂ ਪਕਾਏ ਜਾ ਰਹੇ ਫਲਾਂ ਦੇ ਸਟਾਕ ਦੀ ਜਾਂਚ ਕੀਤੀ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਫਲਾਂ ਨੂੰ ਜਲਦੀ ਪਕਾਉਣ ਲਈ 'ਕੈਲਸ਼ੀਅਮ ਕਾਰਬਾਈਡ' ਦੀ ਵਰਤੋਂ ਕਰਨਾ ਕਾਨੂੰਨੀ ਅਪਰਾਧ ਹੈ, ਕਿਉਂਕਿ ਇਹ ਕੈਮੀਕਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਕਾਰਨ ਬਣਦਾ ਹੈ। ਭਿਆਨਕ ਗਰਮੀ ਨੂੰ ਦੇਖਦੇ ਹੋਏ ਵਿਭਾਗ ਨੇ ਰੇਹੜੀ ਵਾਲਿਆਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਕੱਟੇ ਹੋਏ ਫਲ ਖੁੱਲ੍ਹੇ ਵਿਚ ਨਾ ਵੇਚਣ, ਕਿਉਂਕਿ ਇਸ ਨਾਲ ਬੈਕਟੀਰੀਆ ਪੈਦਾ ਹੋਣ ਅਤੇ ਡਾਇਰੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਖਤਰਾ ਵੱਧ ਜਾਂਦਾ ਹੈ। ਵਿਭਾਗ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਹਮੇਸ਼ਾ ਤਾਜ਼ੇ ਅਤੇ ਸਾਫ਼-ਸੁਥਰੇ ਫਲ ਹੀ ਖਰੀਦਣ ਅਤੇ ਕਿਸੇ ਵੀ ਸ਼ੱਕੀ ਚੀਜ਼ ਦੀ ਸੂਚਨਾ ਤੁਰੰਤ ਵਿਭਾਗ ਨੂੰ ਦੇਣ।